'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 20 ਪੁਸਤਕ ਲੜੀ : 80 ਜੁਲਾਈ-ਸਤੰਬਰ, 2020

ਸੰਪਾਦਕ:
ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan. org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਬਲਬੀਰ ਪਰਵਾਨਾ
ਡਾ. ਪਰਮਜੀਤ ਕੌਰ ਸਿੱਧੂ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | | |
|---|---|---|
| India | Rs. 75 Per Issue | |
| | Rs. 300 Per Year | |
| | Rs.1500 Per 5 Years | |
| U.K. | £4 Per issue | |
| | £15 Per Year | |
| | £75 Per 5 Years | |
| U.S.A./ | $30 Per Year | |
| Canada | $30 Per Year | |
| | $150 Per 5 Years. | |

ਅੰਦਰ ਪੜ੍ਹੋ:

**ਸੰਪਾਦਕੀ**
* ਕੋਵਿਡ-19, ਪੰਜਾਬੀ ਚਿੰਤਨ ਅਤੇ ਸਿਰਜਣਕਾਰੀ/***ਰਜਨੀਸ਼ ਬਹਾਦਰ ਸਿੰਘ/02***

**ਲੇਖ:**
* ਦੱਖਣ-ਏਸ਼ਿਆਈ ਔਰਤ ਦਾ ਸਮਾਜ ਸਭਿਆਚਾਰਕ ਪ੍ਰਗਟਾਵਾ ***-ਡਾ. ਪਰਮਜੀਤ ਕੌਰ ਸਿੱਧੂ/07***
* ਪੰਜਾਬੀ ਨਾਰੀਵਾਦੀ ਆਲੋਚਨਾ: ਕੁਝ ਅੰਤਰਦ੍ਰਿਸ਼ਟੀਆਂ/***ਡਾ.ਗੁਰਪ੍ਰੀਤ ਕੌਰ ਬਰਾੜ/16***

**ਚਿੰਤਨ**
* ਵਰਗ ਅਧਾਰਤ ਸਮਾਜ ਵਿੱਚ ਭਾਸ਼ਾ ਬਣਤਰ ਦਾ ਸਮਾਜ ਵਿਗਿਆਨਕ ਦਵੰਦ ***-ਵਰਿੰਦਰ ਖੁਰਾਣਾ/27***
* "ਪੰਜਾਬੀ ਨਾਵਲ-ਵਿਰਾਸਤ ਤੇ ਵਰਤਮਾਨ" ਵਿਚਲੀ ਸਮੀਖਿਆ ਦ੍ਰਿਸ਼ਟੀ ***-ਚਰਨਜੀਤ ਸਿੰਘ ਪੱਡਾ/36***
* 'ਦਾਸਤਾਨ': ਸਮਾਜਕ ਸਰਾਪ ਤੋਂ ਮੁਕਤੀ ਦਾ ਸੰਘਰਸ਼/***ਲਖਵੀਰ ਸਿੰਘ/43***

**ਕਹਾਣੀਆਂ:**
* ਤੂੰ ਇੰਜ ਨਾ ਕਰੀਂ../***ਨਿਰੰਜਣ ਬੋਹਾ/54***
* ਜ਼ੀਰਾ-ਆਲੂ/***ਬਲਬੀਰ ਪਰਵਾਨਾ/62***

**ਸਵੈ ਜੀਵਨੀ ਅੰਸ਼**
* ਤਾਂ ਜ਼ਿੰਦਗੀ ਹੋਰ ਹੋਣੀ ਸੀ ***ਹਰਜਿੰਦਰ ਸਿੰਘ ਸੂਰੇਵਾਲੀਆ /72***

**ਗ਼ਜ਼ਲਾਂ**
* ਸੁਰਜੀਤ ਜੱਜ, ਸਤੀਸ਼ ਗੁਲਾਟੀ, ਦਾਦਰ ਪੰਡੋਰਵੀ, ਅਨੂ ਬਾਲਾ/***86-98***

**ਪੁਸਤਕ ਪੜਚੋਲ**/***99-102***

**ਪਾਠਕ ਪ੍ਰਤੀਕਿਰਿਆ**/***103***

☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh ਦੇ ਨਾਂ ਭੇਜੇ ਜਾਣ।

☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।

☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

**ਸੰਪਾਦਕੀ**

# ਕੋਵਿਡ-19, ਪੰਜਾਬੀ ਚਿੰਤਨ ਅਤੇ ਸਿਰਜਣਕਾਰੀ

ਕੋਵਿਡ-19 ਸਾਡੇ ਸਮਿਆਂ ਵਿਚ ਫੈਲੀ ਭਿਆਨਕ ਮਹਾਂਮਾਰੀ ਹੈ। ਇਹ ਵਾਇਰਸ ਚੀਨ ਤੋਂ ਫੈਲਿਆ ਹੈ ਜਾਂ ਉਥੇ ਲੋਕਾਂ ਵਿਚ ਇਸ ਦੇ ਲੱਛਣਾਂ ਦੀ ਪਛਾਣ ਸਭ ਤੋਂ ਪਹਿਲਾਂ ਹੋਈ। ਮਨੁੱਖ ਪ੍ਰਕ੍ਰਿਤੀ ਦਾ ਅਜਿਹਾ ਜੀਵ ਹੈ ਜਿਸ ਨੇ ਆਪਣੀ ਮੌਜੂਦਾ ਪ੍ਰਕ੍ਰਿਤਕ ਹੋਂਦ ਤਕ ਪਹੁੰਚਣ ਲਈ, ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਕਈ ਵਾਇਰਸਾਂ ਨਾਲ ਸੰਘਰਸ਼ ਕਰਕੇ ਆਪਣੀ ਮੌਜੂਦਾ ਹੋਂਦ ਨੂੰ ਬਰਕਰਾਰ ਰੱਖਿਆ ਹੈ। ਜੰਗਲੀ ਜੀਵਾਂ ਸੰਗ ਜੀਵਨ ਬਤੀਤ ਕਰਦੇ ਹੋਏ ਉਹ ਬਾਕੀ ਜਾਨਵਰਾਂ ਦੇ ਵਾਇਰਸ ਤੋਂ ਪ੍ਰਭਾਵਿਤ ਹੁੰਦਾ ਸੀ। ਉਸ ਦੇ ਸਰੀਰ ਦੇ ਤਾਕਤਵਰ ਸੈਲ ਉਸ ਵਾਇਰਸ ਨਾਲ ਲੜਦੇ ਸਨ। ਕਮਜ਼ੋਰ ਪ੍ਰਤੀਰੋਧਕ ਸ਼ਕਤੀ ਵਾਲਾ ਪ੍ਰਾਣੀ ਮਰ ਜਾਂਦਾ ਸੀ ਅਤੇ ਸ਼ਕਤੀਸ਼ਾਲੀ ਪ੍ਰਤੀਰੋਧ ਵਾਲਾ ਬਚ ਜਾਂਦਾ ਸੀ। ਉਸ ਪੜਾਅ ਉੱਤੇ ਮਨੁੱਖ ਉਨ੍ਹਾਂ ਵਸਤਾਂ ਦੀ ਵਰਤੋਂ ਕਰਨ ਨਹੀਂ ਜਾਣਦਾ ਸੀ ਜਿਹੜੀਆਂ ਉਸ ਨੂੰ ਵਾਇਰਸ ਤੋਂ ਬਚਾਅ ਸਕਦੀਆਂ ਸਨ। ਜਿਉਂ-ਜਿਉਂ ਮਨੁੱਖ ਸਭਿਅਤਾ ਦੀਆਂ ਪੌੜੀਆਂ ਚੜ੍ਹਦਾ ਗਿਆ, ਉਹ ਆਪਣੇ ਅਨੁਭਵ ਅਧਾਰਿਤ ਸੰਘਰਸ਼ ਵਿਚੋਂ ਸਿੱਖਦਾ ਚਲਾ ਗਿਆ। ਮੁਢਲੇ ਰੂਪ ਵਿਚ ਉਨ੍ਹਾਂ ਪੱਤਿਆਂ, ਫਲਾਂ ਅਤੇ ਫਿਰ ਜੜ੍ਹਾਂ ਦੀ ਪਛਾਣ ਕੀਤੀ, ਜਿਹੜੀਆਂ ਉਸ ਨੂੰ ਬਿਮਾਰੀਆਂ ਤੋਂ ਬਚਾਅ ਸਕਦੇ ਸਨ। ਇਹ ਵਾਇਰਸ ਹੀ ਬਿਮਾਰੀਆਂ ਦਾ ਅਧਾਰ ਹੈ। ਜਿਉਂ-ਜਿਉਂ ਮਨੁੱਖ ਸਭਿਅਕ ਹੁੰਦਾ ਗਿਆ, ਜਿਥੇ ਉਸ ਨੇ ਜੀਵਨ ਦੀਆਂ ਸੁੱਖ-ਸੁਵਿਧਾਵਾਂ ਜੁਟਾਈਆਂ, ਉਥੇ ਸਿਹਤ ਸਬੰਧੀ ਖੋਜਾਂ ਵਲ ਵੀ ਧਿਆਨ ਦਿੱਤਾ। ਆਧੁਨਿਕ ਯੁੱਗ ਨੇ ਸੁਖ-ਸੁਵਿਧਾਵਾਂ ਵਿਚ ਵਾਧੇ ਲਈ ਮਨੁੱਖ ਅੰਦਰ ਉਨ੍ਹਾਂ ਸਾਧਨਾਂ ਉੱਤੇ ਕਬਜ਼ੇ ਦੀ ਹੋੜ ਲਾ ਦਿੱਤੀ। ਪੂੰਜੀ ਦੇ ਪਾਸਾਰੇ ਅਤੇ ਹਾਬੜ ਨੇ ਮਨੁੱਖ ਨੂੰ ਪੂੰਜੀ ਪੈਦਾ ਕਰਨ ਦਾ ਸੰਦ ਮਾਤਰ ਬਣਾ ਦਿੱਤਾ। ਆਦਿ-ਕਾਲ ਅਤੇ ਮੱਧ-ਯੁੱਗ ਸਮੇਂ ਭੂਮੀ ਹੜੱਪਣ ਦੀ ਦੌੜ ਹੁਣ ਮੰਡੀ ਉੱਤੇ ਕਬਜ਼ੇ ਵਿਚ ਬਦਲ ਗਈ। ਇਹ ਮੰਡੀ ਹਥਿਆਰਾਂ ਤੋਂ ਲੈ ਕੇ ਕਈ ਪ੍ਰਕਾਰ ਦੇ ਕੈਮੀਕਲਾਂ ਤਕ ਫੈਲ ਗਈ। ਇਸ ਲਈ ਖੋਜ ਕਾਰਜਾਂ ਵਿਚ ਵੀ ਹੋੜ ਲੱਗ ਗਈ। ਇਸ ਵਰਤਾਰੇ ਦੇ ਕੇਂਦਰ ਵਿਚ ਪੂੰਜੀ ਦੀ ਹਾਬੜ ਅਤੇ ਧੌਂਸ ਸ਼ਾਮਿਲ ਸੀ। ਇਸ ਵਿਚ ਉਦਾਰਵਾਦੀ ਲੋਕਤੰਤਰ ਤੋਂ ਲੈ ਕੇ ਸਮਾਜਵਾਦੀ ਰਾਜ ਪ੍ਰਬੰਧ ਤਕ ਸ਼ਾਮਿਲ ਹਨ। ਇਸ ਸਥਿਤੀ ਵਿਚੋਂ ਤਾਨਾਸ਼ਾਹੀ ਪ੍ਰਵਿਰਤੀ ਵਾਲੇ ਆਗੂਆਂ ਦੀ ਜਮਾਤ ਸਾਹਮਣੇ ਆ ਰਹੀ ਹੈ। ਅਜਿਹੇ ਸਮੇਂ ਮਨੁੱਖਤਾ ਉੱਤੇ ਆਈ ਆਫ਼ਤ ਲਈ ਸਾਂਝੇ ਸੰਘਰਸ਼ ਦੀ ਥਾਂ ਰਾਜਸੀ ਧਿਰਾਂ ਬਣ ਕੇ ਲੜਾਈ ਲੜੀ ਜਾ ਰਹੀ ਹੈ।

ਕਰੋਨਾ-19 ਬਾਰੇ ਇਹ ਧਾਰਨਾ ਹੈ ਕਿ ਇਸ ਵਾਇਰਸ ਦਾ ਮੁੱਢ ਚੀਨ ਦੇ ਸ਼ਹਿਰ ਵੁਹਾਨ ਤੋਂ ਬੱਝਿਆ। ਪਹਿਲਾ ਕੇਸ ਦਸੰਬਰ 2019 ਵਿਚ ਸਾਹਮਣੇ ਆਇਆ। ਫਿਰ ਚੀਨ ਤੋਂ ਬਾਅਦ ਇਹ ਦੁਨੀਆਂ ਦੇ ਬਾਕੀ ਹਿੱਸੇ ਵਿਚ ਫੈਲਣਾ ਸ਼ੁਰੂ ਹੋਇਆ। ਹੁਣ ਤਕ ਦੁਨੀਆਂ ਵਿਚ ਕਰੋਨਾ ਪ੍ਰਭਾਵਿਤ ਲੋਕਾਂ ਦੀ ਸੰਖਿਆ ਕਰੋੜਾਂ ਅਤੇ ਮਰਨ ਵਾਲਿਆਂ ਦੀ ਸੰਖਿਆ ਲੱਖਾਂ ਵਿਚ ਪਹੁੰਚ ਗਈ ਹੈ। ਅਮਰੀਕਾ ਅਤੇ ਬਰਾਜ਼ੀਲ ਵਿਚ ਇਸ ਦਾ ਕਹਿਰ ਸਭ ਤੋਂ ਵੱਧ ਹੈ। ਭਾਰਤ ਵਿਚ ਵੀ ਇਹ ਤੇਜ਼ੀ ਨਾਲ ਫੈਲ ਰਿਹਾ ਹੈ। ਇਸ ਬਾਰੇ ਕੌਮਾਂਤਰੀ ਰਾਜਨੀਤੀ ਸ਼ੁਰੂ ਹੋ ਗਈ ਹੈ। ਅਮਰੀਕਾ ਦਾ ਪ੍ਰਧਾਨ ਇਸ ਵਾਇਰਸ ਦੇ ਫੈਲਣ ਦਾ ਇਲਜ਼ਾਮ ਚੀਨ ਉੱਤੇ ਲਾ

ਰਿਹਾ ਹੈ। ਕਈ ਭਾਰਤੀ ਬੁੱਧੀਜੀਵੀ ਵੀ ਇਸ ਨੂੰ ਅਮਰੀਕਾ ਦੀ ਆਰਥਿਕਤਾ ਤਬਾਹ ਕਰਨ ਲਈ ਚੀਨ ਦਾ ਅਪ੍ਰੋਖ ਹਮਲਾ ਦੱਸ ਰਹੇ ਹਨ। ਇਹ ਗੱਲ ਸਾਫ਼ ਹੈ ਕਿ ਇਸ ਮਹਾਂਮਾਰੀ ਨੇ ਦੁਨੀਆਂ ਦੀ ਅਰਥ ਵਿਵਸਥਾ ਰਸਾਤਲ ਵੱਲ ਧੱਕ ਦਿੱਤੀ ਹੈ। ਵਿਕਸਤ ਦੇਸ਼ਾਂ ਨੇ ਆਪਣੇ ਦੇਸ਼ਾਂ ਵਿਚ ਲਾਕ ਡਾਊਨ ਲਾਗੂ ਕਰਕੇ ਉਥੋਂ ਦੇ ਲੋਕਾਂ ਦੇ ਖਾਣ-ਪੀਣ ਅਤੇ ਜ਼ਰੂਰੀ ਸੇਵਾਵਾਂ ਵਿਚ ਕੋਈ ਵਿਘਨ ਨਹੀਂ ਪੈਣ ਦਿੱਤਾ। ਇਸ ਦੇ ਬਾਵਜੂਦ ਉੱਥੇ ਰਹਿੰਦੇ ਅਸਥਾਈ ਲੋਕਾਂ ਲਈ ਸਮੱਸਿਆਵਾਂ ਬਰਕਰਾਰ ਹਨ। ਵਿਕਾਸਸ਼ੀਲ ਅਤੇ ਗ਼ਰੀਬ ਦੇਸ਼ਾਂ ਦੀ ਲੋਕਾਈ ਦੀ ਹਾਲਤ ਮਾੜੀ ਹੈ। ਭਾਰਤ ਵਿਚ ਸਥਿਤੀ ਬਹੁਤ ਚਿੰਤਾਜਨਕ ਹੈ। ਇਥੇ ਪਹਿਲਾ ਕੇਸ ਕੇਰਲਾ ਵਿਚ ਜਨਵਰੀ ਵਿਚ ਆਇਆ। ਭਾਰਤ ਸਰਕਾਰ ਨੇ ਮਾਰਚ ਦੇ ਅਖ਼ੀਰ ਵਿਚ ਲਾਕ ਡਾਊਨ ਕਰ ਦਿੱਤਾ। ਇਹ ਅਚਾਨਕ ਐਲਾਨਿਆ ਫੈਸਲਾ ਸੀ। ਇਸ ਨੇ ਸਮੁੱਚੇ ਭਾਰਤ ਦੇ ਜਨ-ਜੀਵਨ ਨੂੰ ਰੋਕ ਦਿੱਤਾ। ਵਿਦਿਅਕ ਅਦਾਰੇ ਬੰਦ ਹੋ ਗਏ। ਸਰਕਾਰੀ, ਗੈਰ ਸਰਕਾਰੀ ਦਫ਼ਤਰ ਬੰਦ ਕਰ ਦਿੱਤੇ ਗਏ। ਛੋਟੀ ਦਸਤਕਾਰੀ ਕਾਰਖਾਨੇ ਬੰਦ ਹੋ ਗਏ। ਛੋਟੇ-ਛੋਟੇ ਦਸਤੀ ਕਾਰੋਬਾਰ, ਰੇਹੜੀ, ਪਟੜੀਆਂ ਉੱਤੇ ਸਾਮਾਨ ਵੇਚਣ ਵਾਲੇ, ਆਵਾਜਾਈ, ਢਾਬੇ, ਰੈਸਟੋਰੈਂਟ ਬੰਦ ਹੋ ਗਏ। ਰੋਜ਼ ਕਮਾ ਕੇ ਖਾਣ ਵਾਲਿਆਂ ਲਈ ਭੁਖਮਰੀ ਦੀ ਸਥਿਤੀ ਬਣ ਗਈ। ਲੱਖਾਂ ਦੀ ਗਿਣਤੀ ਵਿਚ ਮਜ਼ਦੂਰ ਕੰਮ ਬੰਦ ਹੋਣ ਕਰਕੇ ਭੁੱਖੇ ਮਰਨ ਕਰਕੇ ਵੱਡੇ ਸ਼ਹਿਰਾਂ ਤੋਂ ਪੈਦਲ ਹੀ ਆਪਣੇ ਪਿੰਡਾਂ ਵੱਲ ਨੂੰ ਤੁਰ ਪਏ। ਉਨ੍ਹਾਂ ਦੇ ਪੈਰ ਨੰਗੇ, ਸਿਰਾਂ 'ਤੇ ਚੁੱਕਿਆ ਹੋਇਆ ਸਾਮਾਨ, ਗੋਦੀ ਚੁੱਕੇ ਬਾਲ, ਗਰਭਵਤੀ ਔਰਤਾਂ, ਪੁਲਸੀਆਂ ਦੇ ਜਬਰ ਸਹਿੰਦੇ ਹੋਏ ਆਪਣੇ ਉਨ੍ਹਾਂ ਪਿੰਡਾਂ ਨੂੰ ਤੁਰ ਪਏ, ਜਿੱਥੋਂ ਭੁੱਖ ਮਿਟਾਉਣ ਲਈ ਉਹ ਨਵਾਂ ਭਾਰਤ ਬਣਾਉਣ ਲਈ ਆਏ ਸਨ। ਇਸ ਸਮੇਂ ਕੇਂਦਰ ਅਤੇ ਰਾਜ ਸਰਕਾਰਾਂ ਦੀ ਭੂਮਿਕਾ ਬਹੁਤ ਮਾੜੀ ਸੀ। ਗੈਰ-ਭਾਜਪਾਈ ਸਰਕਾਰਾਂ ਪ੍ਰਤੀ ਕੇਂਦਰੀ ਸਰਕਾਰ ਦਾ ਰਵੱਈਆ ਸੰਤੁਲਤ ਨਹੀਂ ਸੀ। ਬਿਹਾਰ ਸਰਕਾਰ ਦਾ ਰਵੱਈਆ ਤਾਂ ਨਿੰਦਣੀ ਹੈ ਹੀ ਸੀ, ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਮਜ਼ਦੂਰ ਵਿਰੋਧੀ ਕਾਨੂੰਨ ਬਣਾਉਣ ਵਿਚ ਦਰਿੰਦਤਾ ਦਿਖਾਈ। ਉੱਤਰ ਪ੍ਰਦੇਸ਼, ਬਿਹਾਰ ਅਤੇ ਛੱਤੀਸਗੜ੍ਹ ਜਾਣ ਵਾਲੇ ਮਜ਼ਦੂਰਾਂ ਦੀ ਸਹਾਇਤਾ ਲਈ ਪਿੰਡਾਂ ਦੀ ਵਸੋਂ ਖਾਸਕਰ ਕਿਸਾਨੀ ਸਾਹਮਣੇ ਆਈ। ਪੰਜਾਬ ਤੋਂ ਜ਼ਰੂਰੀ ਵਸਤਾਂ ਦੀ ਸਪਲਾਈ ਲਈ ਜਾਂਦੇ ਟਰੱਕਾਂ ਨੇ ਕਈ ਮਜ਼ਦੂਰਾਂ ਨੂੰ ਆਪਣੇ ਪਿੰਡਾਂ, ਸ਼ਹਿਰਾਂ ਤਕ ਪਹੁੰਚਣ ਵਿਚ ਸਹਾਇਤਾ ਕੀਤੀ। ਮੁੱਖ ਮਾਰਗਾਂ ਉੱਤੇ ਲੋਕਾਂ ਨੇ ਖਾਣ-ਪੀਣ ਦੀ ਸਹਾਇਤਾ ਕੀਤੀ। ਇਹ ਭਾਰਤੀ ਪਰੰਪਰਾ ਵਿਚ ਪਿਆ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਅਵਚੇਤਨੀ ਵਿਹਾਰ ਸੀ। ਇਹ ਵਿਹਾਰ ਔਖੀ ਘੜੀ ਵਿਚ ਸੰਵੇਦਨਾ ਦੀਆਂ ਸਾਰੀਆਂ ਹੱਦਾਂ ਤੋੜ ਦਿੰਦਾ ਹੈ ਭਾਵੇਂ ਖੇਤ ਮਜ਼ਦੂਰੀ ਤੈਅ ਕਰਦੇ ਹੋਏ ਇਹ ਧਿਰਾਂ ਇਕ ਦੂਜੇ ਦੇ ਆਹਮੋ-ਸਾਹਮਣੇ ਖੜ੍ਹ ਜਾਂਦੀਆਂ ਹਨ। ਪਿੰਡਾਂ ਵਿਚ ਵੱਧ ਰਿਹਾ ਆਰਥਿਕ ਸੰਕਟ ਅਤੇ ਖੇਤ ਮਜ਼ਦੂਰ ਦੀ ਪਰੰਪਰਾਗਤ ਆਰਥਿਕ ਗੁਲਾਮੀ ਉਸ ਨੂੰ ਸ਼ਹਿਰ ਵੱਲ ਤੋਰਦੀ ਹੈ। ਇਸ ਵਿਚ ਉੱਤਰ-ਪੱਛਮੀ ਭਾਰਤ ਵਿਚੋਂ ਛੋਟਾ ਕਿਸਾਨ ਵੀ ਸਨਅਤੀ ਮਜ਼ਦੂਰ ਬਣਨ ਦੀ ਪ੍ਰਕਿਰਿਆ ਵਿਚ ਪੈਂਦਾ ਹੈ ਤਾਂ ਉਹ ਖੁਸ਼ਹਾਲ ਖੇਤਰਾਂ ਵੱਲ ਮਜ਼ਦੂਰੀ ਲਈ ਤੁਰਦਾ ਹੈ। ਕਿਸਾਨੀ ਵਿਹਾਰ ਭਾਰੂ ਰੂਪ ਵਿਚ ਮਾਨਵੀ ਹੁੰਦਾ ਹੈ ਪ੍ਰੰਤੂ ਪੂੰਜੀਪਤੀ, ਸਨਅਤਕਾਰ ਅਤੇ ਵਪਾਰਕ ਅਦਾਰਿਆਂ ਵਿਚ ਕੰਮ ਕਰਦੇ ਮਜ਼ਦੂਰ ਪ੍ਰਤੀ ਉਪਰੋਕਤ ਲੋਕਾਂ ਦਾ ਵਿਹਾਰ ਅਮਾਨਵੀ ਹੁੰਦਾ ਹੈ। ਉਪਰੋਕਤ ਅਦਾਰਿਆਂ ਦੇ ਮਾਲਕਾਂ ਨੇ ਸਨਅਤ ਅਤੇ ਵਪਾਰ ਬੰਦ ਹੁੰਦੇ ਹੀ ਮਜ਼ਦੂਰਾਂ ਨੂੰ ਕੰਮ ਤੋਂ ਬੇਦਖ਼ਲ

ਹੀ ਨਹੀਂ ਕੀਤਾ ਸਗੋਂ ਆਰਥਿਕ ਸਹਾਇਤਾ ਤੋਂ ਸਾਫ਼ ਨਾਹ ਕਰ ਦਿੱਤੀ। ਸ਼ਾਇਦ ਭਾਰਤ ਦੁਨੀਆਂ ਦਾ ਇਕੋ ਦੇਸ਼ ਹੈ ਜਿੱਥੋਂ ਕੋਵਿਡ-19 ਤੋਂ ਪ੍ਰਭਾਵਿਤ ਸਥਿਤੀ ਕਾਰਨ ਮਜ਼ਦੂਰ ਵੱਡੇ ਸਨਅਤੀ ਸ਼ਹਿਰਾਂ ਤੋਂ ਪਿੰਡਾਂ ਵੱਲ ਹਿਜ਼ਰਤ ਕਰਨ ਲਈ ਮਜਬੂਰ ਹੋਇਆ। ਜਿੱਥੇ ਉਹ ਵਾਪਸ ਜਾ ਰਿਹਾ ਸੀ ਉਥੇ ਆਰਥਿਕ ਸੰਕਟ ਪਹਿਲਾਂ ਹੀ ਸਿਖ਼ਰ ਉੱਤੇ ਹੈ, ਪ੍ਰੰਤੂ ਇਸ ਆਸ ਨਾਲ ਤੁਰ ਪਏ ਕਿ ਚਲੋ ਉਥੇ ਆਪਣੀ ਜਿਹੋ ਜਿਹੀ ਵੀ ਹੈ ਛੱਤ ਤਾਂ ਹੈ। ਆਪਣਾ ਭਾਈਚਾਰਾ ਹੈ। ਉਥੇ ਜਾ ਕੇ ਵੀ ਕਈ ਥਾਂ 'ਬਿਮਾਰੀ ਫੈਲਾਉਣ ਆਏ', ਵਰਗੇ ਫ਼ਿਕਰੇ ਸੁਣਨੇ ਪਏ। ਇਹ ਲਾਕ ਡਾਊਨ ਲੰਮਾ ਸਮਾਂ ਨਹੀਂ ਚਲ ਸਕਦਾ ਸੀ। ਆਰਥਿਕਤਾ ਨੂੰ ਗਤੀ ਦੇਣ ਲਈ ਫਿਰ ਕਾਰਖਾਨੇ ਫੈਕਟਰੀਆਂ ਚੱਲਣ ਦੀ ਸੰਭਾਵਨਾ ਬਣੀ। ਹੁਣ ਫੇਰ ਮਜ਼ਦੂਰਾਂ ਦੀ ਲੋੜ ਸੀ। ਹੁਣ ਆਪਣੀ ਗਰਜ਼ ਲਈ ਜਹਾਜ਼ਾਂ ਰਾਹੀਂ ਵੀ ਵਾਪਸ ਬੁਲਾਇਆ ਜਾ ਰਿਹਾ ਹੈ।

ਸੱਤਾ ਵਿਚ ਬੈਠੇ ਲੋਕ ਸੁਰੱਖਿਅਤ ਥਾਵਾਂ ਉੱਤੇ ਦੜੇ ਬੈਠੇ ਹਨ। ਕੇਂਦਰ ਅਤੇ ਰਾਜ ਸਰਕਾਰਾਂ (ਖ਼ਾਸ ਕਰ ਗੈਰ-ਭਾਜਪਾ) ਵਿਚਕਾਰ ਤਾਲਮੇਲ ਦੀ ਵੱਡੀ ਕਮੀ ਹੈ। ਸੰਘੀ ਲਾਣਾ ਇਸ ਮਸਲੇ ਨੂੰ ਵੱਡੀ ਘੱਟ ਗਿਣਤੀ ਦੇ ਵਿਰੁੱਧ ਪ੍ਰਚਾਰ ਰਿਹਾ ਹੈ। ਤਬਲੀਗੀਆਂ ਦੀ ਚਰਚਾ ਗੋਦੀ ਮੀਡੀਏ ਲਈ ਮਸਾਲਾ ਬਣੀ ਹੋਈ ਹੈ ਦਿੱਲੀ ਸਰਕਾਰ ਦੇ ਕੰਮ ਵਿਚ ਲਗਾਤਾਰ ਦਖਲ ਅੰਦਾਜ਼ੀ ਕੀਤੀ ਜਾ ਰਹੀ ਹੈ। ਸਰਕਾਰ ਦੇ ਵਿਰੁੱਧ ਬੋਲਣ ਵਾਲੇ ਬੁੱਧੀਜੀਵੀਆਂ ਨੂੰ ਜੇਲ੍ਹਾਂ ਅੰਦਰ ਤੁੜਿਆ ਜਾ ਰਿਹਾ ਹੈ। ਦਲਿਤ ਚਿੰਤਕ ਆਨੰਦ ਤੇਲਤੁਬੜੇ, ਕਵੀ ਵਾਰਵਰਾ ਰਾਓ, ਡਾਕਟਰ ਕਫ਼ੀਲ ਵਰਗੇ ਹਜ਼ਾਰਾਂ ਵਿਅਕਤੀ ਜੇਲ੍ਹਾਂ ਵਿਚ ਬੰਦ ਹਨ। ਕੇਂਦਰ ਸਰਕਾਰ ਦਾ ਇਕ ਕੈਬਨਿਟ ਮੰਤਰੀ ਇਕ ਚੈਨਲ ਉੱਤੇ ਦਿੱਤੀ ਇੰਟਰਵਿਊ ਵਿਚ ਕੋਵਿਡ-19 ਨੂੰ ਫੈਲਾਉਣ ਲਈ ਚੀਨ ਨੂੰ ਦੋਸ਼ੀ ਦੱਸ ਰਿਹਾ ਹੈ। ਕੌਮਾਂਤਰੀ ਰਾਜਨੀਤੀ ਵਿਚ ਆਪਣੇ ਆਪ ਨੂੰ ਅਮਰੀਕਾ ਨਾਲ ਇਥੋਂ ਤਕ ਨਰੜ ਲੈਣਾ ਕਿ ਆਪਣੇ ਗੁਆਂਢੀਆਂ ਨਾਲ ਸਬੰਧ ਵਿਗਾੜ ਲਏ। ਚੀਨ ਨਾਲ ਇੰਨੀ ਤਣਾਤਣੀ ਵਧ ਗਈ ਕਿ ਜੰਗ ਵਰਗੇ ਹਾਲਾਤ ਬਣ ਰਹੇ ਹਨ। ਨੇਪਾਲ ਵਰਗੇ ਦੇਸ਼ ਅੱਖਾਂ ਵਿਖਾ ਰਹੇ ਹਨ। ਈਰਾਨ ਨੇ ਭਾਰਤ ਨਾਲ ਹੋਇਆ ਵੱਡਾ ਸੌਦਾ ਰੱਦ ਕਰ ਦਿੱਤਾ। ਈਰਾਨ ਨਾਲ ਸਾਡੀ ਸਾਂਸਕ੍ਰਿਤਕ ਲੰਮੀ ਸਾਂਝ ਸੀ। ਅਮਰੀਕਾ ਦਾ ਪ੍ਰਧਾਨ ਅਤੇ ਉਸ ਦੇ ਮੰਤਰੀ ਚੀਨ ਦੇ ਮਸਲੇ ਨੂੰ ਲੈ ਕੇ ਭੜਕਾਊ ਬਿਆਨਬਾਜ਼ੀ ਕਰ ਰਹੇ ਹਨ। ਭਾਰਤ ਵਿਚ ਸ਼ਿਵ ਸੈਨਕਾਂ ਦੇ ਟੋਲੇ ਚੀਨੀ ਕੰਪਨੀਆਂ ਦੇ ਮੋਬਾਇਲ ਜੇਬ ਵਿਚ ਪਾ ਕੇ, ਘਰ ਬਿਜਲਈ ਉਪਕਰਣ ਵਰਤ ਕੇ, ਚੀਨੀ ਸਾਮਾਨ ਦੇ ਬਾਈਕਾਟ ਦਾ ਸੱਦਾ ਦੇ ਰਹੇ ਹਨ। ਸਰਕਾਰ ਨੇ ਚੀਨੀ ਐਪਸ ਬੰਦ ਕਰ ਦਿੱਤੀਆਂ ਹਨ। ਅਜਿਹੀਆਂ ਕਾਰਵਾਈਆਂ ਨਾਲ ਭੜਕਾਹਟ ਵੱਧ ਰਹੀ ਹੈ। ਇਕ ਪਾਸੇ ਸਰਹੱਦਾਂ ਉੱਤੇ ਸੰਕਟ ਨਜ਼ਰ ਆ ਰਿਹਾ ਹੈ ਦੂਜੇ ਪਾਸੇ ਕਰੋਨਾ ਦੇ ਮਰੀਜ਼ਾਂ ਦੀ ਸੰਖਿਆ ਵਧ ਰਹੀ ਹੈ। ਸਰਕਾਰੀ ਸਿਹਤ ਤੰਤਰ ਚਰਮਰਾ ਰਿਹਾ ਹੈ। ਦੇਸ਼ ਦਾ ਜੋ ਵਿਅਕਤੀ ਅਤੇ ਵਿਰੋਧੀ ਪਾਰਟੀ ਸੁਆਲ ਉਠਾਉਂਦਾ ਹੈ, ਉਸ ਨੂੰ ਦੇਸ਼ ਦਾ ਵਿਰੋਧੀ ਗਰਦਾਨ ਦਿੱਤਾ ਜਾਂਦਾ ਹੈ। ਕੋਵਿਡ-19 ਕਰਕੇ ਸਾਰੀਆਂ ਜਥੇਬੰਦੀਆਂ ਦੀਆਂ ਸਰਗਰਮੀਆਂ ਸੀਮਤ ਹੋ ਕੇ ਰਹਿ ਗਈਆਂ ਹਨ। ਸਰਕਾਰੀ ਸਹਾਇਤਾ ਪ੍ਰਾਪਤ ਅਤੇ ਨਿੱਜੀ ਸੰਸਥਾਵਾਂ ਤਬਾਹੀ ਕੰਢੇ ਪਹੁੰਚੀਆਂ ਹੋਈਆਂ ਹਨ। ਵਪਾਰਕ ਪ੍ਰਬੰਧ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਿਆ ਹੈ। ਕੋਵਿਡ-19 ਨਾਲ ਨਿਪਟਣ ਲਈ ਸਮੁੱਚੀ ਦੁਨੀਆਂ ਦੇ ਸਾਇੰਸਦਾਨ ਵੈਕਸੀਨ ਦੀ ਖੋਜ ਵਿਚ ਲੱਗੇ ਹੋਏ ਹਨ। ਸਾਡੇ ਇਕ ਸਰਕਾਰੀ ਬਾਬਾ ਕਰੋਨਾ ਦੇ ਇਲਾਜ ਦਾ ਦਾਅਵਾ ਵੀ ਠੋਕ ਗਿਆ। ਉਸ ਵਿਰੁੱਧ

ਕੋਈ ਕਾਰਵਾਈ ਤਾਂ ਕੀ ਹੋਣੀ ਸੀ ਸਿਰਫ਼ ਸਫਾਈ ਦੇ ਕੇ ਬਚ ਨਿਕਲਿਆ। ਰੋਜ਼ ਪ੍ਰਭਾਵਿਤ ਹੋਣ ਵਾਲਿਆਂ ਅਤੇ ਮਰਨ ਵਾਲਿਆਂ ਦੀ ਗਿਣਤੀ ਦੇਖ ਕੇ ਵਿਅਕਤੀ ਘਬਰਾ ਜਾਂਦਾ ਹੈ। ਸਰਕਾਰਾਂ ਨੂੰ ਛੱਡੋ, ਆਪਣੀ ਜਿੰਮੇਵਾਰੀ ਆਪ ਹੀ ਨਿਭਾਉਣੀ ਪੈਂਦੀ ਹੈ।

ਅਜਿਹੀ ਸਥਿਤੀ ਵਿਚ ਪੰਜਾਬੀ ਚਿੰਤਨ ਦੀ ਸਥਿਤੀ ਆਮ ਤੌਰ ਤੇ ਭਾਰਤੀ ਪਰਿਪੇਖ ਵਿਚ ਸੰਤੋਸ਼ਜਨਕ ਨਹੀਂ ਸੀ। ਸ਼ੋਸਲ ਮੀਡੀਆ ਉਥੇ ਨੀਮ ਗਿਆਨੀਆਂ ਦੀ ਭੀੜ ਨਜ਼ਰ ਆਉਂਦੀ ਹੈ। ਪੰਜਾਬੀ ਸਾਹਿਤ ਚਿੰਤਨ ਨਾਲ ਜੁੜੇ ਬੁੱਧੀਜੀਵੀ ਵੈਬੀਨਾਰਾਂ ਵਿਚ ਲੱਗੇ ਹੋਏ ਹਨ। ਇਨ੍ਹਾਂ ਵੈਬੀਨਾਰਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਦਾਮੋਦਰ ਦਾਸ ਮੋਦੀ ਜੀ ਲੋਕਾਂ ਨੂੰ ਥਾਲੀਆਂ ਖੜਕਾਉਣ ਤੋਂ ਲੈ ਕੇ ਮੋਮਬੱਤੀਆਂ ਜਗਾਉਣ ਦਾ ਸੱਦਾ ਦਿੰਦੇ ਹਨ। ਅਸਲ ਵਿਚ ਇਹ ਹੈ ਕੀ ਹੈ? ਪ੍ਰਧਾਨ ਮੰਤਰੀ ਵੀ ਜਾਣਦਾ ਹੈ ਕਿ ਅਜਿਹਾ ਕਰਨ ਨਾਲ ਕਰੋਨਾ ਖ਼ਤਮ ਨਹੀਂ ਹੋਏਗਾ। ਇਹ ਅਸਲ ਵਿਚ ਰਾਸ਼ਟਰੀ ਸੋਇਮ ਸੰਘ ਦਾ ਸੰਕੇਤ (Caution)ਹੈ। ਉਹ ਜਿਸ ਧਰਮ ਅਧਾਰਿਤ ਰਾਜ ਦੇ ਮਾਡਲ ਉੱਤੇ ਕੰਮ ਕਰ ਰਹੀ ਹੈ, ਉਸ ਵਿਚ ਜਨਤਾ ਵਿਚ ਜਿਸ ਵਿਅਕਤੀ ਨੂੰ ਆਦਰਸ਼ ਵਿਅਕਤੀ ਬਣਾ ਕੇ ਸਥਾਪਿਤ ਕੀਤਾ ਜਾਂਦਾ ਹੈ, ਉਸ ਦੀ ਲੋਕਾਈ ਵਿਚ ਮਾਨਤਾ ਨੂੰ ਸੰਕੇਤਕ ਕਰਨ ਲਈ ਇਹ ਕੀਤਾ ਜਾਂਦਾ ਹੈ। ਪਹਿਲਾਂ ਯੋਗ ਦਿਵਸ ਮੌਕੇ ਦੇਸ਼ ਦੇ ਲੋਕਾਂ ਨੂੰ ਇਕ ਸਮੇਂ ਯੋਗਾ ਕਰਨ ਦਾ ਸੱਦਾ ਦੇਣਾ। ਫਿਰ ਉਸ ਪ੍ਰਭਾਵ ਨੂੰ ਨੋਟ ਕਰਨਾ। ਇਥੋਂ ਤਕ ਅਚਾਨਕ ਨੋਟਬੰਦੀ ਦਾ ਐਲਾਨ, ਇਹੀ ਰਿਹਸਲਾਂ ਨੇ। ਪੰਜਾਬ ਵਿਚ ਇਨ੍ਹਾਂ ਐਕਸ਼ਨਾਂ ਦਾ ਪ੍ਰਭਾਵ ਨਜ਼ਰ ਆਉਂਦਾ ਸੀ। ਕਰੋਨਾ ਦੇ ਜਾਪ ਕਰਨੇ। ਪੰਜਾਬ ਵਿਚ ਬਾਅਦ ਵਿਚ ਪਤਾ ਨਹੀਂ ਹੋਇਆ ਕੀ ਨਹੀਂ ਪ੍ਰੰਤੂ ਹਰਿਆਣਾ ਦੇ ਇਕ ਕਾਲਜ ਦੇ ਪੰਜਾਬੀ ਵਿਭਾਗ ਨੇ ਕਰੋਨਾ ਸੰਕਟ ਦਾ ਹੱਲ ਧਾਰਮਿਕ ਟੈਕਸਟ ਵਿਚੋਂ ਲੱਭਣ ਲਈ ਵੈਬੀਨਾਰ ਉਲੀਕ ਲਿਆ ਸੀ। ਤਰੱਕੀ ਲਈ ਪ੍ਰਮਾਣ-ਪੱਤਰ ਲੈਣ ਲਈ ਕਈ ਪੱਬਾਂ ਭਾਰ ਹੋਈ ਫਿਰਦੇ ਸਨ। ਉਨ੍ਹਾਂ ਨੂੰ ਏਨੀ ਅਕਲ ਨਹੀਂ ਕਿ ਕਰੋਨਾ ਸਮੇਂ ਧਾਰਮਿਕ ਸਥਾਨ ਸੁੰਨੇ ਹੋ ਗਏ ਸਨ। ਰੱਬ ਨਾਲੋਂ ਮੌਤ ਨੇੜੇ ਦਿਖਾਈ ਦੇਣ ਲਗ ਪਈ ਸੀ। ਪਵਿੱਤਰ ਤਲਾਬਾਂ ਅਤੇ ਦਰਿਆਵਾਂ ਦਾ ਪਾਣੀ ਲੋਕਾਂ ਨੇ ਸੈਨੇਟਾਇਜ਼ਰ ਲਈ ਨਹੀਂ ਵਰਤਿਆ। ਵੈਬੀਨਾਰ ਕਰਕੇ ਮੈਨੂੰ ਨਹੀਂ ਪਤਾ ਪੰਜਾਬੀ ਦੇ ਵਿਦਵਾਨ ਕੀ ਤਲਾਸ਼ਦੇ ਸਨ। ਉਂਝ ਵੀ ਇਨ੍ਹਾਂ ਵੈਬੀਨਾਰਾਂ/ਸੈਮੀਨਾਰਾਂ ਦੇ ਡਿਜੀਟਲ ਵਰਜਨ ਨੇ ਵਿਦਵਾਨਾਂ ਦੀ 'ਵਿਦਵਤਾ' ਨੂੰ ਆਮ ਪਾਠਕ ਸਾਹਮਣੇ ਲੈ ਆਂਦਾ। ਇਸ ਦੌਰ ਦੇ ਆਲੋਚਨਾਤਮਕ ਲੇਖਾਂ ਦੇ ਪੈਟਰਨ ਤੋਂ ਲੈ ਕੇ ਵਸਤ ਤਕ ਬਹੁਤਾ ਅੰਤਰ ਨਹੀਂ ਆਇਆ। ਕਰੋਨਾ ਬਾਰੇ ਵਿਚਾਰ ਕੁਝ ਲੇਖਾਂ ਅਤੇ ਰਸਾਲਿਆਂ ਦੀਆਂ ਸੰਪਾਦਕੀਆਂ 'ਚੋਂ ਵੇਖੇ ਜਾ ਸਕਦੇ ਹਨ। ਲਗਦਾ ਸਮੱਸਿਆ ਅਤੇ ਸਾਹਿਤਕ ਵਰਤਾਰੇ ਦੇ ਸਬੰਧ ਨੂੰ ਛੱਡ ਪੰਜਾਬੀ ਦੇ ਵਿਦਵਾਨ ਬਾਕੀ ਸਾਰੇ ਗਿਆਨ ਦੇ ਅਨੁਸ਼ਾਸਨਾਂ ਦੇ ਮਾਹਿਰ ਹਨ।

ਹੁਣ ਆਈਏ ਸਿਰਜਣਕਾਰੀ ਵੱਲ। ਸਿਰਜਣਕਾਰੀ ਦਾ ਵਰਤਾਰਾ ਵਿਅਕਤੀ ਤੋਂ ਸਮੂਹ ਵੱਲ ਫੈਲਦਾ ਹੈ। ਬਾਹਰਮੁਖੀ ਸਥਿਤੀਆਂ ਦੇ ਪ੍ਰਤੱਖਣ ਵਿਚੋਂ ਵਿਚਾਰ ਪੈਦਾ ਹੁੰਦੇ ਹਨ। ਵਿਚਾਰ ਸ਼ਬਦਾਂ ਰਾਹੀਂ ਸਮੂਰਤੀਕਰਨ ਦੇ ਪ੍ਰਗਟਾਵੇ ਵਿਚ ਵਿਕਸਤ ਢਾਂਚੇ ਵਿਚ ਢਲ ਕੇ ਪਾਠਕ ਤਕ ਪਹੁੰਚਦੇ ਹਨ। ਇਹ ਪ੍ਰਗਟਾਵਾ ਸਾਹਿਤ ਅਤੇ ਕਲਾ ਰਾਹੀਂ ਸਾਹਮਣੇ ਆਉਂਦਾ ਹੈ। ਗ਼ਮ, ਪੀੜ ਵਿਅਕਤੀਗਤ ਪ੍ਰਗਟਾਵੇ ਅਤੇ ਖੁਸ਼ੀ ਸਮੂਹਿਕ ਰੂਪ ਵਿਚ ਪ੍ਰਗਟ ਹੁੰਦੀ ਹੈ। ਮਨੁੱਖੀ ਚੇਤਨਾ ਕੁਦਰਤੀ ਅਤੇ ਸਮਾਜਿਕ ਵਰਤਾਰੇ ਦੇ ਸੰਘਰਸ਼ ਵਿਚੋਂ ਇਕ ਬਿੰਬ ਘੜਦੀ

ਹੈ। ਇਹ ਬਿੰਬ ਇਤਿਹਾਸਕ ਅੰਤਰਾਲ ਵਿਚ ਪੈ ਕੇ ਫੈਲਦਾ ਅਤੇ ਸੁੰਘੜਦਾ ਹੈ। ਇਸ ਵਿਚੋਂ ਮਿੱਥ ਪੈਦਾ ਹੁੰਦੀ ਅਤੇ ਫੈਲਦੀ ਹੈ। ਇਸ ਮਿੱਥ ਵਿਚੋਂ ਉਪਜੀ ਸ਼ਖ਼ਸੀਅਤ ਦਾ ਜਦੋਂ ਮਾਨਵੀ ਬਿੰਬ ਸਮੂਰਤ ਹੁੰਦਾ ਹੈ ਉਹ ਹੌਲੀ-ਹੌਲੀ ਫੈਲਦਾ ਅਤੇ ਸਮੇਂ ਨਾਲ ਖੰਡਿਤ ਵੀ ਹੋਣ ਲਗਦਾ ਹੈ। ਭਾਰਤੀ ਮਿੱਥ ਅਤੇ ਦੇਵਤੇ ਇਸੇ ਵਰਤਾਰੇ ਵਿਚੋਂ ਪੈਦਾ ਹੋਏ ਹਨ। ਸਾਡੇ ਲੋਕ ਨਾਚ ਸਮੂਹਿਕ ਪ੍ਰਗਟਾਵੇ ਦਾ ਪ੍ਰਤੀਬਿੰਬ ਹਨ। ਇਸੇ ਤਰ੍ਹਾਂ ਵਿਅਕਤੀਆਂ ਦੇ ਨੇੜਲੇ ਸਬੰਧਾਂ ਵਿਚੋਂ ਅਤੇ ਨਿਹਾਰਨ ਦੇ ਅਨੁਭਵ ਵਿਚੋਂ ਸੁੰਦਰਤਾ ਦਾ ਅਨੁਭਵ ਹੁੰਦਾ ਹੈ। ਸਾਹਿਤ ਅਤੇ ਕਲਾ ਦੇ ਵਰਤਾਰੇ ਇਸ ਦੇ ਆਸ-ਪਾਸ ਰਹਿੰਦੇ ਹਨ। ਪੁਰਾਣੇ ਅਤੇ ਮੱਧਕਾਲੀ ਸਾਹਿਤ ਅਤੇ ਅਧੁਨਿਕ ਸਾਹਿਤ ਵਿਚ ਇਹ ਵਰਤਾਰਾ ਇੰਜ ਹੀ ਚਲਦਾ ਰਿਹਾ। ਭਾਰਤੀ ਸਿਨੇਮਾ ਵਿਚ ਸਾਰੇ ਹੁਲਾਸ ਦੇ ਗੀਤ ਸਮੂਹਿਕਤਾ ਨਾਲ ਜੁੜੇ ਹੋਏ ਹਨ। ਮਸ਼ੀਨੀਕਰਨ ਤੋਂ ਪਹਿਲਾਂ ਖੇਤੀ ਦਾ ਸਾਰਾ ਕੰਮ ਸਾਂਝੀ ਮੁਸ਼ੱਕਤ ਨਾਲ ਜੁੜਿਆ ਹੋਇਆ ਸੀ। ਧਾੜਵੀ ਗਰੁੱਪ ਵਿਚ ਆਉਂਦੇ ਸਨ ਅਤੇ ਪੈਦਲ ਫੌਜ ਅਧੁਨਿਕ ਸਮੇਂ ਵੀ ਸਮੂਹਿਕ ਰੂਪ ਵਿਚ ਲੜਦੀ ਹੈ। ਮੱਧ ਕਾਲ ਦੇ ਕਿੱਸੇ, ਵਾਰਾਂ, ਸਮੂਹਿਕ ਰੂਪਾਂ ਅਤੇ ਸਰੀਰਕ ਨੇੜਤਾ ਨੂੰ ਪ੍ਰਤੀਬਿੰਬਤ ਕਰਨੇ ਹਨ। ਸਾਰੀ ਕਵਿਤਾ ਦੇ ਦੁੱਖ, ਹੁਲਾਸ, ਪੀੜਾ, ਰੁਦਨ, ਸੰਘਰਸ਼ ਦੇਹ ਦੀ ਨੇੜਤਾ ਨਾਲ ਜੁੜੇ ਅਨੁਭਵ ਵਿਚੋਂ ਉਪਜ ਰਹੇ ਹਨ। ਹੁਣ ਇਸ ਸਾਰੇ ਵਰਤਾਰੇ ਨੂੰ ਅਜੇ ਤਾਂ ਫ਼ਰਕ ਨਹੀਂ ਪੈਣਾ ਕਿਉਂਕਿ ਕੁਝ ਸਮੇਂ ਬਾਅਦ ਹਾਲਾਤ ਆਮ ਵਰਗੇ ਹੋ ਜਾਣਗੇ। ਜੇ ਅਜਿਹੇ ਵਾਇਰਸ ਰੂਪ ਬਦਲ ਕੇ ਆਉਣਗੇ ਤਾਂ ਹੋ ਸਕਦਾ ਜੀਵਨ ਪੱਧਤੀ ਵਿਚ ਤਬਦੀਲੀਆਂ ਲੰਮੇ ਸਮੇਂ ਵਿਚ ਸਾਹਿਤ ਅਤੇ ਕਲਾ ਦੇ ਨਵੇਂ ਪੈਟਰਨ ਲੈ ਕੇ ਆਉਣ। ਪੰਜਾਬ ਵਿਚ ਜਿਹੜੀ ਕਵਿਤਾ ਆ ਰਹੀ ਹੈ ਉਹ ਓਪਰੇ ਵਰਤਾਰਿਆਂ ਨੂੰ ਫੜ ਰਹੀ ਹੈ। ਕੋਈ ਇਸ ਵਿਚੋਂ ਰਾਜਸੀ ਅਰਥ ਤਲਾਸ਼ ਰਿਹਾ ਹੈ, ਕੋਈ ਅਖ਼ਬਾਰੀ ਖ਼ਬਰਾਂ ਤੇ ਅਧਾਰਿਤ ਕਰੁਣਾ ਦਾ ਚਿੱਤਰ ਪੇਸ਼ ਕਰ ਰਿਹਾ ਹੈ। ਇਹ ਫੌਰੀ ਪ੍ਰਭਾਵ ਹਨ ਜਿਹੜੇ ਮਾੜੇ ਕਾਵਿ-ਭਾਸ਼ਾ ਜਾਂ ਭਾਵੁਕ ਮੁਹਾਵਰੇ ਰਾਹੀਂ ਪੇਸ਼ ਹੋ ਰਹੇ ਹਨ। ਕਹਾਣੀ ਵਿਚ ਜ਼ਿਕਰ ਸ਼ੁਰੂ ਹੋਇਆ ਹੈ ਪ੍ਰੰਤੂ ਹੁਣ ਦੀ ਕਵਿਤਾ ਵਾਲੇ ਮੁਹਾਵਰੇ ਦੇ ਆਸ-ਪਾਸ ਹੈ। ਸਾਹਿਤ ਸਿਰਜਣਾ ਨਾਲ ਜੁੜੇ ਬਹੁਤੇ ਲੇਖਕ ਇਸ ਨੂੰ ਮੌਕਾ ਸਮਝ ਕੇ ਵਰਤ ਰਹੇ ਹਨ। ਇਸ ਨੂੰ ਫੈਸ਼ਨੀ ਸਾਹਿਤ ਦੇ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ। ਜਿੰਨੀਆਂ ਪ੍ਰਵਿਰਤੀਆਂ ਸਾਡੇ ਸਿਰਜਣੀ ਵਰਤਾਰੇ ਵਿਚ ਪੈਦਾ ਹੋਈਆਂ ਹਨ, ਲਗਪਗ ਸਾਰੇ ਲੇਖਕ ਉਸ ਵਿਚ ਵਹਿ ਤੁਰੇ ਹਨ। ਧਰਮ, ਸੁਧਾਰ, ਪ੍ਰਗਤੀ ਤੋਂ ਲੈ ਕੇ ਘਟਨਾਵਾਂ ਮੂਲਕ ਪ੍ਰਵਿਰਤੀਆਂ ਵਿਚੋਂ ਵੀ ਅਜਿਹਾ ਸਾਹਿਤ ਪੈਦਾ ਹੁੰਦਾ ਰਿਹਾ ਹੈ। ਕਰੋਨਾ 'ਤੇ ਅਧਾਰਿਤ ਜੇ ਹਾਲਾਤ ਠੀਕ ਹੋ ਗਏ ਤਾਂ ਸੈਮੀਨਾਰਾਂ ਦਾ ਹੜ੍ਹ ਆ ਜਾਣਾ। ਜੇ ਇਹ ਕੁਝ ਦਹਾਕੇ ਪਹਿਲਾਂ ਵਾਪਰ ਜਾਂਦਾ ਤਾਂ ਦਿਲੀਓਂ ਤੁਰੀਆਂ ਵਿਦਵਤਾ ਨਾਲ ਭਰੀਆਂ ਕੂੰਜਾਂ ਆਪਣੇ ਸਥਾਨਕ ਬੱਚਿਆਂ ਦੀ ਸਹਾਇਤਾ ਨਾਲ ਕੁਰਲਾਂਦੇ ਫਿਰਨਾ ਸੀ। ਲੋਕਾਂ ਦੇ ਟੈਕਸ ਦਾ ਪੈਸਾ ਸਰਕਾਰੀ ਅਦਾਰਿਆਂ ਰਾਹੀਂ ਬਰਬਾਦ ਹੋਣਾ ਸੀ। ਜਿਹੜਾ ਵਿਚਾਰਾ ਰਹਿ ਜਾਂਦਾ ਉਹਨੇ ਮੱਠਧਾਰੀ ਵਿਦਵਾਨਾਂ ਨੂੰ ਕਹਿਣਾ ਸੀ, "ਕੀ ਗੱਲ ਡਾਕਟਰ ਸਾਹਿਬ ਕਦੀ ਯਾਦ ਹੀ ਨਹੀਂ ਕਰਦੇ।" ਖ਼ੈਰ ਹਾਲ ਦੀ ਘੜੀ ਕਰੋਨਾ ਇਸ ਤੋਂ ਬਚਿਆ ਜਾਵੇ।

**-ਰਜਨੀਸ਼ ਬਹਾਦਰ ਸਿੰਘ**

# ਦੱਖਣ-ਏਸ਼ਿਆਈ ਔਰਤ ਦਾ ਸਮਾਜ ਸਭਿਆਚਾਰਕ ਪ੍ਰਗਟਾਵਾ
## (ਪੰਜਾਬੀ ਨਾਰੀ ਕਹਾਣੀ ਦੇ ਵਿਸ਼ੇਸ਼ ਪ੍ਰਸੰਗ ਵਿੱਚ)

-ਡਾ. ਪਰਮਜੀਤ ਕੌਰ ਸਿੱਧੂ

ਸਿਧਾਂਤਕ ਪੱਧਰ ਉੱਤੇ ਜੈਵਿਕ ਮਨੁੱਖ ਤੋਂ ਸਮਾਜਿਕ ਮਨੁੱਖ ਦੇ ਵਿਕਾਸ ਦਾ ਵਰਤਾਰਾ ਸਾਰੀ ਦੁਨੀਆਂ ਵਿੱਚ ਲੱਗਭੱਗ ਇੱਕੋ-ਜਿਹੀਆਂ ਸਥਿਤੀਆਂ ਵਿੱਚੋਂ ਗੁਜ਼ਰਿਆ ਹੈ। ਕਬੀਲਾ ਸਮਾਜ ਤੋਂ ਲੈ ਕੇ ਪੂੰਜੀਵਾਦ ਦੇ ਵੱਖ-ਵੱਖ ਪੜਾਵਾਂ ਵਿੱਚੋਂ ਹੋ ਕੇ ਸਮਾਜਵਾਦ ਦੇ ਵੱਖ-ਵੱਖ ਮਾਡਲਾਂ ਤੱਕ, ਮਨੁੱਖੀ ਸਬੰਧਾਂ ਅਤੇ ਉਸਦੇ ਸਭਿਆਚਾਰਕ ਪ੍ਰਗਟਾਵੇ ਦੀ ਸਥਿਤੀ ਨਿਸ਼ਚਿਤ ਪੜਾਵਾਂ ਵਿੱਚੋਂ ਗੁਜ਼ਰਦੀ ਰਹੀ ਹੈ। ਇਹਨਾਂ ਪੜਾਵਾਂ ਵਿੱਚ ਪੈਦਾਵਾਰ ਦੇ ਸਾਧਨ, ਪੈਦਾਵਾਰੀ ਸਬੰਧਾਂ ਦਾ ਆਧਾਰ ਬਣਦੇ ਰਹੇ ਹਨ। ਇਹ ਪੈਦਾਵਾਰੀ ਸਬੰਧ ਇੱਕ ਪੜਾਅ ਉੱਤੇ ਪਹੁੰਚ ਕੇ ਜਮਾਤੀ ਸਬੰਧਾਂ ਵਿੱਚ ਪਰਿਵਰਤਿਤ ਹੋ ਗਏ। ਇਹਨਾਂ ਸਬੰਧਾਂ ਦਾ ਆਧਾਰ ਜਮਾਤ ਦੇ ਨਾਲ-ਨਾਲ ਸਮਾਜਿਕ ਵੱਖਰਤਾਵਾਂ ਵਿੱਚ ਵੀ ਤਬਦੀਲ ਹੋ ਗਿਆ।

ਪ੍ਰਕ੍ਰਿਤਕ ਰੂਪ ਵਿੱਚ ਵੰਡ ਦਾ ਇੱਕ ਮੁੱਖ ਆਧਾਰ ਜੈਂਡਰ-ਵੰਡ ਵਿੱਚ ਵੀ ਮੌਜੂਦ ਹੈ। ਔਰਤ ਅਤੇ ਮਰਦ ਪ੍ਰਕ੍ਰਿਤੀ ਦੇ ਨਰ ਅਤੇ ਮਾਦਾ ਦਾ ਅਤਿ ਵਿਕਸਤ ਰੂਪ ਹਨ। ਇਹਨਾਂ ਨੇ ਜੈਵਿਕਤਾ ਤੋਂ ਸਮਾਜਿਕਤਾ ਤੱਕ ਦਾ ਲੰਮਾ ਸਫ਼ਰ ਤੈਅ ਕੀਤਾ ਹੈ। ਇਸ ਲੰਮੇ ਸਫ਼ਰ ਵਿੱਚ ਸਮਾਜਿਕ ਵਿਕਾਸ ਦੇ ਇੱਕ ਖਾਸ ਪੜਾਅ ਉੱਤੇ ਪਹੁੰਚ ਕੇ ਮਰਦ ਨੇ ਬਾਕੀ ਸਾਰੇ ਵਰਤਾਰਿਆਂ ਵਾਂਗ ਔਰਤ ਉੱਤੇ ਵੀ ਜਾਇਦਾਦ ਦੀਆਂ ਬਾਕੀ ਸੰਸਥਾਵਾਂ ਵਾਂਗ ਆਪਣਾ ਅਧਿਕਾਰ ਸਥਾਪਿਤ ਕਰ ਲਿਆ ਅਤੇ ਫਿਰ ਇਸ ਅਧਿਕਾਰ ਨੂੰ ਸਭਿਆਚਾਰ ਅਤੇ ਸੰਸਕ੍ਰਿਤੀ ਦੇ ਸਾਰੇ ਅੰਗਾਂ, ਉਪਅੰਗਾਂ ਰਾਹੀਂ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ। ਇਸ ਵਰਤਾਰੇ ਵਿੱਚ ਸਿਧਾਂਤ ਅਤੇ ਇਸ ਦੀ ਕਾਰਜ-ਵਿਧੀ ਦੀ ਗਤੀਸ਼ੀਲਤਾ ਵਿੱਚ ਸਭਿਅਤਾ ਦੇ ਵੱਖੋ-ਵੱਖਰੇ ਖਿੱਤਿਆਂ ਵਿੱਚ ਅੰਤਰ ਮੌਜੂਦ ਹਨ। ਯੂਰਪ, ਅਫ਼ਰੀਕਾ, ਲੈਟਿਨ ਅਮਰੀਕਾ ਅਤੇ ਏਸ਼ੀਆ ਵਿੱਚ ਵਿਕਾਸ ਦੀ ਗਤੀਸ਼ੀਲਤਾ ਵਿੱਚ ਵੱਡੇ ਅੰਤਰ ਹਨ। ਯੂਰਪ ਵਿੱਚ ਵਿਕਾਸ ਪੜਾਵਾਂ ਦੀ ਗਤੀ ਬਾਕੀ ਖਿੱਤਿਆਂ ਨਾਲੋਂ ਵਧੇਰੇ ਤੇਜ ਰਹੀ ਹੈ। ਯੂਰਪ ਦੇ ਕਠਿਨ ਮੌਸਮ ਨੇ ਨਵੀਆਂ ਕਾਢਾਂ ਲਈ ਰਸਤਾ ਹੀ ਨਹੀਂ ਖੋਹਲਿਆ, ਸਗੋਂ ਯੂਰਪ ਸਨਅਤੀ ਵਿਕਾਸ ਦੀ ਗਤੀ ਦਾ ਮਾਡਲ ਵੀ ਬਣ ਗਿਆ। ਇਸ ਤਰ੍ਹਾਂ ਯੂਰਪ ਸਨਅਤੀਕਰਨ ਕਾਰਨ ਤਰਕਵਾਦੀ ਚਿੰਤਨ ਦਾ ਵੀ ਆਧਾਰ ਬਣ ਗਿਆ। ਇਹ ਆਧੁਨਿਕ ਚੇਤਨਾ ਹੀ ਦੁਨੀਆਂ ਵਿਚਲੇ ਬਸਤੀਵਾਦ ਵਿਰੋਧੀ ਅੰਦੋਲਨਾਂ ਦਾ ਆਧਾਰ ਬਣੀ। ਇਸੇ ਚੇਤਨਾ ਨੇ ਵਿਅਕਤੀ ਤੋਂ ਲੈ ਕੇ ਸਮੂਹਿਕ ਗਰੁੱਪਾਂ ਦੀ ਆਜ਼ਾਦੀ ਲਈ ਸਪੇਸ ਪੈਦਾ ਕੀਤੀ। ਇਸ ਚੇਤਨਾ ਵਿੱਚੋਂ ਹੀ ਨਾਰੀ ਮੁਕਤੀ ਅੰਦੋਲਨ, ਨਾਰੀ ਚੇਤਨਾ ਅਤੇ ਉਸ ਚੇਤਨਾ ਨਾਲ ਜੁੜਿਆ ਸੰਵਾਦ ਪੈਦਾ ਹੋਇਆ। ਭਾਰਤ ਵਿੱਚ ਨਾਰੀ ਚੇਤਨਾ, ਉਸ ਨਾਲ ਜੁੜੇ ਸਾਹਿਤ ਅਤੇ ਕਲਾ ਦੇ ਰੂਪ ਇਸੇ ਚੇਤਨੀ ਵਰਤਾਰੇ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦੇ ਹਨ।

ਏਸ਼ੀਆ ਸੰਸਾਰ ਦਾ ਸਭ ਤੋਂ ਮਹੱਤਵਪੂਰਨ ਅਤੇ ਵਿਲੱਖਣ ਖਿੱਤਾ ਹੈ। ਆਦਿ ਕਾਲ ਤੋਂ ਹੀ ਏਸ਼ੀਆਈ ਖਿੱਤੇ ਵਿੱਚ ਵਿਕਸਤ ਹੋਈਆਂ ਸਭਿਅਤਾਵਾਂ ਚਿੰਤਨ ਦੇ ਵੱਡੇ ਕੇਂਦਰ ਰਹੀਆਂ

ਪੰਜਾਬੀ ਵਿਭਾਗ, ਕੁਰਕਸ਼ੇਤਰਾ ਯੂਨੀਵਰਸਿਟੀ, ਕੁਰਕਸ਼ੇਤਰ

ਹਨ। ਗਿਆਨ ਦੇ ਪੱਖੋਂ ਜਦੋਂ ਯੂਰਪ ਬਹੁਤ ਪਿੱਛੇ ਸੀ, ਉਸ ਸਮੇਂ ਸਿੰਧ ਘਾਟੀ ਦੀ ਸਭਿਅਤਾ ਅਤੇ ਮੈਸੋਪੋਟਾਮੀਆਂ ਦੀਆਂ ਸਭਿਅਤਾਵਾਂ ਗਿਆਨ ਦੇ ਵੱਡੇ ਕੇਂਦਰ ਸਨ। ਏਸ਼ੀਆ ਦਾ ਗਿਆਨ ਸੰਸਕ੍ਰਿਤ ਤੋਂ ਸ਼ੁਰੂ ਹੋ ਕੇ ਅਰਬੀ-ਫ਼ਾਰਸੀ ਰਾਹੀਂ ਯੂਨਾਨ ਤੱਕ ਪਹੁੰਚਿਆ ਅਤੇ ਫਿਰ ਯੂਰਪ ਤੱਕ ਫੈਲ ਗਿਆ। ਹੁਣ ਤੱਕ ਹੋਈ ਖੋਜ ਅਨੁਸਾਰ 'ਰਿਗਵੇਦ' ਦੁਨੀਆਂ ਦੀ ਸਭ ਤੋਂ ਪਹਿਲੀ ਵਿਚਾਰ ਸੰਗਠਿਤ ਟੈਕਸਟ ਹੈ। 'ਰਮਾਇਣ' ਤੇ 'ਮਹਾਂਭਾਰਤ' ਵਰਗੇ ਮਹਾਂਕਾਵਿ ਏਸ਼ੀਆਈ ਖਿੱਤੇ ਦੇ ਵਿਲੱਖਣ ਗ੍ਰੰਥ ਹਨ। ਸਮੁੱਚੇ ਏਸ਼ੀਆ ਵਿੱਚ ਇਨ੍ਹਾਂ ਦੀਆਂ ਕਈ ਪਰਤਾਂ ਤੇ ਪਾਸਾਰ ਮਿਲਦੇ ਹਨ। ਏਸ਼ੀਆ ਦੇ ਮਨੁੱਖ ਅਨੁਕੂਲ ਵਾਤਾਵਰਣ, ਭੂਗੋਲਿਕ ਵੱਖਰਤਾਵਾਂ, ਉਪਜਾਊ ਧਰਤੀ, ਦਰਿਆਵਾਂ ਦੇ ਵਹਿਣ ਨੇ ਜੀਵਨ ਦੀ ਸਹਿਜ ਗਤੀ ਅਤੇ ਅਨੁਭਵਮਈ ਦਰਸ਼ਨ ਲਈ ਸਪੇਸ ਪੈਦਾ ਕਰ ਦਿੱਤੀ। ਇਸ ਸਹਿਜ ਗਤੀ ਕਾਰਨ ਹੀ ਏਸ਼ੀਆ ਵਿੱਚ ਸਮਾਜਿਕ ਵਿਕਾਸ ਦੀ ਗਤੀ ਯੂਰਪ ਦੇ ਮੁਕਾਬਲੇ ਧੀਮੀ ਹੋ ਗਈ। ਇਸ ਸਹਿਜ ਗਤੀ ਜੀਵਨ ਅਤੇ ਅਨੁਭਵਮੁਖੀ ਦਰਸ਼ਨ ਕਾਰਨ ਆਤਮਾ ਦੀ ਅਮਰਤਾ, ਦੈਹਿਕਤਾ ਤੋਂ ਬੇਮੁਖਤਾ, ਭਾਗਵਾਦ ਤੇ ਮੋਕਸ਼ ਵਰਗੇ ਸੰਕਲਪ ਦਰਸ਼ਨ ਉੱਤੇ ਹਾਵੀ ਹੋ ਗਏ। ਜਾਦੂਈ ਦਰਸ਼ਨ ਤੋਂ ਸ਼ੁਰੂ ਹੋ ਕੇ ਤਰਕਵਾਦ ਦੇ ਵਿਗਿਆਨਕ ਆਧਾਰਾਂ ਤੱਕ ਪਹੁੰਚਦੇ-ਪਹੁੰਚਦੇ ਜਾਦੂਈ ਦਰਸ਼ਨ ਅਤੇ ਧਰਮ ਦੇ ਦਰਸ਼ਨ ਦੀ ਉਮਰ ਬਾਕੀ ਸਮਾਜਾਂ ਅਤੇ ਸਭਿਅਤਾਵਾਂ ਨਾਲੋਂ ਲੰਮੀ ਹੋ ਗਈ। ਇਸ ਲਈ ਜਗੀਰਦਾਰੀ ਵਿਵਸਥਾ ਅਤੇ ਇਸ ਪ੍ਰਬੰਧ ਉੱਪਰ ਉਸਰੀਆਂ ਸੰਸਥਾਵਾਂ ਹੌਲੀ-ਹੌਲੀ ਇੱਕ ਸੰਸਕ੍ਰਿਤੀ ਵਿੱਚ ਪਰਿਵਰਤਿਤ ਹੋ ਗਈਆਂ। ਇਸ ਸੰਸਕ੍ਰਿਤੀ ਨੇ ਸਮਾਜਿਕ ਪਾੜੇ ਵਿੱਚ ਵਾਧਾ ਅਤੇ ਹਾਸ਼ੀਆਗਤ ਧਿਰਾਂ ਲਈ ਥਾਂ ਮੋਕਲੀ ਕਰ ਦਿੱਤੀ। ਸਮੁੱਚੇ ਏਸ਼ੀਆ ਵਿੱਚੋਂ ਦੱਖਣੀ ਏਸ਼ੀਆ ਅਤੇ ਮੱਧ-ਪੂਰਵ ਏਸ਼ੀਆ ਵਿੱਚ ਸਥਿਤੀ ਪੂਰਬੀ ਏਸ਼ੀਆ ਤੋਂ ਵੱਖਰੀ ਸੀ।

ਦੱਖਣੀ ਏਸ਼ੀਆ ਦੇ ਭਾਰਤੀ ਉਪ-ਮਹਾਂਦੀਪ ਵਿੱਚ ਭਾਰਤੀ ਦਰਸ਼ਨ ਅਰਥਾਤ ਵੈਦਿਕ ਪਰੰਪਰਾ ਨੇ ਹਾਸ਼ੀਆਗਤ ਧਿਰਾਂ ਨੂੰ ਸ਼ਾਸਤਰਾਂ ਰਾਹੀਂ ਸਮਾਜਿਕ ਸੰਸਕ੍ਰਿਤੀ ਦਾ ਹਿੱਸਾ ਬਣਾ ਦਿੱਤਾ। ਮਰਦ ਦੀ ਪ੍ਰਭੂਸੱਤਾ ਇਸ ਦੇ ਕੇਂਦਰ ਵਿੱਚ ਸੀ। ਇਸ ਪ੍ਰਭੂਸੱਤਾ ਵਾਲੀ ਸੰਸਕ੍ਰਿਤੀ ਦੇ ਵਿਰੋਧ ਵਿੱਚ ਇੱਕ ਵਿਰੋਧੀ ਸੰਵਾਦ ਨਿਰੰਤਰ ਜਾਰੀ ਰਿਹਾ। ਇਸ ਸੰਵਾਦੀ ਧਿਰ ਵਿੱਚੋਂ ਹੀ ਸਾਮੀ ਸਭਿਅਤਾ ਵਿੱਚੋਂ ਪੈਦਾ ਹੋਇਆ ਇਸਲਾਮੀ ਚਿੰਤਨ ਵਾਲਾ ਸੰਵਾਦ ਸੀ। ਇਹ ਸੰਵਾਦ ਰਾਜਸੀ ਖੇਤਰ ਤੋਂ ਲੈ ਕੇ ਦਰਸ਼ਨ ਤੱਕ ਫੈਲਿਆ ਹੋਇਆ ਸੀ। ਰਾਜਸੀ ਖੇਤਰ ਵਿੱਚ ਵਿਰੋਧ ਅਤੇ ਦਰਸ਼ਨ ਦੇ ਖੇਤਰ ਵਿੱਚ ਸੰਵਾਦਮੁਖੀ ਸਮਨਵੈ ਮੌਜੂਦ ਸੀ। ਇਹ ਸਮਨਵੈ ਸੂਫ਼ੀਆਂ ਅਤੇ ਭਗਤੀ ਲਹਿਰ ਦੇ ਆਪਸੀ ਸਬੰਧਾਂ ਵਿੱਚੋਂ ਪੈਦਾ ਹੋਇਆ :

> *ਭਾਰਤ ਵਿੱਚ ਇਸਲਾਮ ਦੇ ਦੋ ਰੂਪ ਪ੍ਰਗਟ ਹੋਏ। ਮੁਸਲਮਾਨ ਸ਼ਾਸਕ ਹਿੰਦੂਆਂ ਦੇ ਦੁਸ਼ਮਣ, ਮੰਦਿਰਾਂ ਦੇ ਭੰਜਕ ਅਤੇ ਮੂਰਤੀਆਂ ਦੇ ਦੁਸ਼ਮਣ ਸਨ। ਪ੍ਰੰਤੂ ਮੁਸਲਮਾਨ ਸੂਫ਼ੀ ਸੰਤਾਂ ਵਿੱਚ ਹਿੰਦੂਆਂ ਪ੍ਰਤੀ ਦੁਸ਼ਮਣੀ ਦਾ ਭਾਵ ਨਹੀਂ ਸੀ। ਉਹ ਹਿੰਦੂ ਅਤੇ ਮੁਸਲਮਾਨ ਦੋਹਾਂ ਨੂੰ ਇੱਕ ਨਵੇਂ ਧਰਮ ਵਿੱਚ ਦਾਖ਼ਲ ਕਰਨਾ ਚਾਹੁੰਦੇ ਸਨ, ਜਿਹੜਾ ਆਤਮਾ ਦਾ ਧਰਮ ਸੀ ਜਾਂ ਸੱਚੀ ਮਾਨਵਤਾ ਦਾ ਧਰਮ ਸੀ। ਸੂਫ਼ੀ ਸੰਤ ਵਿਹਾਰ ਤਾਂ ਆਪਣੇ ਧਰਮ ਦਾ ਹੀ ਵਰਤਦੇ ਸਨ, ਪ੍ਰੰਤੂ ਉਹਨਾਂ ਦਾ ਸਭ ਧਰਮਾਂ ਪ੍ਰਤੀ ਪ੍ਰੇਮ ਇੱਕੋ-ਜਿਹਾ ਸੀ ਅਤੇ ਹਰੇਕ ਧਰਮ ਦੇ ਆਦਮੀ ਨੂੰ ਉਹ ਆਤਮਾ ਦੇ ਧਰਮ ਦੀ ਦੀਖਿਆ ਦੇਣੀ ਚਾਹੁੰਦੇ ਸਨ। ਹਿਰਦੇ ਵਿੱਚ ਪ੍ਰੇਮ ਦੀ ਪੀੜ ਜਗਾ ਕੇ ਉਸਨੂੰ ਈਸ਼ਵਰਮੁਖੀ ਬਣਾਉਣਾ ਚਾਹੁੰਦੇ ਸਨ।*[1]

ਇਸ ਸਥਿਤੀ ਨੇ ਦੱਖਣ ਏਸ਼ੀਆ ਅਤੇ ਉੱਤਰੀ ਭਾਰਤ ਨੂੰ ਵਿਸ਼ੇਸ਼ ਕਰਕੇ ਕਰਕੇ ਪ੍ਰਭਾਵਿਤ ਕੀਤਾ। ਇਸ ਪ੍ਰਭਾਵ ਨੇ ਦੱਖਣੀ ਭਾਰਤ ਦੀ ਸਮਾਜਿਕ ਸਥਿਤੀ ਨੂੰ ਵਧੇਰੇ ਜਟਿਲ ਬਣਾ ਦਿੱਤਾ। ਇਹ ਜਟਿਲਤਾ ਵੱਖੋ-ਵੱਖਰੇ ਪੱਧਰਾਂ 'ਤੇ ਵੱਖੋ-ਵੱਖਰੇ ਰੂਪਾਂ ਵਿੱਚ ਪ੍ਰਗਟ ਹੋ ਰਹੀ ਸੀ। ਇੱਕ ਪਾਸੇ ਵੈਦਿਕ ਸੰਸਕ੍ਰਿਤੀ ਉਪਨਿਸ਼ਦਾਂ ਤੋਂ ਹੁੰਦੀ ਹੋਈ ਸਿਮ੍ਰਤੀਆਂ ਤੱਕ ਪਹੁੰਚ ਕੇ ਜੈਨ, ਬੁੱਧ ਧਰਮ ਅਤੇ ਭਗਤੀ ਲਹਿਰ ਨਾਲ ਸੰਵਾਦ-ਮੁਖੀ ਸਥਿਤੀ ਵਿੱਚ ਸੀ। ਇਸ ਸਥਿਤੀ ਵਿੱਚ ਔਰਤ ਦੀ ਸਥਿਤੀ ਚਿੰਤਾਜਨਕ ਬਣੀ ਰਹੀ। 'ਮਨੂੰ ਸਿਮ੍ਰਤੀ' ਨੇ ਔਰਤ ਦੀ ਹਾਸ਼ੀਆਗਤ ਸਥਿਤੀ ਨੂੰ ਸਮਾਜਿਕ ਮਾਨਤਾ ਵਾਲੇ ਪਾਸੇ ਧੱਕ ਦਿੱਤਾ। ਉੱਤਰੀ ਭਾਰਤ ਦੀ ਮਹਾਂਕਾਵਿ ਪਰੰਪਰਾ ਵਿੱਚ ਤਾਰਾ, ਅਹੱਲਿਆ, ਸੀਤਾ, ਕੁੰਤੀ, ਦਰੋਪਦੀ ਦਾ ਬਿੰਬ ਭਾਰਤੀ ਸਮਾਜ ਵਿੱਚ ਔਰਤ ਦੀ ਸਥਿਤੀ ਦੀਆਂ ਵੱਖੋ-ਵੱਖਰੀਆਂ ਪਰਤਾਂ ਨੂੰ ਪ੍ਰਤੀਬਿੰਬਤ ਕਰਦੇ ਹਨ। ਇਹ ਔਰਤ ਦੇ ਮੁਲੰਕਣ ਦੀ ਥਾਂ ਉਸਦੀ ਸਥਿਤੀ ਉੱਤੇ ਕੇਂਦਰਿਤ ਹਨ:

> *ਸਾਰੇ ਆਰੀਆ ਗ੍ਰੰਥ, ਕਲਾਸਿਕਸ, ਰੀਤੀ-ਰਿਵਾਜ, ਸ਼ਾਸਤਰੀ ਅਤੇ ਲੋਕ ਕਲਾ ਦੇ ਸਤੰਭ, ਸਾਹਿਤ, ਦਰਸ਼ਨ, ਇਤਿਹਾਸ, ਮਿੱਥ, ਅਰਥ-ਸ਼ਾਸਤਰ ਇੱਥੋਂ ਤੱਕ ਭੂਗੋਲ ਆਦਿ ਦੀਆਂ ਮਾਨਤਾਵਾਂ ਔਰਤ ਦੇ ਸ਼ੋਸ਼ਣ ਨੂੰ ਸਵੀਕਾਰ ਕਰਦੀਆਂ ਹਨ ਅਤੇ ਨਵੀਂ ਦ੍ਰਿਸ਼ਟੀ ਦੇ ਮੁਲੰਕਣ ਦੇ ਰਾਹ ਵਿੱਚ ਰੁਕਾਵਟ ਬਣਦੀਆਂ ਹਨ।*[1]

ਇਹ ਔਰਤ ਦੀ ਸਥਿਤੀ ਭਾਰਤੀ ਸਮਾਜਿਕ ਅਤੇ ਦਾਰਸ਼ਨਿਕ ਪਰੰਪਰਾ ਵਿੱਚ ਮੌਜੂਦ ਸੀ। ਇਸਦੇ ਸਮਾਨਾਂਤਰ ਸੂਫ਼ੀ ਅਤੇ ਭਗਤੀ ਲਹਿਰ ਔਰਤ ਨੂੰ ਇੱਕ ਵੱਖਰੇ ਪਰਿਪੇਖ ਵਿੱਚ ਭਗਤੀ ਦਾ ਪ੍ਰਮੁੱਖ ਸ੍ਰੋਤ ਬਣਾ ਕੇ ਪੇਸ਼ ਕਰ ਰਹੇ ਸਨ। ਸੂਫ਼ੀ ਔਰਤ ਨੂੰ ਭਗਤੀ ਪ੍ਰੇਮ ਦਾ ਬਿੰਬ ਬਣਾ ਕੇ ਉਭਾਰ ਰਹੇ ਸਨ, ਗੁਰੂ ਨਾਨਕ ਦੇਵ ਜੀ ਔਰਤ ਦੇ ਸਮਾਜਿਕ ਦਰਜੇ ਨੂੰ ਵਡਿਆ ਰਹੇ ਸਨ। ਇਸ ਸਥਿਤੀ ਵਿੱਚ ਵੀ ਸੰਸਕ੍ਰਿਤਕ ਪੱਧਰ ਉੱਤੇ ਮਰਦ ਹੀ ਜਾਇਦਾਦ ਦਾ ਵਾਰਸ, ਪਰਿਵਾਰ ਦੀ ਪ੍ਰੰਪਰਾ ਨੂੰ ਅੱਗੇ ਤੋਰਨ ਵਾਲਾ ਅਤੇ ਮੁਕਤੀ ਦਾ ਪ੍ਰਮੁੱਖ ਸ੍ਰੋਤ ਬਣਿਆ ਹੋਇਆ ਸੀ। ਦੱਖਣੀ ਏਸ਼ੀਆ ਵਿੱਚ ਧਰਮ ਦੀਆਂ ਹੱਦਾਂ ਨੂੰ ਉਲੰਘ ਕੇ ਸੰਸਕ੍ਰਿਤਕ ਪੱਧਰ ਉੱਤੇ ਇੱਕੋ ਜਿਹੇ ਰੂਪ ਵਿੱਚ ਵਿਹਾਰ ਕੀਤਾ ਜਾਂਦਾ ਸੀ। ਮੱਧਕਾਲ ਤੱਕ ਇਹੀ ਸਥਿਤੀ ਹਾਵੀ ਰਹੀ। ਲੋਕ-ਮਾਨਸਿਕਤਾ ਵਿੱਚ ਵੀ 'ਪੁੱਤਰ ਮਿਠੜੇ ਮੇਵੇ' ਵਰਗਾ ਸੰਕਲਪ ਭਾਰੂ ਸੀ। ਇਸ ਸਥਿਤੀ ਵਿੱਚ ਪਰਿਵਰਤਨ ਬਸਤੀਵਾਦੀ ਵਰਤਾਰੇ ਸਮੇਂ ਵਾਪਰਦਾ ਹੈ। ਇਸੇ ਵਰਤਾਰੇ ਅਧੀਨ ਦੱਖਣੀ ਏਸ਼ੀਆ ਦੇ ਲੋਕਾਂ ਦਾ ਵਾਹ ਪੱਛਮੀ ਸਭਿਅਤਾ ਦੇ ਲੋਕਾਂ ਨਾਲ ਸਿੱਧੇ ਰੂਪ ਵਿੱਚ ਪੈਂਦਾ ਹੈ। ਪੱਛਮੀ ਸਭਿਅਤਾ ਅਤੇ ਚੇਤਨਾ ਦਾ ਆਧਾਰ ਸਨਅਤੀ ਇਨਕਲਾਬ ਵਿੱਚ ਮੌਜੂਦ ਸੀ। ਯੂਰਪ ਵਿੱਚ ਸੋਲਵੀਂ ਸ਼ਤਾਬਦੀ ਸਨਅਤੀਕਰਨ ਅਤੇ ਲੋਕਤੰਤਰੀ ਸੰਸਥਾਵਾਂ ਅਤੇ ਆਧੁਨਿਕ ਚੇਤਨਾ ਦੇ ਵਿਸਥਾਰ ਦਾ ਸਮਾਂ ਸੀ। ਸਨਅਤੀਕਰਨ ਦੇ ਸਿੱਟੇ ਵਜੋਂ ਹੋਈ ਵਾਧੂ ਪੈਦਾਵਾਰ ਨੇ ਸੰਸਾਰ ਮੰਡੀ ਦੀ ਹੋੜ ਵਿੱਚੋਂ ਬਸਤੀਵਾਦੀ ਵਰਤਾਰੇ ਲਈ ਸਪੇਸ ਪੈਦਾ ਕਰ ਦਿੱਤੀ। ਇਸੇ ਸਮੇਂ ਤੀਸਰੀ ਦੁਨੀਆਂ ਦੇ ਦੇਸ਼ਾਂ ਵਿੱਚ ਜਨ-ਅੰਦੋਲਨ ਉੱਭਰਨੇ ਸ਼ੁਰੂ ਹੋ ਗਏ। ਫ਼ਰਾਂਸ ਦੇ ਇਨਕਲਾਬ ਅਤੇ ਬਾਅਦ ਦੀ ਸਥਿਤੀ ਨੇ ਔਰਤ ਤੇ ਮਜ਼ਦੂਰਾਂ ਅੰਦਰ ਹਰ ਪ੍ਰਕਾਰ ਦੇ ਸ਼ੋਸ਼ਣ ਤੋਂ ਮੁਕਤੀ ਦੀ ਚੇਤਨਾ ਅਤੇ ਉਸ ਲਈ ਹਾਲਾਤ ਪੈਦਾ ਕਰ ਦਿੱਤੇ। ਵੀਹਵੀਂ ਸਦੀ ਦੇ ਮੁੱਢ ਵਿੱਚ ਮਾਨਵ-ਮੁਕਤੀ ਦੇ ਨਵੇਂ ਮਾਡਲ ਉੱਭਰਨੇ ਸ਼ੁਰੂ ਹੋਏ। ਇਸੇ ਸਮੇਂ ਨਾਰੀ ਮੁਕਤੀ ਪ੍ਰਤੀ ਚੇਤਨਾ ਅਤੇ ਨਾਰੀ ਅੰਦੋਲਨਾਂ ਦਾ ਆਰੰਭ ਹੋ ਗਿਆ। ਡੌਲਰਸ ਐਬਰੂਰੀ ਅਤੇ ਸਿਮਨ ਬੁਆਰ ਨੇ ਨਾਰੀ ਮੁਕਤੀ

ਲਹਿਰ ਨੂੰ ਸਿਧਾਂਤਕ ਆਧਾਰ ਮੁਹੱਈਆ ਕਰਾਉਣ ਵਿੱਚ ਵੱਡਾ ਯੋਗਦਾਨ ਪਾਇਆ। ਭਾਰਤ ਵਿੱਚ ਨਾਰੀ ਮੁਕਤੀ ਅੰਦੋਲਨ ਕੌਮੀ ਅੰਦੋਲਨ ਦਾ ਹਿੱਸਾ ਬਣ ਕੇ ਉੱਭਰੇ।

> *ਉੱਨੀਵੀ ਸਦੀ ਵਿੱਚ ਔਰਤ ਦੇ ਹੱਕ ਵਿੱਚ ਕਈ ਸਮਾਜ ਸੁਧਾਰਕ ਲਹਿਰਾਂ ਚੱਲੀਆਂ। ਇਹਨਾਂ ਦੇ ਕੇਂਦਰ ਵਿੱਚ ਔਰਤਾਂ ਦੇ ਨਾਲ ਹੁੰਦਾ ਦੁਰ ਵਿਹਾਰ ਸੀ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਪੰਡਿਤਾ ਰਾਮਾਬਾਈ (1858-1922) ਨੇ ਔਰਤਾਂ ਦੀ ਸਿੱਖਿਆ ਉੱਤੇ ਵਿਸ਼ੇਸ਼ ਧਿਆਨ ਦਿੱਤਾ। ਇਹੀ ਕੰਮ ਮਹਾਂਰਾਸ਼ਟਰ ਵਿੱਚ ਜੋਤਿਬਾ ਫੂਲੇ (1827-1890) ਨੇ ਕੀਤਾ। ਉਹਨਾਂ ਨੇ ਆਪਣੀ ਪਤਨੀ ਸਵਿਤਰੀ ਬਾਈ ਫੂਲੇ ਦੀ ਸਹਾਇਤਾ ਨਾਲ ਔਰਤਾਂ ਨੂੰ ਸਿੱਖਿਅਤ ਅਤੇ ਚੇਤਨ ਕਰਨ ਲਈ ਕੰਮ ਕੀਤਾ।*[3]

ਇਹ ਵਿੱਦਿਆ ਦਾ ਮਹੱਤਵ ਔਰਤ ਚੇਤਨਾ ਦਾ ਕੇਂਦਰੀ ਮੁੱਦਾ ਬਣ ਗਿਆ ਸੀ। ਇਹ ਚੇਤਨਾ ਹੌਲੀ-ਹੌਲੀ ਮੱਧਵਰਗ ਦੀ ਚੇਤਨਾ ਵਿੱਚ ਪਰਿਵਰਤਿਤ ਹੋ ਗਈ। ਇਹ ਚੇਤਨਾ ਕੁਝ ਸਮੇਂ ਬਾਅਦ ਸਾਹਿਤ ਅਤੇ ਕਲਾ ਵਿੱਚੋਂ ਉਭਰਨੀ ਸ਼ੁਰੂ ਹੋ ਗਈ। ਪੰਜਾਬੀ ਸਾਹਿਤ ਸਿਰਜਣਾ ਦੇ ਵਰਤਾਰੇ ਵਿੱਚ ਇਹ ਰੁਝਾਨ ਪਹਿਲੀ ਵਾਰ ਆਧੁਨਿਕ ਸਾਹਿਤ ਵਿੱਚ ਸਪੇਸ ਪ੍ਰਾਪਤ ਕਰਦਾ ਹੈ। ਇਹ ਵਰਤਾਰਾ ਉਂਞ ਤਾਂ ਸਾਹਿਤ ਦੀ ਹਰ ਵਿਧਾ ਦੀ ਸਿਰਜਣਕਾਰੀ ਦਾ ਹਿੱਸਾ ਰਿਹਾ, ਪਰ ਕਵਿਤਾ ਤੇ ਕਹਾਣੀ ਦੇ ਖੇਤਰ ਵਿੱਚ ਇਹ ਚੇਤਨਾ ਵਧੇਰੇ ਸ਼ਿੱਦਤ ਨਾਲ ਅਭਿਵਿਅਕਤੀ ਗ੍ਰਹਿਣ ਕਰਦੀ ਹੈ। ਸਾਡੇ ਮੁਲਾਂਕਣ ਦਾ ਕੇਂਦਰ ਨਾਰੀ ਸਿਰਜਤ ਕਹਾਣੀ ਰਹੇਗੀ।

ਪੰਜਾਬੀ ਨਾਰੀ ਕਹਾਣੀ ਅੰਮ੍ਰਿਤਾ ਪ੍ਰੀਤਮ ਤੋਂ ਲੈ ਕੇ ਗੁਰਮੀਤ ਪਨਾਗ ਤੱਕ ਨਾਰੀ ਚੇਤਨਾ ਦੇ ਵੱਖੋ-ਵੱਖਰੇ ਪੜਾਵਾਂ ਅਤੇ ਪਾਸਾਰਾਂ ਤੱਕ ਫੈਲੀ ਹੋਈ ਹੈ। ਇਹ ਰਚਨਾ ਕਾਲ ਨੌਂ ਦਹਾਕਿਆਂ ਤੋਂ ਵੱਧ ਸਮੇਂ ਉੱਤੇ ਫੈਲਿਆ ਹੋਇਆ ਹੈ। ਆਧੁਨਿਕ ਪੰਜਾਬੀ ਕਹਾਣੀ ਦੇ ਪਾਸਾਰ ਅਤੇ ਮਾਨਸਿਕ ਅਵਚੇਤਨੀ ਜੜ੍ਹਾਂ ਤਾਂ ਏਸ਼ਿਆਈ ਕਹਾਣੀ ਤੱਕ ਫੈਲੀਆਂ ਹੋਈਆਂ ਹਨ, ਪ੍ਰੰਤੂ ਆਧੁਨਿਕ ਕਹਾਣੀ ਦਾ ਵਿਕਸਤ ਢਾਂਚਾ ਪੱਛਮੀ ਪ੍ਰਤਿਮਾਨਾਂ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਇਸ ਨਾਲ ਵਧੇਰੇ ਕਰਕੇ ਮੱਧਵਰਗ ਜੁੜਿਆ ਹੋਇਆ ਸੀ। ਮੱਧਵਰਗ ਵਿੱਦਿਆ ਦੇ ਪਾਸਾਰ ਨਾਲ ਜੁੜੇ ਹੋਣ ਕਰਕੇ ਪੱਛਮ ਦੀਆਂ ਸਾਹਿਤਕ ਤੇ ਵਿਚਾਰਧਾਰਕ ਲਹਿਰਾਂ ਤੋਂ ਪ੍ਰਭਾਵਿਤ ਸੀ। ਨਾਰੀ ਚੇਤਨਾ ਦੀ ਪਹਿਲੀ ਪਰਤ ਮੱਧਵਰਗੀ ਪਾਸਾਰਾਂ ਦੁਆਲੇ ਉੱਸਰੀ ਹੋਈ ਹੈ:

> *ਇਸ ਚੇਤਨਾ ਦੀ ਇੱਕ ਪਰਤ ਔਰਤ ਦੀ ਸਮਾਜਿਕ ਹੋਂਦ ਅਤੇ ਸਮਾਜਿਕ ਵਿਕਾਸ ਵਿੱਚ ਹਿੱਸੇਦਾਰੀ ਨਾਲ ਜੁੜੀ ਹੋਈ ਸੀ। ਇਸ ਚੇਤਨਾ ਦਾ ਘੇਰਾ ਮੱਧਵਰਗ ਤੱਕ ਸੀਮਿਤ ਸੀ। ਇਸ ਲਈ ਔਰਤ ਲੇਖਿਕਾਵਾਂ ਇਸੇ ਚੇਤਨਾ ਅਧੀਨ ਰਚਨਾਕਾਰੀ ਦੇ ਖੇਤਰ ਵਿੱਚ ਆਈਆਂ ਕਿਉਂਕਿ ਲੜਕੀਆਂ ਦੀ ਪੜ੍ਹਾਈ ਦਾ ਖੇਤਰ ਬਹੁਤਾ ਕਰਕੇ ਸ਼ਹਿਰੀ ਮੱਧਵਰਗ ਵਿਸ਼ੇਸ਼ ਤੌਰ 'ਤੇ ਸਰਕਾਰੀ ਨੌਕਰੀ ਪੇਸ਼ਾ ਲੋਕ ਜਾਂ ਛੋਟੇ-ਵੱਡੇ ਵਪਾਰੀਆਂ ਤੱਕ ਫੈਲਿਆ। ਇਹਨਾਂ ਔਰਤਾਂ ਲਈ ਆਜ਼ਾਦੀ ਦਾ ਮਸਲਾ ਬਹੁਤਾ ਕਰਕੇ ਔਰਤ-ਮਰਦ ਸਬੰਧਾਂ ਦੇ ਪ੍ਰਸੰਗ ਨਾਲ ਜੁੜਿਆ ਹੋਇਆ ਹੈ।*[4]

ਪੰਜਾਬੀ ਨਾਰੀ ਕਹਾਣੀ ਦਾ ਪਹਿਲਾ ਪੜਾਅ ਇਹਨਾਂ ਮਸਲਿਆਂ ਦੁਆਲੇ ਹੀ ਘੁੰਮਦਾ

ਹੈ। ਨਾਰੀ ਚੇਤਨਾ ਨਾਲ ਜੁੜੀਆਂ ਪਹਿਲੀਆਂ ਕਹਾਣੀਕਾਰਾਂ ਵਿੱਚ ਪ੍ਰਮੁੱਖ ਨਾਂ ਅੰਮ੍ਰਿਤਾ ਪ੍ਰੀਤਮ ਦਾ ਆਉਂਦਾ ਹੈ। ਅੰਮ੍ਰਿਤਾ ਪ੍ਰੀਤਮ ਦੀ ਨਾਰੀ ਚੇਤਨਾ ਮੱਧ-ਵਰਗ ਦੀ ਸੀਮਾ ਅੰਦਰ ਹੀ ਪ੍ਰਵਾਨ ਚੜ੍ਹਦੀ ਹੈ। ਉਸ ਨੇ ਔਰਤ ਦਾ ਇੱਕ ਰੁਮਾਂਸ ਆਧਾਰਤ ਆਦਰਸ਼ਕ ਬਿੰਬ ਸਿਰਜਿਆ। ਅੰਮ੍ਰਿਤਾ ਦੀਆਂ ਕਹਾਣੀਆਂ ਦੀ ਔਰਤ ਮਰਯਾਦਾ ਭੰਗ ਕਰਕੇ ਵੀ ਆਦਰਸ਼ ਦੀ ਇੱਕ ਪਰੰਪਰਾ ਵਿੱਚ ਬੱਝੀ ਰਹਿੰਦੀ ਹੈ। ਉਸਦੀ ਔਰਤ ਲਈ ਮਰਦ ਪ੍ਰਤੀ ਵਫ਼ਾਦਾਰੀ ਇੱਕ ਪ੍ਰਮੁੱਖ ਪ੍ਰਤਿਮਾਨ ਹੈ। ਉਸਦੀ ਔਰਤ ਬਰਾਬਰੀ ਦੇ ਸਾਥ ਲਈ ਸੰਘਰਸ਼ ਕਰਦੀ ਹੈ। ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਵਿੱਚੋਂ ਜਿਹੜਾ ਪ੍ਰਤਿਮਾਨਕ ਬਿੰਬ ਉੱਭਰਦਾ ਹੈ, ਉਹ 'ਸ਼ਾਹ ਦੀ ਕੰਜਰੀ' ਅਤੇ 'ਮੁਰੱਬਿਆਂ ਵਾਲੀ' ਕਹਾਣੀ ਵਿੱਚੋਂ ਪਛਾਣਿਆ ਜਾ ਸਕਦਾ ਹੈ। ਇਹ ਦੋਵੇਂ ਕਹਾਣੀਆਂ ਸ਼ਹਿਰੀ ਅਤੇ ਪੇਂਡੂ ਸੰਸਕ੍ਰਿਤੀ ਦੀ ਜੀਵਨ ਜਾਚ ਨਾਲ ਜੁੜੀਆਂ ਹੋਈਆਂ ਹਨ। 'ਸ਼ਾਹ ਦੀ ਕੰਜਰੀ' ਦੀ ਪਾਤਰ ਜ਼ੀਨਤ ਹੀਰਾ ਮੰਡੀ ਦੀ ਵੇਸਵਾ ਹੋਣ ਕਰਕੇ ਸ਼ਾਹ ਦੇ ਪਰਿਵਾਰ ਵਿੱਚ ਦੂਜੇ ਦਰਜੇ ਉੱਤੇ ਰਹਿੰਦੀ ਹੈ। ਉਸ ਅੰਦਰਲੀ ਪੀੜਾ ਵੇਸਵਾ ਹੋਣ ਵਿੱਚ ਮੌਜੂਦ ਹੈ। ਇਸਦੇ ਸਮਾਨਾਂਤਰ 'ਮੁਰੱਬਿਆਂ ਵਾਲੀ' ਕਹਾਣੀ ਵਿੱਚ ਪੁਰਾਣੀ ਪੀੜ੍ਹੀ ਦੀ ਰਾਜ ਕੌਰ ਦਲਿਤ ਮੁੰਡੇ ਨਾਲ ਮੁਹੱਬਤ ਕਰਨ ਵਾਲੀ ਆਪਣੀ ਅਗਲੀ ਪੀੜ੍ਹੀ ਨਾਲ ਖੜਦੀ ਹੈ। ਅੰਮ੍ਰਿਤਾ ਪ੍ਰੀਤਮ ਸ਼ਹਿਰੀ ਮੱਧ-ਵਰਗੀ ਅਨੁਭਵ ਨਾਲ ਜੁੜੀ ਹੋਣ ਕਰਕੇ ਪੇਂਡੂ ਸੰਸਕ੍ਰਿਤੀ ਵਾਲੇ ਅਵਚੇਤਨ ਨੂੰ ਸਮਝਣ ਤੋਂ ਅਸਮਰੱਥ ਹੈ ਅਤੇ ਉਹ ਰਾਜ ਕੌਰ ਦਾ ਆਦਰਸ਼ਵਾਦੀ ਰੂਪ ਪੇਸ਼ ਕਰਦੀ ਹੈ। ਅੰਮ੍ਰਿਤਾ ਪ੍ਰੀਤਮ ਤੋਂ ਬਾਅਦ ਪੰਜਾਬੀ ਨਾਰੀ ਕਹਾਣੀ ਦੀ ਸਿਰਜਣਕਾਰੀ ਵਿੱਚ ਅਜੀਤ ਕੌਰ ਦਾ ਨਾਂ ਆਉਂਦਾ ਹੈ। ਅਜੀਤ ਕੌਰ ਦੇ ਪ੍ਰਵੇਸ਼ ਨਾਲ ਪੰਜਾਬੀ ਨਾਰੀ ਕਹਾਣੀ ਨਾਰੀ ਚੇਤਨਾ ਦੇ ਪੱਖ ਤੋਂ ਨਵੇਂ ਦੌਰ ਵਿੱਚ ਦਾਖਲ ਹੁੰਦੀ ਹੈ। ਅਜੀਤ ਕੌਰ ਵੀ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਸੀ ਅਤੇ ਉਸਦੀਆਂ ਅਕਾਂਖਿਆਵਾਂ ਵੀ ਔਰਤ ਦੀ ਆਜ਼ਾਦੀ ਦੁਆਲੇ ਘੁੰਮਦੀਆਂ ਸਨ। ਉਸ ਲਈ ਮਰਦ ਭਾਵੁਕ ਪੂਰਤੀ ਦਾ ਪ੍ਰਤੀਕ ਹੈ। ਉਹ ਜਿਸਮ ਅਤੇ ਸਮਾਜਿਕ ਹੋਂਦ ਸਮੇਤ ਪੂਰੇ ਮਰਦ ਨੂੰ ਪ੍ਰਾਪਤ ਕਰਨਾ ਚਾਹੁੰਦੀ ਹੈ। ਉਸ ਦੀਆਂ ਔਰਤ ਪਾਤਰ ਭਾਵੁਕਤਾ ਅਤੇ ਵਾਸਤਵਿਕਤਾ ਵਿਚਲੇ ਤਣਾਅ ਵਿੱਚੋਂ ਉਪਜੇ ਸੰਕਟ ਨੂੰ ਭੋਗਦੀਆਂ ਹਨ। ਉਸਦੀਆਂ ਬਹੁਤੀਆਂ ਪਾਤਰ ਮਰਦ ਦੇ ਆਭਾਮੰਡਲ ਦਾ ਸ਼ਿਕਾਰ ਹੁੰਦੀਆਂ ਹਨ। ਉਸਦੀਆਂ ਪ੍ਰਤੀਨਿਧ ਕਹਾਣੀਆਂ ਦੇ ਕੇਂਦਰ ਵਿੱਚ ਔਰਤ-ਮਰਦ ਰਿਸ਼ਤਾ ਹੈ। ਉਸ ਦੀਆਂ ਕਹਾਣੀਆਂ 'ਇੱਕ ਹੋਰ ਫ਼ਾਲਤੂ ਔਰਤ' ਅਤੇ 'ਦਾਦ ਦੇਣ ਵਾਲੇ' ਵਿੱਚੋਂ ਨਾਰੀ ਦੀ ਸਥਿਤੀ ਹੀ ਨਹੀਂ ਸਗੋਂ ਅਜੀਤ ਕੌਰ ਦਾ ਨਾਰੀ ਚਿੰਤਨ ਵੀ ਉੱਭਰਦਾ ਹੈ। 'ਇੱਕ ਹੋਰ ਫ਼ਾਲਤੂ ਔਰਤ' ਵਿੱਚ ਮੁੱਖ ਮਸਲਾ ਮਰਦ-ਔਰਤ ਦੇ ਵਿਆਹ-ਬਾਹਰੇ ਸਬੰਧਾਂ ਨਾਲ ਜੁੜਿਆ ਹੋਇਆ ਹੈ। ਉਹ ਵਿਆਹ-ਬਾਹਰੇ ਸਬੰਧ ਹੰਢਾਉਂਦੀਆਂ ਔਰਤਾਂ ਨੂੰ ਫ਼ਾਲਤੂ ਔਰਤਾਂ ਦੀ ਕੈਟਾਗਰੀ ਵਿੱਚ ਰੱਖਦੀ ਹੈ। ਇਹ ਔਰਤਾਂ ਮਾਣ-ਮਰਯਾਦਾ ਵਾਲਾ ਜੀਵਨ ਨਹੀਂ ਹੰਢਾ ਸਕਦੀਆਂ। ਅਜਿਹੀਆਂ ਔਰਤਾਂ ਬਗਾਵਤ ਨਹੀਂ ਕਰਦੀਆਂ, ਸਗੋਂ ਸੰਕਟ ਜਰਦੀਆਂ ਹਨ। 'ਦਾਦ ਦੇਣ ਵਾਲੇ' ਨਾਰੀ ਚੇਤਨਾ ਦੇ ਇੱਕ ਵੱਖਰੇ ਪਾਸਾਰ ਨੂੰ ਪੇਸ਼ ਕਰਨ ਵਾਲੀ ਕਹਾਣੀ ਹੈ। ਇਸ ਵਿਚਲੀ ਮੁੱਖ ਪਾਤਰ ਭਾਵੁਕ ਸਥਿਤੀ ਵਿੱਚੋਂ ਬਾਹਰ ਆ ਕੇ ਵਾਸਤਵਿਕਤਾ ਦੇ ਨੇੜੇ ਪਹੁੰਚ ਕੇ ਉਪਰੇਪਣ ਦਾ ਸ਼ਿਕਾਰ ਹੋ ਜਾਂਦੀ ਹੈ। ਅਜੀਤ ਕੌਰ ਦੁਖਾਂਤ ਦਾ ਬੋਧ ਕਰਾਉਣ ਵਾਲੀਆਂ ਸਥਿਤੀਆਂ ਦਾ ਚਿਤਰਨ ਕਰਨ ਵਿੱਚ ਪ੍ਰਬੀਨ ਕਹਾਣੀਕਾਰ ਹੈ।

ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ ਦੇ ਸਮਾਨਾਂਤਰ ਹੀ ਪੇਂਡੂ ਅਵਚੇਤਨ ਅਤੇ ਸ਼ਹਿਰੀ

ਜੀਵਨ ਦੀ ਮਿਸ਼ਰਤ ਸੰਸਕ੍ਰਿਤੀ ਨੂੰ ਪੇਸ਼ ਕਰਨ ਵਾਲਾ ਨਾਰੀ ਸਿਰਜਣਕਾਰੀ ਵਿੱਚ ਇੱਕ ਨਵਾਂ ਪੂਰ ਸਾਹਮਣੇ ਆਉਂਦਾ ਹੈ। ਇਹਨਾਂ ਨਾਰੀ ਕਹਾਣੀਕਾਰਾਂ ਦਾ ਮਾਨਸਿਕ ਅਵਚੇਤਨ ਪੇਂਡੂ ਸੰਸਕ੍ਰਿਤੀ ਵਾਲੀ ਮਰਯਾਦਾ ਨਾਲ ਜੁੜਿਆ ਹੋਇਆ ਸੀ। ਇਹਨਾਂ ਕਹਾਣੀਕਾਰਾਂ ਵਿੱਚ ਦਲੀਪ ਕੌਰ ਟਿਵਾਣਾ, ਸੁਖਵੰਤ ਕੌਰ ਮਾਨ ਅਤੇ ਬਲਜੀਤ ਕੌਰ ਬੱਲੀ ਪ੍ਰਮੁੱਖ ਹਨ। ਦਲੀਪ ਕੌਰ ਟਿਵਾਣਾ ਭਾਵੇਂ ਨਾਵਲਕਾਰ ਦੇ ਤੌਰ 'ਤੇ ਵਧੇਰੇ ਪ੍ਰਵਾਨ ਚੜ੍ਹੀ, ਪ੍ਰੰਤੂ ਕਹਾਣੀਆਂ ਦੇ ਖੇਤਰ ਵਿੱਚ ਵੀ ਉਸਨੇ ਵਿਸ਼ੇਸ਼ ਪਛਾਣ ਬਣਾਈ। ਉਹ ਕਹਾਣੀ ਸਿਰਜਣਕਾਰੀ ਦੇ ਖੇਤਰ ਵਿੱਚ ਮਰਯਾਦਾ ਪਾਲਕ ਕਹਾਣੀਕਾਰਾ ਦੇ ਤੌਰ 'ਤੇ ਵਧੇਰੇ ਪਛਾਣੀ ਜਾਂਦੀ ਹੈ। ਉਸਦੀਆਂ ਔਰਤ ਪਾਤਰ ਇੱਕ ਮਰਯਾਦਾ ਵਿੱਚ ਵਿਵਹਾਰ ਕਰਦੀਆਂ ਹਨ। ਉਸਦੀ ਪ੍ਰਤੀਨਿਧ ਕਹਾਣੀ 'ਬੱਸ ਕੰਡਕਟਰ' ਹੈ। ਇਸ ਕਹਾਣੀ ਦੀ ਮੁੱਖ ਪਾਤਰ ਰੋਜ਼ ਬੱਸ ਵਿੱਚ ਸਫ਼ਰ ਕਰਨ ਵਾਲੀ ਕੁੜੀ ਹੈ। ਉਸ ਕੁੜੀ ਦੇ ਕੰਡਕਟਰ ਨਾਲ ਸਬੰਧਾਂ ਨੂੰ ਲੈ ਕੇ ਚਰਚਾ ਚੱਲਦੀ ਹੈ। ਅਸਲ ਵਿੱਚ ਕੰਡਕਟਰ ਉਸ ਕੁੜੀ ਵਿੱਚੋਂ ਦੇਸ਼ ਵੰਡ ਸਮੇਂ ਗੁੰਮ ਹੋਈ ਆਪਣੀ ਭੈਣ ਦਾ ਬਿੰਬ ਤਲਾਸ਼ਦਾ ਹੈ। ਇਹ ਪਾਤਰ ਅਤੇ ਉਸਦਾ ਆਚਰਣ ਟਿਵਾਣਾ ਦੇ ਸਮੁੱਚੇ ਗਲਪੀ ਸੰਸਾਰ ਉੱਤੇ ਹਾਵੀ ਹੈ। ਇਸੇ ਪੀੜ੍ਹੀ ਦੇ ਅਜਿਹੇ ਹੀ ਅਵਚੇਤਨ ਵਾਲੀ ਕਥਾਕਾਰ ਸੁਖਵੰਤ ਕੌਰ ਮਾਨ ਹੈ। ਸੁਖਵੰਤ ਕੌਰ ਮਾਨ ਸਮਕਾਲੀ ਪੰਜਾਬੀ ਕਥਾਕਾਰਾਂ ਵਿੱਚ ਪ੍ਰਮੁੱਖ ਸਥਾਨ ਰੱਖਦੀ ਹੈ। ਉਹ ਕਹਾਣੀ ਦੀ ਸਿਰਜਣਕਾਰੀ ਸਮੇਂ ਘਟਨਾਵਾਂ ਦੀ ਥਾਂ ਬਿਰਤਾਂਤਕ ਸੰਵਾਦ ਨੂੰ ਪਹਿਲ ਦਿੰਦੀ ਹੈ। ਉਹ ਪਾਤਰਾਂ ਦੇ ਵਿਹਾਰ ਅਤੇ ਮਾਨਸਿਕਤਾ ਵਿੱਚ ਇੱਕ ਸੰਤੁਲਨ ਕਾਇਮ ਰੱਖਦੀ ਹੈ। ਉਸਨੇ ਜੈਂਡਰ ਹੋਂਦ ਨੂੰ ਆਪਣੀ ਪ੍ਰਸਿੱਧੀ ਲਈ ਨਹੀਂ ਵਰਤਿਆ। ਉਸਦੀ ਕਹਾਣੀ 'ਮੱਕੜੀਆਂ' ਉਸਦੀ ਵਿਸ਼ੇਸ਼ ਪਛਾਣ ਬਣੀ ਹੋਈ ਹੈ। ਇਸ ਕਹਾਣੀ ਦੀਆਂ ਪਾਤਰ ਮਾਂ ਅਤੇ ਧੀ ਇੱਕ ਦੂਜੇ ਨਾਲ ਪਿਆਰ ਅਤੇ ਤਣਾਅ ਦੇ ਰਿਸ਼ਤੇ ਵਿੱਚ ਬੱਝੀਆਂ ਹੋਈਆਂ ਹਨ। ਇਸੇ ਨਾਂ ਦੀਆਂ ਦੋ ਹੋਰ ਕਹਾਣੀਆਂ ਆਜ਼ਾਦ ਹੁੰਦੇ ਹੋਏ ਵੀ ਇੱਕ ਦੂਜੇ ਦੀਆਂ ਪੂਰਕ ਹਨ। ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਕਿਸਾਨੀ ਸੰਸਕ੍ਰਿਤਕ ਅਵਚੇਤਨ ਨੂੰ ਆਪਣੇ ਕਲੇਵਰ ਵਿੱਚ ਸਮੇਟਦੀਆਂ ਹਨ। ਇਹਨਾਂ ਦੋਹਾਂ ਕਥਾਕਾਰਾਂ ਦੇ ਸਮਾਨਾਂਤਰ ਬਲਜੀਤ ਬੱਲੀ ਹੈ। ਉਸਦਾ ਕਥਾ ਸੰਸਾਰ ਟਿਵਾਣਾ ਤੋਂ ਵਿੱਥ ਉੱਤੇ ਖੜ੍ਹਾ ਹੈ, ਪ੍ਰੰਤੂ ਸੁਖਵੰਤ ਕੌਰ ਮਾਨ ਦੇ ਨੇੜੇ ਹੈ। ਉਸਦੀਆਂ ਕਹਾਣੀਆਂ ਦੇ ਪਾਤਰ ਮਰਯਾਦਾ ਨੂੰ ਚੁਣੌਤੀ ਦਿੰਦੇ ਹਨ। ਬੱਲੀ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚਕਾਰ ਪੁਲ ਦਾ ਕੰਮ ਕਰਦੀ ਹੈ। 'ਬੇਮੇਚ ਜਰਸੀ' ਵਰਗੀਆਂ ਕਹਾਣੀਆਂ ਉਸਦੀ ਪਛਾਣ ਨੂੰ ਗੂੜ੍ਹਾ ਕਰਦੀਆਂ ਹਨ।

ਇਸ ਤੋਂ ਬਾਅਦ ਪੰਜਾਬੀ ਨਾਰੀ ਕਹਾਣੀ ਦੇ ਖੇਤਰ ਵਿੱਚ ਵੱਡਾ ਬਦਲਾਵ ਆਉਂਦਾ ਹੈ। ਇਸ ਸਮੇਂ ਆ ਕੇ ਪੰਜਾਬੀ ਨਾਰੀ ਕਹਾਣੀਕਾਰਾ ਦੇਹ ਨੂੰ ਕੇਂਦਰ ਵਿੱਚ ਲਿਆਉਣ ਲੱਗਦੀਆਂ ਹਨ। ਦੇਹ ਨਾਲ ਜੁੜੀ ਸ਼ਬਦਾਵਲੀ ਦੀ ਵਰਤੋਂ ਬੇਝਿਜਕ ਹੋਣ ਲੱਗਦੀ ਹੈ। ਇਸ ਵਿੱਚ ਕਈ ਵਾਰੀ ਕਲਾ ਦੀ ਥਾਂ ਪਾਠਕ ਨੂੰ ਜੋੜਨ ਦੀ ਪ੍ਰਵਿਰਤੀ ਵੀ ਭਾਰੂ ਨਜ਼ਰ ਆਉਂਦੀ ਹੈ। ਇਸ ਪੜਾਅ ਉੱਤੇ ਪਹੁੰਚ ਕੇ ਮਰਯਾਦਾ ਦੇ ਪ੍ਰਤਿਮਾਨ ਵੀ ਬਦਲਣ ਲੱਗ ਪਏ। ਇਸ ਪੀੜ੍ਹੀ ਨਾਲ ਜੁੜੀਆਂ ਕਥਾਕਾਰਾਂ ਵਿੱਚ ਰਸ਼ਪਿੰਦਰ ਰਸ਼ਿਮ, ਸੁਰਿੰਦਰ ਨੀਰ, ਨਿਰਮਲ ਜਸਵਾਲ ਅਤੇ ਕੇਤ੍ਰਿਪਤਾ ਸਿੰਘ ਪ੍ਰਮੁੱਖ ਹਨ। ਰਸ਼ਪਿੰਦਰ ਰਸ਼ਿਮ ***ਛਲੇਡਾ*** ਕਹਾਣੀ ਸੰਗ੍ਰਿਹ ਨਾਲ ਆਪਣੀ ਵੱਖਰੀ ਪਛਾਣ ਬਣਾਉਂਦੀ ਹੈ ਅਤੇ ***ਉੱਧੜੀ ਹੋਈ ਗੁੱਡੀ*** ਨਾਲ ਵੱਖਰਾ ਸਥਾਨ ਸਥਾਪਿਤ ਕਰਦੀ ਹੈ। ਉਸ ਕੋਲ ਮਹਾਂ-ਨਗਰੀ ਜੀਵਨ ਦਾ ਅਨੁਭਵ ਹੈ। ਉਸਦੀਆਂ ਕਹਾਣੀਆਂ ਵਿੱਚ

ਪੇਸ਼ ਔਰਤ ਨਾ ਕਿਸੇ ਮਰਯਾਦਾ ਵਿੱਚ ਬੱਝੀ ਹੋਈ ਹੈ ਅਤੇ ਨਾ ਹੀ ਉਹ ਭਾਵੁਕ ਬਗਾਵਤ ਕਰਦੀ ਹੈ। ਉਹ ਦੇਹ ਤੋਂ ਵਿਚਾਰ ਤੱਕ ਦੇ ਮਸਲਿਆਂ ਨੂੰ ਸੰਬੋਧਿਤ ਹੁੰਦੀ ਹੈ। ਉਸ ਦੀਆਂ ਕਹਾਣੀਆਂ 'ਉਹ ਕੌਣ ਹਨ' ਅਤੇ 'ਆਦਿ ਕੁਆਰੀ' ਵੱਖਰੀਆਂ ਖੜੀਆਂ ਨਜ਼ਰ ਆਉਂਦੀਆਂ ਹਨ। 'ਉਹ ਕੌਣ ਹਨ' ਕਹਾਣੀ ਦਾ ਪਾਤਰ ਦੇਹ ਦੇ ਪ੍ਰਸੰਗ ਵਿੱਚ ਔਰਤ ਦੇ ਬਿੰਬ ਨੂੰ ਸੰਬੋਧਿਤ ਹੁੰਦਾ ਹੈ। ਇਹ ਕਹਾਣੀ ਸੰਵਾਦੀ ਬਿਰਤਾਂਤਕ ਬਣਤਰ ਉੱਤੇ ਢਲੀ ਹੋਈ ਹੈ। 'ਆਦਿ ਕੁਆਰੀ' ਦੀ ਪਾਤਰ ਕੁਸੁਮ ਲਤਾ ਬਹੁਤ ਹੀ ਸ਼ਕਤੀਸ਼ਾਲੀ ਤੇ ਮਹੱਤਵਪੂਰਨ ਪਾਤਰ ਹੈ। ਇਹ ਪਾਤਰ ਵੱਖ-ਵੱਖ ਮਰਦ ਪਾਤਰਾਂ ਦੇ ਸੰਪਰਕ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਇਸ ਕਹਾਣੀ ਵਿਚਲਾ ਘਟਨਾਵੀਂ ਬਿਰਤਾਂਤ ਸਹਿਜ ਰੂਪ ਵਿੱਚ ਗਤੀਸ਼ੀਲ ਹੁੰਦਾ ਹੈ। ਰਸ਼ਿਮ ਤੋਂ ਬਾਅਦ ਇਸ ਪੀੜੀ ਦੀਆਂ ਕਥਾਕਾਰਾਂ ਵਿੱਚ ਨਿਰਮਲ ਜਸਵਾਲ ਦਾ ਨਾਂ ਆਉਂਦਾ ਹੈ। ਪਹਿਲੀ ਪੀੜੀ ਦੀਆਂ ਕਥਾਕਾਰਾਂ ਦੇ ਕੇਂਦਰ ਵਿੱਚ ਮਰਦ ਦੁਆਰਾ ਸਤਾਈ ਔਰਤ ਦੀ ਪੀੜਾ ਸੀ। ਨਿਰਮਲ ਦੀਆਂ ਕਹਾਣੀਆਂ ਦੀਆਂ ਪਾਤਰ ਜੇ ਇਸ ਪੀੜਾ ਤੋਂ ਮੁਕਤ ਨਹੀਂ ਤਾਂ ਇਸ ਪੀੜਾ ਚੋਂ ਉੱਭਰੀਆਂ ਜ਼ਰੂਰ ਹਨ। ਉਸ ਦੀਆਂ ਕਹਾਣੀਆਂ ਦਾ ਸਫ਼ਰ ***ਇੱਕ ਚੁੱਪ ਜਿਹੀ ਕੁੜੀ*** ਤੋਂ ਸ਼ੁਰੂ ਹੋ ਕੇ ***ਮੱਛੀਆਂ ਕੱਚ ਦੀਆਂ*** ਵਿੱਚੋਂ ਹੁੰਦਾ ਹੋਇਆ ***ਅੰਗਾਰ*** ਤੱਕ ਪਹੁੰਚਦਾ ਹੈ। ਨਿਰਮਲ ਜਸਵਾਲ ਦੀਆਂ ਕਹਾਣੀਆਂ ਵਿਚਲੀ ਔਰਤ ਮਰਦ ਨਾਲ ਜ਼ਸ਼ਨ ਦੇ ਰਿਸ਼ਤੇ ਨਾਲ ਜੁੜਦੀ ਹੈ। ਇਸ ਜ਼ਸ਼ਨ ਵਿੱਚ ਔਰਤ ਤੇ ਮਰਦ ਆਜ਼ਾਦ ਜੁੱਜ਼ ਦੇ ਤੌਰ 'ਤੇ ਸ਼ਾਮਿਲ ਹੁੰਦੇ ਹਨ। ਉਸਦੀ ਕਹਾਣੀ 'ਪਾਰਦਰਸ਼ੀ' ਇਸ ਦੀ ਪ੍ਰਮੁੱਖ ਉਦਾਹਰਣ ਹੈ। ਉਸ ਦੀਆਂ ਔਰਤ ਪਾਤਰ ਮਰਦ ਦੀ ਸੱਤਾ ਨੂੰ ਸਵੀਕਾਰ ਨਹੀਂ ਕਰਦੀਆਂ ਅਤੇ ਉਹ ਨਾ ਹੀ ਵਿਆਹ ਅੰਦਰ ਤੇ ਵਿਆਹ ਬਾਹਰੇ ਸਬੰਧਾਂ ਵਿੱਚ ਕੋਈ ਅੰਤਰ ਕਰਦੀਆਂ ਹਨ। ਨਿਰਮਲ ਆਪਣੀਆਂ ਕਹਾਣੀਆਂ ਦੇ ਪਾਤਰਾਂ ਨੂੰ ਕਿਸੇ ਵੀ ਕੈਟਾਗਰੀ ਵਿੱਚ ਨਹੀਂ ਵੰਡਦੀ। ਉਸਦੀ ਔਰਤ ਸਿਰਫ਼ ਔਰਤ ਤੇ ਮਰਦ ਸਿਰਫ਼ ਮਰਦ ਹੈ। ਇਸੇ ਦੌਰ ਵਿੱਚ ਸੁਰਿੰਦਰ ਨੀਰ ਕਹਾਣੀਕਾਰ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਉਹ ਵੀ ਆਪਣੀਆਂ ਕਹਾਣੀਆਂ ਵਿੱਚ ਔਰਤ ਦਾ ਆਜ਼ਾਦ ਬਿੰਬ ਉਭਾਰਦੀ ਹੈ। ਉਹ ਔਰਤ ਨੂੰ ਕਿਸੇ ਤਰਸ ਦਾ ਪਾਤਰ ਬਣਾ ਕੇ ਪੇਸ਼ ਨਹੀਂ ਕਰਦੀ। ਉਹ ਮਰਦਾਵੀਂ ਮਾਨਸਿਕਤਾ ਨਾਲ ਸੰਵਾਦ ਰਚਾਉਂਦੀ ਹੈ। ਉਸਦੀ ਕਹਾਣੀ 'ਕਸ਼ਕੌਲ' ਬਹੁਤ ਮਹੱਤਵਪੂਰਨ ਕਹਾਣੀ ਹੈ। ਇਹਨਾਂ ਦੇ ਨਾਲ ਹੀ ਕੇ. ਤ੍ਰਿਪਤਾ ਸਿੰਘ ਅਤੇ ਵਿਸ਼ਵ ਜਯੋਤਿ ਧੀਰ ਕਥਾਕਾਰਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਕੇ. ਤ੍ਰਿਪਤਾ ਸਿੰਘ ਪਹਿਲਾਂ ਬੋਲਡ ਕਹਾਣੀਕਾਰਾ ਦੇ ਤੌਰ 'ਤੇ ਪਛਾਣੀ ਗਈ, ਪ੍ਰੰਤੂ ਬਾਅਦ ਵਿੱਚ ਉਸਨੇ ਆਪਣਾ ਵੱਖਰਾ ਬਿੰਬ ਸਥਾਪਿਤ ਕਰ ਲਿਆ। ਉਸ ਦੀ ਕਹਾਣੀ 'ਜਾਇਆਵੱਢੀ' ਵਿੱਚੋਂ ਔਰਤ ਦਾ ਵੱਖਰਾ ਬਿੰਬ ਉੱਭਰਦਾ ਹੈ। ਉਸਦੇ ਕੇਂਦਰ ਵਿੱਚ ਵਿਦਰੋਹੀ ਔਰਤ ਹੈ। ਉਹ ਕਹਾਣੀ ਘੜਦੀ ਹੋਈ ਔਰਤ ਦੀ ਸਥਿਤੀ ਨਾਲ ਜੁੜੇ ਪ੍ਰੇਰਕਾਂ ਨੂੰ ਚਿੱਤਰਣ ਉੱਤੇ ਵਧੇਰੇ ਜ਼ੋਰ ਦਿੰਦੀ ਹੈ। ਵਿਸ਼ਵ ਜਯੋਤਿ ਧੀਰ ਇਸੇ ਪੜਾਅ ਦੀ ਕਹਾਣੀਕਾਰਾ ਹੈ। ਉਸ ਦੀਆਂ ਕਹਾਣੀਆਂ ਵੱਖਰਾ ਬਿੰਬ ਤਾਂ ਨਾ ਸਿਰਜ ਸਕੀਆਂ। 'ਆਖਿਰ ਸਿਕੰਦਰ ਜਿੱਤ ਗਿਆ' ਕਹਾਣੀ ਵਿੱਚ ਉਹ ਔਰਤ ਦਾ ਸਾਧਾਰਨ ਆਦਰਸ਼ ਮੂਲਕ ਬਿੰਬ ਸਿਰਜਦੀ ਹੀ ਨਜ਼ਰ ਆਉਂਦੀ ਹੈ। ਇਸੇ ਸਮੇਂ ਸਰਘੀ, ਬਲਵੀਰ ਕੌਰ ਰਹਿਲ ਅਤੇ ਹਰਜੀਤ ਕੌਰ ਕੁਝ ਹੋਰ ਕਹਾਣੀਕਾਰ ਸਾਹਮਣੇ ਆਈਆਂ। ਇਸ ਤੋਂ ਇਲਾਵਾ ਤਰਸਪਾਲ ਕੌਰ ਨੇ ਆਪਣੇ ਕਹਾਣੀ ਸੰਗ੍ਰਿਹ ***ਲਸਰਾਂ ਵਾਲਾ ਪਰਦਾ*** ਵਿੱਚ ਔਰਤ ਦਾ ਭਾਵੁਕ ਜਿਹਾ ਬਿੰਬ ਸਿਰਜਿਆ ਹੈ।

ਸਮੁੱਚੇ ਪੰਜਾਬੀ ਨਾਰੀ ਕਹਾਣੀ ਸਿਰਜਣੀ ਵਰਤਾਰੇ ਵਿੱਚ ਪਰਵਾਸੀ ਪੰਜਾਬੀ ਨਾਰੀ

ਕਹਾਣੀਕਾਰਾਂ ਦਾ ਇੱਕ ਵੱਖਰਾ ਤੇ ਮਹੱਤਵਪੂਰਨ ਪਾਸਾਰ ਹੈ। ਇਹ ਕਹਾਣੀ ਇੰਗਲੈਂਡ ਤੋਂ ਲੈ ਕੇ ਉੱਤਰੀ ਅਮਰੀਕਾ ਆਦਿ ਤੱਕ ਦੇ ਪਰਵਾਸੀ ਜੀਵਨ ਨੂੰ ਆਪਣੇ ਕਲੇਵਰ ਵਿੱਚ ਸਮੇਟਦੀ ਹੈ। ਪਰਵਾਸੀ ਪੰਜਾਬੀ ਕਹਾਣੀ ਸਮੁੱਚੇ ਪਰਵਾਸੀ ਪੰਜਾਬੀ ਸਾਹਿਤ ਦਾ ਹੀ ਇੱਕ ਪਾਸਾਰ ਹੈ। ਸਮੁੱਚੇ ਪਰਵਾਸੀ ਪੰਜਾਬੀ ਸਾਹਿਤ ਵਾਂਗ ਪਰਵਾਸੀ ਪੰਜਾਬੀ ਕਹਾਣੀ ਵੀ ਭੂ-ਹੇਰਵਾ, ਪੀੜ੍ਹੀ ਪਾੜਾ ਅਤੇ ਸਭਿਆਚਾਰਕ ਤਣਾਅ ਵਿੱਚੋਂ ਗੁਜ਼ਰਦੀ ਹੋਈ ਸਮਨਵੈ ਦੀ ਸਥਿਤੀ ਤੱਕ ਪਹੁੰਚੀ ਹੈ। ਪਰਵਾਸੀ ਨਾਰੀ ਕਹਾਣੀਕਾਰਾਂ ਦੀਆਂ ਵਧੇਰੇ ਕਹਾਣੀਆਂ ਨਾਰੀ ਮਸਲਿਆਂ ਨਾਲ ਜੁੜੀਆਂ ਹੋਈਆਂ ਹਨ। ਵਿਕਸਤ ਸਮਾਜ ਵਿੱਚ ਪਹੁੰਚ ਕੇ ਵੀ ਪੰਜਾਬੀ ਮਰਦ ਦੀ ਮਾਨਸਿਕਤਾ ਮਰਦ ਪ੍ਰਧਾਨ ਪੰਜਾਬੀ ਜਗੀਰੂ ਸੰਸਕ੍ਰਿਤਕ ਅਵਚੇਤਨ ਤੋਂ ਮੁਕਤ ਨਹੀਂ ਹੋਈ। ਇਸ ਕਾਰਨ ਪੰਜਾਬੀ ਪਰਵਾਸੀ ਔਰਤ ਵਿਕਸਤ ਸਮਾਜ ਵਿੱਚ ਰਹਿਣ ਦੇ ਬਾਵਜੂਦ ਪੰਜਾਬੀ ਔਰਤ ਵਾਲੀ ਪੀੜਾ ਹੰਢਾਉਂਦੀ ਹੈ। ਇਸ ਪੀੜਾ ਨੂੰ ਸਭ ਤੋਂ ਪਹਿਲਾਂ ਵੀਨਾ ਵਰਮਾ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਦੀ ਹੈ। ਉਹ ***ਮੁੱਲ ਦੀ ਤੀਵੀਂ*** ਕਹਾਣੀ ਸੰਗ੍ਰਿਹ ਨਾਲ ਪੰਜਾਬੀ ਕਹਾਣੀ ਜਗਤ ਵਿੱਚ ਪ੍ਰਵੇਸ਼ ਕਰਦੀ ਹੈ। ਵਿਸ਼ਿਆਂ ਦੀ ਖੁੱਲ੍ਹਤਾ ਅਤੇ ਮਰਦਾਵੀਂ ਸੁਰ ਵਾਲੇ ਭਾਸ਼ਾਈ ਮੁਹਾਵਰੇ ਕਾਰਨ ਉਹ ਦਬੰਗ ਲੇਖਿਕਾ ਦੇ ਵਿਸ਼ੇਸ਼ਣ ਨਾਲ ਪਛਾਣੀ ਜਾਂਦੀ ਹੈ। ਉਹ 'ਮੁੱਲ ਦੀ ਤੀਵੀਂ' ਕਹਾਣੀ ਵਿੱਚ ਮਰਯਾਦਾ ਅਤੇ ਮੁਹੱਬਤ ਵਿੱਚ ਬੱਝੀ ਔਰਤ ਦਾ ਬਿੰਬ ਉਭਾਰਦੀ ਹੈ। ***ਫਰੰਗੀਆਂ ਦੀ ਨੂੰਹ*** ਤੱਕ ਪਹੁੰਚਦੇ-ਪਹੁੰਚਦੇ ਉਸਦੀਆਂ ਕਹਾਣੀਆਂ ਵਿਚਲੀ ਔਰਤ ਮਰਦ ਦੁਆਰਾ ਆਰੋਪਿਤ ਮਰਯਾਦਾ ਤੋਂ ਬਾਗੀ ਹੋ ਜਾਂਦੀ ਹੈ। ਇਸ ਬਾਗੀਪੁਣੇ ਵਿੱਚੋਂ ਉਹ ਔਰਤ ਦਾ ਇੱਕ ਆਜ਼ਾਦ ਜੁੱਜ਼ ਵਾਲਾ ਬਿੰਬ ਸਥਾਪਿਤ ਕਰਦੀ ਹੈ। ਵੀਨਾ ਵਰਮਾ ਤੋਂ ਬਾਅਦ ਪਰਵਾਸੀ ਨਾਰੀ ਲੇਖਿਕਾਵਾਂ ਵਿੱਚ ਪ੍ਰਵੇਜ਼ ਸੰਧੂ ਦਾ ਨਾਂ ਆਉਂਦਾ ਹੈ। ਉਸ ਦੀਆਂ ਕਹਾਣੀਆਂ 'ਮੇਰੀ ਲੂੰਬੜੀ' ਅਤੇ 'ਸੌਂਕਣ' ਪੰਜਾਬੀ ਨਾਰੀ ਕਥਾ ਜਗਤ ਵਿੱਚ ਵੱਖਰੀਆਂ ਖੜੀਆਂ ਨਜ਼ਰ ਆਉਂਦੀਆਂ ਹਨ। 'ਮੇਰੀ ਲੂੰਬੜੀ' ਕਹਾਣੀ ਵਿੱਚ ਉਹ ਪੱਛਮੀ ਸਭਿਅਤਾ ਵਿੱਚ ਪਲ ਰਹੇ ਪੰਜਾਬੀ ਪਰਿਵਾਰ ਦੇ ਬੱਚੇ ਦੀ ਮਾਨਸਿਕਤਾ ਨੂੰ ਫੜਦੀ ਹੈ। 'ਸੌਂਕਣ' ਕਹਾਣੀ ਵਿੱਚ ਹਮਜਿਨਸੀ ਪਤੀ ਨਾਲ ਵਿਆਹ ਕਰਾ ਕੇ ਮਾਨਸਿਕ ਸੰਤਾਪ ਹੰਢਾ ਰਹੀ ਧੀ ਦੀ ਵੇਦਨਾ ਕਹਾਣੀ ਦੇ ਬਿਰਤਾਂਤ ਵਿੱਚੋਂ ਉੱਭਰਦੀ ਹੈ। ਪ੍ਰਵੇਜ਼ ਪਰਵਾਸੀ ਨਾਰੀ ਉੱਤੇ ਪਏ ਪੱਛਮੀ ਪ੍ਰਭਾਵ ਨੂੰ ਬਾਰੀਕੀ ਨਾਲ ਚਿੱਤਰਦੀ ਹੈ। ਅਜਿਹਾ ਕਰਦੇ ਹੋਏ ਉਹ ਕਲਾਤਮਕ ਸੰਤੁਲਨ ਕਾਇਮ ਰੱਖਦੀ ਹੈ।

ਸਮਕਾਲ ਵਿੱਚ ਕੈਨੇਡਾ ਵਿੱਚ ਇੱਕੋ ਸਮੇਂ ਕਈ ਕਹਾਣੀਕਾਰਾ ਪੰਜਾਬੀ ਵਿੱਚ ਸਰਗਰਮ ਹਨ, ਜਿਹਨਾਂ ਵਿੱਚ ਬਲਵੀਰ ਕੌਰ ਸੰਘੇੜਾ, ਸੁਰਜੀਤ ਕੌਰ ਅਤੇ ਗੁਰਮੀਤ ਪਨਾਗ ਦਾ ਨਾਂ ਪ੍ਰਮੁੱਖ ਹੈ। ਬਲਵੀਰ ਕੌਰ ਸੰਘੇੜਾ ਆਪਣੀਆਂ ਕਹਾਣੀਆਂ ਰਾਹੀਂ ਭਾਰਤੀ ਅਤੇ ਪੱਛਮੀ ਜੀਵਨ ਜਾਚ ਦਾ ਇੱਕ ਤੁਲਨਾਤਮਕ ਅਧਿਐਨ ਪੇਸ਼ ਕਰਦੀ ਹੈ। 'ਖੰਡਰ' ਕਹਾਣੀ ਇਸਦੀ ਪ੍ਰਮੁੱਖ ਮਿਸਾਲ ਹੈ। ਉਸ ਦੀਆਂ ਕਹਾਣੀਆਂ 'ਚੀਕ' ਅਤੇ 'ਸਿਉਂਕ' ਪੰਜਾਬੀ ਪਰਵਾਸੀ ਨਾਰੀ ਕਥਾ ਜਗਤ ਵਿੱਚ ਵੱਖਰੀਆਂ ਖੜੀਆਂ ਨਜ਼ਰ ਆਉਂਦੀਆਂ ਹਨ। ਸੁਰਜੀਤ ਕੌਰ ਦਾ ਨਾਂ ਪਿਛਲੇ ਸਮੇਂ ਹੀ ਉੱਭਰ ਕੇ ਆਇਆ ਹੈ। ਉਹ 'ਪਾਰਲੇ ਪੁਲ' ਕਹਾਣੀ ਰਾਹੀਂ ਆਪਣੀ ਹਾਜ਼ਰੀ ਲੁਆਉਂਦੀ ਹੈ ਅਤੇ 'ਆਇਲਨ ਤੇ ਐਲਨ' ਰਾਹੀਂ ਉਹ ਆਪਣੇ ਵਿਸ਼ੇ ਦੇ ਕਲੇਵਰ ਨੂੰ ਵਿਸ਼ਾਲ ਕਰਦੀ ਹੈ। ਇਸ ਕਹਾਣੀ ਦੇ ਪਾਤਰ ਬੱਚੇ ਹਨ। ਇਸ ਵਿੱਚ ਉਹ ਮੌਤ ਵਰਗੇ ਵਿਸ਼ੇ ਨੂੰ ਸੰਬੋਧਿਤ ਹੁੰਦੀ ਹੈ। ਕਹਾਣੀ ਮਾਨਵੀ ਸਾਂਝ ਦੇ ਸਾਂਝੇ ਬਿੰਦੂਆਂ ਉੱਤੇ ਟਿਕੀ ਹੋਈ ਹੈ।

ਇਹੀ ਇਸ ਕਹਾਣੀ ਦੀ ਵੱਖਰਤਾ ਅਤੇ ਕਹਾਣੀਕਾਰਾ ਦੇ ਦ੍ਰਿਸ਼ਟੀਗਤ ਫੈਲਾਅ ਦੀ ਜਾਮਨ ਹੈ। ਇਸ ਸਮੇਂ ਕੈਨੇਡਾ ਦੀਆਂ ਪੰਜਾਬੀ ਕਥਾਕਾਰਾਂ ਵਿੱਚ ਇੱਕ ਨਵਾਂ ਉੱਭਰ ਰਿਹਾ ਨਾਂ ਗੁਰਮੀਤ ਪਨਾਗ ਹੈ। ਬੇਸ਼ੱਕ ਕਹਾਣੀ ਸੰਗ੍ਰਿਹ ਦੇ ਰੂਪ ਵਿੱਚ ਅਜੇ ਉਸਨੇ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਹੋਣਾ ਹੈ, ਪਰ ਆਪਣੀਆਂ ਕੁਝ ਕਹਾਣੀਆਂ ਜਿਵੇਂ 'ਮੁਰਗਾਬੀਆਂ' ਅਤੇ 'ਮਾਈ ਲਾਈਫ਼ ਮਾਈ ਵੇਅ' ਆਦਿ ਰਾਹੀਂ ਉਹ ਆਪਣੀ ਵਿਲੱਖਣ ਪਛਾਣ ਸਥਾਪਿਤ ਕਰ ਚੁੱਕੀ ਹੈ। ਉਸਦੀ ਕਹਾਣੀ 'ਮੁਰਗਾਬੀਆਂ' ਆਪਣੀ ਕਥਾ ਵਸਤੂ, ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਪਾਸਾਰਾਂ ਤੋਂ ਸਮੁੱਚੇ ਪੰਜਾਬੀ ਕਥਾ ਜਗਤ ਵਿੱਚ ਵੱਖਰੀ ਖੜ੍ਹੀ ਨਜ਼ਰ ਆਉਂਦੀ ਹੈ। ਇਸ ਕਹਾਣੀ ਦਾ ਕਥਾ ਪ੍ਰਬੰਧ ਕੈਨੇਡਾ ਵਿਚਲੇ ਰੈੱਡ ਇੰਡੀਅਨ ਦੇ ਸਹਿਜ ਜੀਵਨ ਉੱਤੇ ਸਾਮਰਾਜੀ ਮੰਡੀ ਸਭਿਆਚਾਰ ਦੇ ਗਬੇ ਅਤੇ ਉਸ ਵਿੱਚੋਂ ਉਪਜੇ ਦੁਖਾਂਤ ਨਾਲ ਸਬੰਧਿਤ ਹੈ। ਇਸ ਕਹਾਣੀ ਦੀ ਕਲਾਤਮਕਤਾ ਲੋਕ ਕਹਾਣੀ ਦੇ ਸਮਾਨਾਂਤਰ ਸਿਰਜਣ ਵਿੱਚ ਨਿਹਿਤ ਹੈ। ਕਥਾ ਦ੍ਰਿਸ਼ਟੀ ਦੇ ਪੱਖੋਂ ਇਹ ਕਹਾਣੀ ਸ਼ੋਸ਼ਣ ਦੇ ਕਾਰਕਾਂ ਉੱਪਰ ਕੇਂਦਰਿਤ ਹੈ, ਪ੍ਰੰਤੂ ਫਿਰ ਵੀ ਕਿਸੇ ਆਰੋਪਿਤ ਦ੍ਰਿਸ਼ਟੀ ਤੋਂ ਮੁਕਤ ਹੈ। 'ਮਾਈ ਲਾਈਫ਼ ਮਾਈ ਵੇਅ' ਕਹਾਣੀ ਵਿੱਚ ਉਹ ਇੱਕ ਅਜਿਹੀ ਔਰਤ ਦਾ ਬਿੰਬ ਪੇਸ਼ ਕਰਦੀ ਹੈ ਜਿਹੜੀ ਆਪਣੇ ਪਰਿਵਾਰਕ ਮਰਯਾਦਾ ਨਾਲ ਜੁੜੀ ਹੋਣ ਦੇ ਨਾਲ ਆਪਣੀ ਹੋਂਦ ਪ੍ਰਤੀ ਵੀ ਸੁਚੇਤ ਹੈ। ਆਪਣੀ ਹੋਂਦ ਜਤਾਉਣ ਲਈ ਉਹ ਕਿਸੇ ਬਾਗੀ ਸੁਰ ਨੂੰ ਅਪਣਾਉਣ ਦੀ ਥਾਂ ਸਹਿਜ ਰੂਪ ਵਿੱਚ ਆਪਣਾ ਵਿਰੋਧ ਦਰਜ ਕਰਦੀ ਹੈ। ਇਸ ਵਿਰੋਧ ਰਾਹੀਂ ਉਹ ਆਧੁਨਿਕ ਸਮਾਜ ਵਿੱਚ ਔਰਤ ਦੀ ਸੰਵਾਦਮਈ ਸਥਿਤੀ ਨੂੰ ਪ੍ਰਦਰਸ਼ਤ ਕਰਦੀ ਹੈ। ਇਸ ਕਹਾਣੀ ਦੀ ਵਿਲੱਖਣਤਾ ਇਸਦੀ ਸਹਿਜਤਾ ਵਿੱਚ ਹੈ। ਕਹਾਣੀਕਾਰਾ ਨਾਰੀ ਦੇ ਪੱਖ ਨੂੰ ਪੇਸ਼ ਕਰਨ ਲਈ ਕਿਸੇ ਵੀ ਆਰੋਪਿਤ ਵਿਚਾਰ ਦੀ ਵਰਤੋਂ ਨਹੀਂ ਕਰਦੀ। ਇਸ ਤਰ੍ਹਾਂ ਨਾਰੀ ਚੇਤਨਾ ਨਾਲ ਜੁੜੀ ਹੋਈ ਇਹ ਸਹਿਜ ਗਤੀ ਵਾਲੀ ਕਹਾਣੀ ਹੈ। ਗੁਰਮੀਤ ਪਨਾਗ ਨਾਲ ਪਰਵਾਸੀ ਪੰਜਾਬੀ ਕਹਾਣੀ ਕਈ ਨਵੇਂ ਦਿਸਹੱਦੇ ਖ੍ਹੋਲਦੀ ਹੈ। ਇਸ ਤੋਂ ਇਲਾਵਾ ਮਿੰਨੀ ਗਰੇਵਾਲ ਅਤੇ ਬਰਜਿੰਦਰ ਢਿੱਲੋਂ ਉਭਰਦੀਆਂ ਕਹਾਣੀਕਾਰਾ ਹਨ। ਇਸ ਪ੍ਰਕਾਰ ਪੰਜਾਬੀ ਨਾਰੀ ਕਹਾਣੀਕਾਰਾਂ ਦੁਆਰਾ ਸਿਰਜਤ ਕਥਾ ਸੰਸਾਰ ਪਿਛਲੀ ਪੌਣੀ ਸਦੀ ਦੇ ਸਮਾਜ-ਸਭਿਆਚਾਰ ਨੂੰ ਤਬਦੀਲੀਆਂ ਸਮੇਤ ਪ੍ਰਤੀਉੱਤਰ ਹੀ ਨਹੀਂ ਸਿਰਜ ਰਿਹਾ ਸਗੋਂ ਚਿੰਤਨ ਅਤੇ ਚੇਤਨਾ ਦੇ ਨਵੇਂ ਪੜਾਵਾਂ ਵਿੱਚ ਦਾਖ਼ਲ ਹੋ ਰਿਹਾ ਹੈ। ਇਸਦੀ ਗਤੀਸ਼ੀਲਤਾ ਹੀ ਇਸਦੀ ਪ੍ਰਾਪਤੀ ਹੈ।

### ਹਵਾਲੇ


1. ਰਾਮਧਾਰੀ ਸਿੰਘ ਦਿਨਕਰ, *ਸਭਿਆਚਾਰ ਦੇ ਚਾਰ ਅਧਿਆਇ* (ਪੰਜਾਬੀ ਅਨੁਵਾਦ), ਪੰਨਾ 377
2. ਅਨਾਮਿਕਾ "ਹਮ ਪੁਰਬੀਆ ਔਰਤੇਂ ਔਰ ਹਮਾਰਾ ਇਸਤਰੀ ਵਿਮਰਸ਼", ਰਾਜਿੰਦਰ ਯਾਦਵ ਤੇ ਅਰਚਨਾ ਵਰਮਾ (ਸੰਪਾ, *ਅਤੀਤ ਹੋਤੀ ਸਦੀ ਔਰ ਔਰਤ ਕਾ ਭਵਿਸ਼ਯ,* ਪੰਨਾ 161
3. Anand Teltumbde, Shoma Sen (Ed.), *Scripting the Change Selected Writings of Anuradha Ghandy*, P. 277
4. ਰਜ਼ਨੀਸ਼ ਬਹਾਦਰ ਸਿੰਘ, "ਗਲਪ ਵਿੱਚ ਪਾਤਰਾਂ ਦੀ ਖੁਦਮੁਖਤਿਆਰੀ-11, ਪ੍ਰਵਚਨ, ਅੰਕ 61 (ਅਕਤੂਬਰ-ਦਸੰਬਰ, 2015), ਪੰਨਾ 2

# ਪੰਜਾਬੀ ਨਾਰੀਵਾਦੀ ਆਲੋਚਨਾ: ਕੁਝ ਅੰਤਰਦ੍ਰਿਸ਼ਟੀਆਂ

-ਡਾ. ਗੁਰਪ੍ਰੀਤ ਕੌਰ ਬਰਾੜ

ਨਾਰੀਵਾਦ, ਅਜੋਕੇ ਚਿੰਤਨ ਦਾ ਪ੍ਰਮੁੱਖ ਦਾਰਸ਼ਨਿਕ ਤੇ ਵਿਹਾਰਕ ਸਰੋਕਾਰ ਹੈ। ਨਾਰੀਵਾਦ ਅਜਿਹੀ ਕ੍ਰਾਂਤੀਕਾਰੀ ਤੇ ਬੌਧਿਕ ਲਹਿਰ ਹੈ,ਜਿਸ ਅਨੁਸਾਰ ਸਮਾਜਿਕ ਦਰਜਾਬੰਦੀਆਂ ਦਾ ਇਕ ਕਾਰਨ ਲਿੰਗ ਵਿਤਕਰਾ ਵੀ ਹੈ,ਜਿਸਨੇ ਹੁਣ ਤੱਕ ਨਾਰੀ ਨੂੰ ਮਰਦ ਦੇ ਅਧੀਨ ਰੱਖਿਆ ਹੈ।ਅਸਲ ਵਿੱਚ ਨਾਰੀਵਾਦ ਨਾਰੀ ਦੇ ਅਧਿਕਾਰਾਂ ਅਤੇ ਹਿੱਤਾਂ ਦੇ ਪੱਖ ਵਿੱਚ ਸੰਗਠਤ ਸਿਧਾਂਤ ਚੇਤਨਾ ਹੈ ਜੋ ਖਾਸ ਤੌਰ ਤੇ ਨਾਰੀ ਪ੍ਰਤੀ ਭੇਦ-ਭਾਵ ਰੱਖਣ ਵਾਲੀਆਂ ਪਾਬੰਦੀਆਂ ਨੂੰ ਖਤਮ ਕਰਨ ਲਈ ਚਿੰਤਨ ਅਤੇ ਪ੍ਰਸਾਰ ਨਾਲ ਸਬੰਧਤ ਹੈ।

ਨਾਰੀਵਾਦ ਜੈਂਡਰ ਅਧਾਰਿਤ ਅਜਿਹਾ ਚਿੰਤਨ ਹੈ, ਜਿਸਦੇ ਅੰਤਰਗਤ ਨਾਰੀਵਾਦੀ ਚਿੰਤਕਾਂ ਨੇ ਨਾਰੀਵਾਦੀ ਸਾਹਿਤ ਇਤਿਹਾਸ ਅਤੇ ਆਲੋਚਨਾ ਦੇ ਇਕ ਨਵੇਂ ਦੌਰ ਵੱਲ ਧਿਆਨ ਕੇਂਦਰਿਤ ਕੀਤਾ। ਇਹਨਾਂ ਨੇ ਸਾਹਿਤ-ਚਿੰਤਨ ਅਤੇ ਸਮੀਖਿਆ ਨਾਲ ਆਪਣਾ ਸਰੋਕਾਰ ਜੋੜਦਿਆਂ ਸਾਹਿਤ ਕਿਰਤਾਂ ਵਿੱਚ ਕਾਰਜਸ਼ੀਲ ਜੈਂਡਰ ਦੀ ਰਾਜਨੀਤੀ ਨੂੰ ਸਿਧਾਂਤਬੱਧ ਕੀਤਾ। ਨਾਰੀਵਾਦੀ ਚਿੰਤਕਾਂ ਨੇ ਉਸ ਚਿੰਤਨ ਨੂੰ ਰੱਦ ਕੀਤਾ, ਜਿਸ ਅਧੀਨ ਨਾਰੀ ਦੀ ਪਰਿਕਲਪਨਾ ਸਿਰਫ 'Sexual Object'(ਲਿੰਗਕ ਵਸਤੂ) ਦੇ ਤੌਰ ਤੇ ਹੋਈ ਅਤੇ ਉਸਦੀ ਨਾਰਿਤਾ ਨੂੰ ਘੱਟ ਗੰਭੀਰਤਾ/ਤਰਜੀਹ ਨਾਲ ਵਿਚਾਰਿਆ ਗਿਆ।ਨਾਰੀਵਾਦੀ ਚਿੰਤਕਾਂ ਦਾ ਮੱਤ ਸੀ ਕਿ ਨਾਰੀ ਆਪਣੀ ਲੇਖਣੀ ਵਿੱਚ ਆਪਣੇ ਅਨੁਭਵਾਂ, ਆਤਮ ਦੀ ਪ੍ਰਪੱਕਤਾ/ਪੂਰਨਤਾ, ਨਾਰੀਤਵ (womanhood) ਦੀ ਸਕਾਰਾਤਮਕ ਮਹਤੱਤਾ ਵਰਗੇ ਮਸਲਿਆਂ ਨੂੰ ਆਪਣੀ ਭਾਸ਼ਾ ਰਾਹੀਂ ਉਲੀਕੇ।ਪ੍ਰਸਿੱਧ ਨਾਰੀਵਾਦੀ ਚਿੰਤਕ *Elain Showalter* ਨੇ ਆਪਣੇ ਚਿੰਤਨ ਵਿੱਚ 'ਨਾਰੀ ਇੱਕ ਪਾਠਕ ਵਜੋਂ'*(feminist critique)* ਅਤੇ 'ਨਾਰੀ ਇੱਕ ਲੇਖਕ ਵਜੋਂ'(*Gynocritics*) ਦੀ ਮਹਤੱਤਾ ਨੂੰ ਪ੍ਰਗਟਾਇਆ। ਪਹਿਲੇ ਭਾਗ ਵਿੱਚ ਰਚਨਾਵਾਂ ਦੀ ਨਾਰੀਵਾਦੀ ਪੜਤ ਦੇ ਅਧੀਨ ਮਰਦ ਪ੍ਰਭੂਤਵ ਵਾਲੇ ਮਾਪਦੰਡਾਂ, ਕੋਡਾਂ, ਪ੍ਰਭਾਵਾਂ ਅਧੀਨ ਨਾਰੀ ਦੀ ਰੂੜੀਬੱਧ ਰੂਪ ਵਿੱਚ ਨਿਸ਼ਕ੍ਰਿਅਕ ਪੇਸ਼ਕਾਰੀ/ਪਛਾਣ ਤੇ ਪ੍ਰਸ਼ਨ ਚਿੰਨ ਲਗਾਇਆ ਗਿਆ ਅਤੇ 'Gynocritics' ਟਰਮ ਦੇ ਅੰਤਰਗਤ ਨਾਰੀ ਲੇਖਨ ਦੀ ਵਿਸ਼ੇਸ਼ਤਾ ਨੂੰ ਉਜਾਗਰ ਕਰਦਿਆਂ ਨਾਰੀ ਅਨੁਭਵ/ਤਜਰਬੇ ਅਧਾਰਿਤ ਨਵੇਂ ਮਾਡਲ/ਚੌਖਟੇ ਦੇ ਪੱਖ ਤੋਂ ਨਾਰੀ ਰਚਨਾਵਾਂ ਦਾ ਇਤਿਹਾਸ, ਥੀਮ,ਸਰੋਕਾਰ,ਤੱਥ,ਸ਼ੈਲੀ ਤੇ ਰੂਪਾਕਾਰ ਦੀ ਵੱਖਰਤਾ/ਵਿਸ਼ੇਸ਼ਤਾ ਦਾ ਨਿਰੂਪਣ ਕੀਤਾ ਗਿਆ।[1]

ਨਾਰੀਵਾਦੀ ਲਹਿਰ ਨੇ ਸਾਰੀ ਦੁਨੀਆਂ ਦੇ ਸਮਾਜਾਂ,ਸਭਿਆਚਾਰਾਂ ਤੇ ਸਾਹਿਤ ਪਰੰਪਰਾਵਾਂ ਵਿੱਚ ਨਾਰੀ ਲੇਖਨ ਨੂੰ ਉਤਸ਼ਾਹਿਤ ਕੀਤਾ ਅਤੇ ਇਸਦੇ ਪ੍ਰਭਾਵ ਸਦਕਾ 20ਵੀਂ ਸਦੀ ਵਿੱਚ ਪੰਜਾਬੀ ਸਾਹਿਤ ਵਿੱਚ ਲੇਖਿਕਾਵਾਂ ਨੇ ਆਪਣੀ ਲੇਖਣੀ ਰਾਹੀਂ ਨਾਰੀ ਦੀ ਸਮਾਜਿਕ ਸਥਿਤੀ ਦਾ ਸਾਹਿਤਕ ਰੂਪਾਂਤਰਣ ਕੀਤਾ। ਇਹਨਾਂ ਲੇਖਿਕਾਵਾਂ ਨੇ ਨਰ-ਨਾਰੀ ਸਬੰਧਾਂ ਦੀ ਸਥਿਤੀ, ਨਾਰੀ ਦੀ ਹਾਸ਼ੀਆਕ੍ਰਿਤ ਪੁਜੀਸ਼ਨ ਨੂੰ ਚਿਤਰਦਿਆਂ ਨਾਰੀ ਦੇ ਮਾਨਵੀ ਗੌਰਵ ਦੀ ਬਹਾਲੀ ਦੀ ਲਈ ਸੂਖਮ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ।ਨਾਰੀਵਾਦ ਦੇ ਇਤਿਹਾਸ ਤੇ ਸਾਹਿਤ ਚਿੰਤਨ ਸਬੰਧੀ ਪੰਜਾਬੀ ਵਿਚ ਪੁਸਤਕਾਂ ਵੀਹਵੀ ਸਦੀ ਦੇ ਅੰਤ ਵਿੱਚ ਆਉਦੀਆਂ ਹਨ।

---

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਇਹਨਾਂ ਪੁਸਤਕਾਂ ਦੀ ਮਹਤੱਤਾ ਇਹ ਹੈ ਕਿ ਸਮੁੱਚੇ ਨਾਰੀਵਾਦੀ ਪਰਿਪੇਖ, ਚਿੰਤਨ ਤੇ ਸਿਧਾਂਤ ਨੂੰ ਪੰਜਾਬੀ ਵਿੱਚ ਸਮਝਣ/ਸਮਝਾਉਣ ਦਾ ਉਪਰਾਲਾ ਹਨ ਅਤੇ ਨਾਲ ਹੀ ਪੰਜਾਬੀ ਸਾਹਿਤ ਦਾ ਨਾਰੀਵਾਦੀ ਨਜ਼ਰੀਏ ਤੋਂ ਵਿਸ਼ਲੇਸ਼ਣ/ਮੁਲਾਂਕਣ ਵੀ ਇਹਨਾਂ ਦੀ ਪੁਸਤਕਾਂ ਦੀ ਗੌਲਣਯੋਗ ਪ੍ਰਾਪਤੀ ਹੈ।

ਪੰਜਾਬੀ ਨਾਰੀਵਾਦੀ ਆਲੋਚਨਾ ਨਾਲ ਸਬੰਧੰਤ ਪੁਸਤਕਾਂ ਭਾਵੇਂ 20ਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਆਉਣੀਆਂ ਸ਼ੁਰੂ ਹੋਈਆਂ ਪਰ ਇਸ ਤੋਂ ਪਹਿਲਾ ਇਹ ਖੋਜ ਪ੍ਰਬੰਧਾਂ/ ਖੋਜ ਨਿਬੰਧਾਂ ਵਿੱਚ ਸ਼ੁਰੂ ਹੋ ਚੁੱਕੀ ਸੀ। ਨਾਰੀਵਾਦੀ ਨੁਕਤੇ ਤੋਂ ਪੰਜਾਬੀ ਸਾਹਿਤ ਵਿੱਚ ਪ੍ਰਾਪਤ ਆਲੋਚਨਾ ਦੀਆਂ ਪੁਸਤਕਾਂ ਤਿੰਨ ਵਰਗਾਂ ਵਿੱਚ ਵੰਡੀਆ ਜਾ ਸਕਦੀਆਂ ਹਨ-ਮੌਲਿਕ, ਸੰਪਾਦਿਤ ਅਤੇ ਅਨੁਵਾਦਿਤ। ਇਸ ਪ੍ਰਸੰਗ ਅਧੀਨ ਪਹਿਲੇ ਵਰਗ ਵਿੱਚ ਮੌਲਿਕ ਪੁਸਤਕਾਂ ਹਨ। ਪੰਜਾਬੀ ਨਾਰੀ ਸਾਹਿਤ ਅਧਿਐਨ ਸੀਰੀਜ਼ (ਪਹਿਲੀ ਤੋਂ ਚੌਥੀ ਜਿਲਦ) ਅਧੀਨ ਡਾ. ਅਰਵਿੰਦਰਪਾਲ ਕੌਰ ਦੁਆਰਾ ਰਚਿਤ ਚਾਰ ਪੁਸਤਕਾਂ-'ਪੰਜਾਬੀ ਸ੍ਵੈਜੀਵਨੀ' (1991),'ਅੰਮ੍ਰਿਤਾ-ਪ੍ਰਭਜੋਤ ਕਾਵਿ'(1991),'ਨਾਰੀ-ਕਾਵਿ ਚਿੰਤਨ' (ਮਿਤੀਹੀਣ), 'ਨਾਰੀ ਸੰਵੇਦਨਾ ਅਤੇ ਆਧੁਨਿਕ ਪੰਜਾਬੀ ਨਾਰੀ ਕਾਵਿ'(1991) ਆਪਣੀ ਕਿਸਮ ਦਾ ਪਹਿਲਾ ਕਾਰਜ ਹੈ। 'ਪੰਜਾਬੀ ਸ੍ਵੈਜੀਵਨੀ' ਪੁਸਤਕ ਵਿੱਚ ਨਾਰੀ ਲੇਖਿਕਾਵਾਂ (ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ) ਦੀਆਂ ਸ੍ਵੈਜੀਵਨੀਆਂ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ ਅਤੇ ਬਾਕੀ ਤਿੰਨੇ ਪੁਸਤਕਾਂ ਨਾਰੀ ਸੰਵੇਦਨਾ ਦੇ ਸਿਧਾਂਤਕ ਪੱਖ ਤੇ ਚਾਨਣਾ ਪਾਉਂਦੀਆਂ ਹੋਈਆਂ ਨਾਰੀ ਲੇਖਿਕਾਵਾਂ ਦੀਆਂ ਕਵਿਤਾਵਾਂ ਵਿਚਲੀ ਨਾਰੀ ਸੰਵੇਦਨਾ ਨੂੰ ਉਜਾਗਰ ਕਰਦੀਆਂ ਹਨ।

ਪੰਜਾਬੀ ਨਾਰੀਵਾਦੀ ਆਲੋਚਨਾ ਨਾਲ ਸਬੰਧਤ ਅਗਲੀਆਂ ਮੌਲਿਕ ਪੁਸਤਕਾਂ ਇਕ ਪਾਸੇ ਨਾਰੀ ਦੀ ਸਥਿਤੀ, ਨਾਰੀਵਾਦੀ ਲਹਿਰ, ਨਾਰੀਵਾਦੀ ਮਸਲੇ, ਨਾਰੀਵਾਦੀ ਸਿਧਾਂਤ/ ਸਾਹਿਤ ਸਿਧਾਂਤ ਨੂੰ ਚਿਤਰਦੀਆਂ ਹਨ ਅਤੇ ਨਾਲ ਹੀ ਨਾਰੀ ਰਚਿਤ ਪੰਜਾਬੀ ਸਾਹਿਤ ਦਾ ਨਾਰੀਵਾਦੀ ਨਜ਼ਰੀਏ ਤੋਂ ਮੁਲਾਂਕਣ ਕਰਦੀਆਂ ਹਨ। 'ਨਾਰੀ ਚੇਤਨਾ, ਨਾਰੀ ਨੀਝ' (ਡਾ. ਚਰਨਜੀਤ ਕੌਰ, 1999); ਨਾਰੀਵਾਦ ਤੇ ਸਾਹਿਤ' (ਡਾ.ਵਨੀਤਾ, 2000), 'ਨਾਰੀਵਾਦੀ ਚਿੰਤਨः ਪਰਿਪੇਖ ਤੇ ਵਿਹਾਰ' (ਡਾ.ਬੇਅੰਤ ਕੌਰ, 2001), 'ਨਾਰੀਵਾਦ ਸਿਧਾਂਤ, ਚਿੰਤਨ ਤੇ ਵਿਹਾਰ' (ਡਾ. ਬਲਵਿੰਦਰ ਕੌਰ ਬਰਾੜ, 2002) ਨਾਰੀਵਾਦੀ ਆਲੋਚਨਾ ਨਾਲ ਸਬੰਧਤ ਮਹੱਤਵਪੂਰਨ ਪੁਸਤਕਾਂ ਹਨ।

21ਵੀਂ ਸਦੀ ਦੇ ਸ਼ੁਰੂਆਤੀ ਦੌਰ ਤੋਂ ਹੀ ਪੰਜਾਬੀ ਨਾਰੀਵਾਦੀ ਆਲੋਚਨਾ ਨਾਲ ਸਬੰਧਤ ਪੁਸਤਕਾਂ ਦੀ ਫਹਿਰਿਸਤ ਲੰਬੀ ਹੈ। ਇਹਨਾਂ ਵਿੱਚ ਜ਼ਿਆਦਾਤਰ ਪੁਸਤਕਾਂ ਖੋਜ-ਪ੍ਰਬੰਧ ਦਾ ਹੀ ਕਿਤਾਬੀ ਰੂਪ ਹਨ। ਇਹਨਾਂ ਜ਼ਿਕਰਯੋਗ ਪੁਸਤਕਾਂ ਦੇ ਅੰਤਰਗਤ ਨਾਰੀਵਾਦ' (ਹਰਪ੍ਰੀਤ ਕੌਰ, 2003), 'ਪ੍ਰੀਤਲੜੀ,ਦੁੱਗਲ ਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ: ਨਾਰੀਵਾਦੀ ਪਰਿਪੇਖ' (ਗੁਰਜਿੰਦਰ ਕੌਰ, 2003), 'ਨਾਰੀ ਚੇਤਨਾ ਅਤੇ ਆਧੁਨਿਕ ਪੰਜਾਬੀ ਕਾਵਿ' (ਰੋਜ਼ੀ ਸੋਨੀ, 2003); ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ ਦੇ ਇਸਤਰੀ ਪਾਤਰ' (ਪਰਮਿੰਦਰਜੀਤ ਕੌਰ, 2004), ਨਾਰੀਵਾਦੀ ਸੰਵੇਦਨਾ ਤੇ ਦਲੀਪ ਕੌਰ ਟਿਵਾਣਾ ਦਾ ਗਲਪ' (ਇੰਦਰਜੀਤ ਕੌਰ, 2005), ਨਾਰੀਵਾਦੀ ਚਿੰਤਨ ਅਤੇ ਪੰਜਾਬੀ ਕਹਾਣੀ' (ਰਜਨੀ ਰਾਣੀ, 2006), 'ਪਰਵਾਸੀ ਨਾਰੀ ਨਾਵਲਕਾਰਾਂ ਦੀ ਨਾਰੀ ਚੇਤਨਾ' (ਹਰਕਮਲ ਕੌਰ, 2006), 'ਨਾਰੀ ਚੇਤਨਾ:

ਸਿਧਾਂਤ ਤੇ ਵਿਹਾਰ' (ਰੁਪਿੰਦਰ ਕੌਰ ਸੰਧੂ, 2007), 'ਨਾਰੀ ਚੇਤਨਾ ਦੀ ਕਵਿਤਾ' (ਸਨੋਬਰ, 2008), 'ਅਜੀਤ ਕੌਰ ਦੀਆਂ ਗਲਪੀ ਰਚਨਾਵਾਂ ਦੀ ਨਾਰੀਵਾਦੀ ਆਲੋਚਨਾ' (ਨਵਨੀਤ ਕੌਰ ਦੁੱਗਲ, 2010), 'ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਦਾ ਨਾਵਲੀ ਜਗਤ' (ਜਸਬੀਰ ਕੌਰ, 2011) ਬੂਵਆਰ ਦਾ ਨਾਰੀਵਾਦ (ਮਸਲੇ ਤੇ ਮੁਲਾਂਕਣ)' ਅਤੇ ਨਾਰੀਵਾਦ ਤੇ ਸਾਹਿਤ ਸਮੀਖਿਆ' (ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, 2011, 2013), 'ਨਾਰੀਵਾਦੀ ਚੇਤਨਾ ਅਤੇ ਨਾਰੀ ਕਾਵਿ' (ਸਾਰਿਕਾ ਸ਼ਰਮਾ, 2012) ਨਾਰੀਵਾਦ ਤੇ ਪੰਜਾਬੀ ਕਵਿਤਾ' (ਮਨਜੀਤਪਾਲ ਕੌਰ ਦੀ ਕਵਿਤਾ ਦੇ ਸੰਦਰਭ ਵਿੱਚ) (ਅਮਨਦੀਪ ਕੌਰ, 2014), ਨਾਰੀਵਾਦ ਪਰਿਪੇਖ' (ਕਿੱਸਾ ਪੂਰਨ ਭਗਤ, ਪੂਰਨ ਨਾਥ ਜੋਗੀ, ਲੂਣਾ ਅਤੇ ਸੁੰਦਰਾ ਦੇ ਪ੍ਰਸੰਗ ਵਿਚ) (ਮਨਜੀਤ ਰੰਧਾਵਾ, 2014), 'ਪੰਜਾਬੀ ਕਵਿਤਾ ਤੇ ਉੱਤਰ ਨਾਰੀਵਾਦ' (ਪਰਵੀਨ ਕੁਮਾਰ, 2014), 'ਨਾਰੀ ਦਾ ਹਾਸ਼ੀਆਗਤ ਅਸਿਸਤਵ' (ਸਿਮਰਜੀਤ ਗਿੱਲ, 2014), ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਤੇ ਅਜੀਤ ਕੌਰ ਦੀ ਕਥਾ ਦ੍ਰਿਸ਼ਟੀ' (ਹਰਦੀਪ ਕੌਰ, 2015), 'ਨਾਰੀਵਾਦੀ ਸੰਦਰਭ:ਪੰਜਾਬੀ ਅਤੇ ਪਰਵਾਸੀ ਨਾਵਲ' (ਜਸਵੀਰ ਕੌਰ, 2016), 'ਨਾਰੀਵਾਦ ਸਿਧਾਂਤ ਤੇ ਵਿਹਾਰ' (ਵੀਰਪਾਲ ਕੌਰ ਸਿਵੀਆ, 2016) 'ਨਾਰੀ, ਨਾਰੀਵਾਦ ਤੇ ਬੁੱਧ ਧਰਮ' (ਪ੍ਰਦੀਪ ਕੌਰ, 2017), 'ਨਾਰੀ ਸੰਵੇਦਨਾ ਅਤੇ ਡਾ. ਮਨਜੀਤਪਾਲ ਕੌਰ ਦੇ ਕਾਵਿ ਨਾਟਕ' (ਗੁਲਬਹਾਰ ਸਿੰਘ, 2018), 'ਨਾਰੀ ਵਿਵੇਚਨ' (ਮਨਿੰਦਰਜੀਤ ਕੌਰ, 2019) ਆਦਿ।

ਨਾਰੀ ਦੀ ਸਥਿਤੀ ਤੇ ਪ੍ਰਾਪਤੀਆਂ ਨਾਲ ਸੰਬੰਧਤ ਕੁਝ ਹੋਰ ਪੁਸਤਕਾਂ 'ਨਾਰੀ ਦਾ ਮੁੱਢਲਾ ਕਦਮ' (ਡਾ. ਸਰਬਜੀਤ ਕੌਰ ਸੰਧਾਵਾਲੀਆ, 1996), 'ਔਰਤ ਈਮਾਨ ਹੈ' (ਕੁਲਵੰਤ ਕੌਰ, 2000), ਔਰਤ ਸਸ਼ਕਤੀਕਰਨ ਸੰਕਲਪ ਤੇ ਰੂਪ:ਲੋਕਧਾਰਾਈ ਪਰਿਪੇਖ' (ਗੁਰਦੀਸ਼ ਬਾਜਵਾ, 2013) ਆਦਿ ਪੁਸਤਕਾਂ ਵੀ ਹਨ। ਨਾਰੀਵਾਦੀ ਆਲੋਚਨਾ ਨਾਲ ਸਬੰਧਤ ਦੂਜਾ ਵਰਗ ਸੰਪਾਦਿਤ ਪੁਸਤਕਾਂ ਦਾ ਹੈ। 'ਨਾਰੀ ਦ੍ਰਿਸ਼ਟੀ' (ਡਾ.ਚਰਨਜੀਤ ਕੌਰ, ਮਿਤੀਹੀਣ), 'ਅਜੋਕੀ ਔਰਤ-ਦਸ਼ਾ ਤੇ ਦਿਸ਼ਾ' (ਦੇਵਿੰਦਰਪ੍ਰੀਤ, 2012), 'ਲੋਕ ਕਾਵਿ: ਨਾਰੀ ਦ੍ਰਿਸ਼ਟੀ' (ਡਾ.ਹਰਿੰਦਰ ਕੌਰ ਸੋਹਲ, 2016) ਇਸ ਵਰਗ ਨਾਲ ਸਬੰਧਤ ਪੁਸਤਕਾਂ ਹਨ।

ਪੰਜਾਬੀ ਨਾਰੀਵਾਦੀ ਆਲੋਚਨਾ ਦੀਆਂ ਅੰਤਰਦ੍ਰਿਸ਼ਟੀਆਂ ਦੀ ਨਿਸ਼ਾਨਦੇਹੀ ਕਰਨ ਸਮੇਂ ਇਸ ਪਰਚੇ ਦਾ ਜ਼ਿਆਦਾਤਰ ਫੋਕਸ ਮੌਲਿਕ ਪੁਸਤਕਾਂ ਤੇ ਹੈ। ਬਹੁਤੀਆਂ ਮੌਲਿਕ ਪੁਸਤਕਾਂ ਦੋ ਹਿੱਸਿਆਂ ਵਿੱਚ ਵੰਡੀਆਂ ਹੋਈਆਂ ਹਨ-ਸਿਧਾਂਤਕ ਪੱਖ ਤੇ ਵਿਹਾਰਕ ਪੱਖ। ਸਿਧਾਂਤਕ ਪੱਖ ਵਿੱਚ ਨਾਰੀਵਾਦ ਦੇ ਸਿਧਾਂਤਕ ਤੇ ਇਤਿਹਾਸਕ ਪਰਿਪੇਖ ਉਲੀਕਣ ਤੋਂ ਇਲਾਵਾ ਨਾਰੀ ਦੀ ਸਮਾਜਿਕ ਤੇ ਸਭਿਆਚਾਰਕ ਸਥਿਤੀ ਨੂੰ ਨਾਰੀਵਾਦੀ ਪਰਿਪੇਖ ਤੋਂ ਵਿਚਾਰਿਆ ਗਿਆ ਹੈ। ਵਿਹਾਰਕ ਪੱਖ ਵਿਚ ਆਧੁਨਿਕ ਪੰਜਾਬੀ ਸਾਹਿਤ ਦੀਆਂ ਵਿਭਿੰਨ ਵਿਧਾਵਾਂ (ਖਾਸ ਕਰਕੇ ਗਲਪ ਤੇ ਕਵਿਤਾ) ਵਿਚ ਨਾਰੀ ਰਚਿਤ ਸਾਹਿਤ ਵਿਚ ਨਾਰੀ ਦੀ ਪੁਜੀਸ਼ਨ/ਹੋਂਦ ਦਾ ਮੁਲਾਂਕਣ ਨਾਰੀਵਾਦੀ ਨਜ਼ਰੀਏ ਤੋਂ ਕੀਤਾ ਗਿਆ ਹੈ।

ਭਾਰਤੀ ਸਭਿਆਚਾਰ ਵਿਚ ਨਾਰੀ ਦੇ ਸਮੇਂ-ਸਮੇਂ ਰੂਪਾਂਤਰਿਤ ਹੁੰਦੇ ਪਰਿਪੇਖ ਨੂੰ ਵਿਚਾਰਦੀਆਂ ਇਹ ਪੁਸਤਕਾਂ ਨਾਰੀ ਦੀ ਰੂੜੀਬੱਧ ਪਰਿਕਲਪਨਾਂ ਦਾ ਵਿਸ਼ਲੇਸ਼ਣ ਕਰਦੀਆਂ ਹੋਈਆਂ ਮੱਧਕਾਲੀ ਸਾਹਿਤ (ਵੇਦਾਂ, ਸਿਮਰਤੀਆਂ, ਧਰਮ ਸ਼ਾਸਤਰਾਂ, ਸਾਹਿਤ ਸ਼ਾਸਤਰਾਂ) ਵਿਚ ਨਾਰੀ ਨੂੰ ਜੋ ਪਛਾਣ ਅਲਾਟ ਹੋਈ, ਉਸਦਾ ਨਾਰੀਵਾਦੀ ਨਜ਼ਰੀਏ ਤੋਂ ਪੁਨਰ ਮੁਲਾਂਕਣ ਕਰਦੀਆਂ

ਹਨ। ਨਾਰੀ ਦੀ ਇਤਿਹਾਸਕ ਸਥਿਤੀ ਦੇ ਅਜਿਹੇ ਹਵਾਲੇ ਵੀ ਦਿੱਤੇ ਗਏ ਹਨ, ਜਿਹੜੇ ਸ਼ੁਰੂਆਤੀ ਦੌਰ ਵਿਚ ਨਾਰੀ ਦੀ ਆਦਰਯੋਗ ਸਥਿਤੀ ਦਾ ਵਰਨਣ ਕਰਦੇ ਹਨ। ਇਹਨਾਂ ਪੁਸਤਕਾਂ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਜਾਤ-ਪਾਤ ਦਾ ਸੰਕਲਪ ਸਾਹਮਣੇ ਆਉਣ ਨਾਲ ਹੱਕਾਂ ਤੋਂ ਵਿਰਵੀ ਹੁੰਦੀ ਨਾਰੀ ਦੀ ਅਧੀਨਗੀ ਵਾਲੀ ਸਥਿਤੀ ਲਈ 'ਮਨੂੰ ਸਿਮਰਤੀ' ਜ਼ਿੰਮੇਵਾਰ ਹੈ। ਬੁੱਧਮੱਤ, ਨਾਥਮਤ ਦਾ ਦ੍ਰਿਸ਼ਟੀਕੋਣ ਨਾਰੀ ਪੱਖੀ ਨਹੀਂ ਸੀ। ਇਸਲਾਮ ਦੀ ਆਮਦ ਨਾਰੀ ਦੀ ਹੀਣੀ ਸਥਿਤੀ ਵਿੱਚ ਵਾਧਾ ਕਰਦੀ ਹੈ। ਨਾਰੀ ਦੀ ਵਿਦਿਆ ਪ੍ਰਾਪਤੀ ਦਾ ਹੱਕ ਮੁਗਲਾਂ ਦੇ ਆਉਣ ਨਾਲ ਖੋਹਿਆ ਜਾਂਦਾ ਹੈ। ਬ੍ਰਿਟਿਸ਼ ਸ਼ਾਸਕਾਂ ਦੀ ਆਮਦ ਨਾਰੀ ਦੀ ਸਥਿਤੀ ਵਿਚ ਸੁਧਾਰ ਲਿਆਉਂਦੀ ਹੈ ਤੇ ਨਾਲ ਹੀ ਸਮਾਜ ਸੁਧਾਰਕ(ਮਰਦ) ਨਾਰੀ ਨੂੰ ਬਰਾਬਰ ਅਧਿਕਾਰ ਦਿਵਾਉਣ ਦੀ ਪਹਿਲ ਕਰਦੇ ਹਨ।

ਨਾਰੀਵਾਦੀ ਆਲੋਚਨਾ ਨਾਲ ਸੰਬੰਧਤ ਇਹਨਾਂ ਪੁਸਕਤਾਂ ਵਿੱਚ ਨਾਰੀ ਦੀ ਸਨਮਾਨਯੋਗ ਸਥਿਤੀ ਲਈ ਸਿੱਖਮਤ ਦੀ ਗੌਲਣਯੋਗ/ਵਿਚਾਰਨਯੋਗ ਭੂਮਿਕਾ ਨੂੰ ਉਲੀਕਿਆ ਗਿਆ ਹੈ। ਗੁਰੂ ਸਾਹਿਬਾਨ, ਭਗਤ ਰਵੀਦਾਸ, ਨਾਮਦੇਵ ਤੇ ਕਬੀਰ ਬਾਣੀ ਵਿਚ ਪੇਸ਼ ਹੋਈ ਨਾਰੀ ਪਰਿਕਲਪਨਾ ਦੀ ਸਾਰਥਿਕਤਾ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਨਾਰੀ ਦੇਹ ਦੀ ਵਿੱਲਖਣਤਾ ਦੇ ਸਿਧਾਂਤ ਨੂੰ ਵੀ ਰੂਪਮਾਨ ਕੀਤਾ ਹੈ। ਭਾਵੇਂ ਕਿ ਸਿੱਖ ਸਿਧਾਂਤ ਅਤੇ ਬਾਣੀ ਦੀ ਟੈਕਸਟ ਬਰਾਬਰੀ ਦੀ ਹਮਾਇਤ ਕਰਦੀ ਹੈ ਪਰ ਸਮਾਜਿਕ ਪ੍ਰਬੰਧ ਨਾਰੀ ਦੀ ਗੁਲਾਮੀ ਦਾ ਜ਼ਿਕਰ ਕਰਦਾ ਹੈ। ਇਸ ਲਈ 'ਲੋਕਧਾਰਾ' ਵਿਚ ਖਾਸ ਕਰਕੇ ਲੋਕ-ਗੀਤਾਂ ਵਿੱਚ ਨਾਰੀ ਆਪਣਾ 'ਰੋਹ' ਸਾਹਮਣੇ ਲਿਆਉਂਦੀ ਹੈ।

ਸਿਧਾਂਤਕ ਪੱਖ ਵਿੱਚ ਨਾਰੀ ਦੀ ਸਮਾਜਿਕ/ਸਭਿਆਚਾਰਕ ਸਥਿਤੀ ਨੂੰ ਉਲੀਕਣ ਦੇ ਨਾਲ-ਨਾਲ ਨਾਰੀਵਾਦੀ ਲਹਿਰ, ਨਾਰੀਵਾਦੀ ਮਸਲੇ ਅਤੇ ਨਾਰੀਵਾਦੀ ਸਾਹਿਤ-ਸਿਧਾਂਤਾ ਨੂੰ ਸਪੱਸ਼ਟ ਕੀਤਾ ਗਿਆ ਹੈ। ਇਹ ਪੁਸਤਕਾਂ 'ਨਾਰੀਵਾਦ' ਸ਼ਬਦ, ਨਾਰੀਵਾਦ ਸ਼ਬਦ ਤੋਂ ਪਹਿਲਾਂ ਵਰਤੋਂ ਵਿੱਚ ਆਉਣ ਵਾਲੇ ਸ਼ਬਦ, ਨਾਰੀਵਾਦੀ ਚਿੰਤਨ ਦਾ ਆਧਾਰ, ਨਾਰੀਵਾਦ ਦੇ ਇਤਿਹਾਸ ਵਿੱਚ ਇਸ ਲਹਿਰ ਨਾਲ ਸਬੰਧਤ ਪੁਸਤਕਾਂ ਰਾਹੀਂ ਨਾਰੀਵਾਦੀ ਸਿਧਾਂਤ ਨੂੰ ਮਿਲੀਆਂ ਨਵੀਆਂ ਅੰਤਰ ਦ੍ਰਿਸ਼ਟੀਆਂ, ਨਾਰੀਵਾਦੀ ਚਿੰਤਨ ਦੇ ਫਰਾਂਸੀਸੀ ਪਰਿਪੇਖ ਰਾਹੀਂ ਉਸਦੀ ਜੈਂਡਰਿਕ ਵਿਲੱਖਣਤਾ ਨੂੰ ਪਰਿਭਾਸ਼ਤ ਕਰਨਾ, ਨਾਰੀ ਭਾਸ਼ਾ ਦੀ ਮਹੱਤਤਾ ਨੂੰ ਉਭਾਰਦੇ ਹੋਏ ਪਿਤਰਕੀ ਭਾਸ਼ਾ ਨੂੰ ਨਿਗੇਟ ਕਰਨ ਵਰਗੇ ਅਹਿਮ ਪੱਖਾਂ ਤੇ ਚਾਨਣਾ ਪਾਉਂਦੀਆਂ ਹਨ। ਇਸ ਤੋਂ ਇਲਾਵਾ ਪੱਛਮ ਵਿੱਚ ਕਿਵੇਂ ਇਹ ਰਾਜਨੀਤਕ ਲਹਿਰ ਵਜੋਂ ਉਭਰੀ ਅਤੇ ਇਸ ਦਾ ਪ੍ਰਭਾਵ ਬਾਕੀ ਦੇਸ਼ਾਂ ਨੇ ਕਿਵੇਂ ਕਬੂਲਿਆ। ਪੱਛਮ ਵਿੱਚ ਵਿਕਸਿਤ ਹੋਏ ਨਾਰੀਵਾਦ ਤੇ ਪੂਰਬੀ ਨਾਰੀਵਾਦ ਦੇ ਸਾਂਝ ਤੇ ਵਖਰੇਵਿਆਂ ਨੂੰ ਵੀ ਬਿਆਨਿਆ ਗਿਆ ਹੈ।

ਪੰਜਾਬੀ ਨਾਰੀਵਾਦੀ ਆਲੋਚਨਾ ਦੀਆਂ ਪੁਸਤਕਾਂ ਵਿੱਚ ਨਾਰੀਵਾਦ ਲਹਿਰ ਦੇ ਪੱਛਮੀ ਚਿੰਤਕਾਂ ਵੱਲੋਂ ਉਭਾਰਿਆ 'ਸੈਕਸ ਅਤੇ ਜੈਂਡਰ' ਦੇ ਸਪੱਸ਼ਟੀਕਰਨ ਦਾ ਨਿਧਾਨ ਸਾਹਮਣੇ ਆਉਂਦਾ ਹੈ। ਸੈਕਸ ਸ਼ਬਦ ਦਾ ਸੰਬੰਧ ਔਰਤ ਮਰਦ ਵਿਚਲੀ ਜੀਵ ਵਿਗਿਆਨਕ ਭਿੰਨਤਾ ਨਾਲ ਹੈ ਅਤੇ ਜੈਂਡਰ ਦਾ ਸੰਬੰਧ ਉਸ ਦੇ ਨਾਲ ਬੱਝੇ ਸੰਸਕ੍ਰਿਤਕ ਅਰਥਾਂ ਤੋਂ ਹੈ। ਅਮਰੀਕਨ ਨਾਰੀਵਾਦੀ ਆਲੋਚਨਾ ਦੇ ਪਸਾਰ ਨਾਲ ਸੰਬੰਧਤ ਪੁਸਤਕਾਂ 'ਸਾਹਿਤ ਲਿੰਗਵਾਦ' ਦੇ ਅਧਿਐਨ ਨਾਲ ਸੰਬੰਧਤ ਕਿਹੜੀਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕਰਦੀਆਂ ਹਨ। ਇਹਨਾਂ ਪੁਸਤਕਾਂ ਦੇ ਹਵਾਲੇ ਨਾਲ 'ਕੇਟ ਮਿੱਲਟ' ਦੀ ਪੁਸਤਕ 'Sexual Politics' ਪਿਤਰਕੀ ਪ੍ਰਬੰਧ ਵਿੱਚ

ਲਿੰਗਕ ਰਾਜਨੀਤੀ ਨੂੰ ਪਰਿਭਾਸ਼ਤ ਕਿਵੇਂ ਕਰਦੀ ਹੈ।ਕੇਟ ਮਿੱਲਟ ਨੇ 'ਸੈਕਸੂਅਲ ਪੋਲਿਟਿਕਸ' ਨੂੰ ਅਜਿਹੀ ਪ੍ਰਕਿਰਿਆ ਮੰਨਿਆ ਹੈ ਜਿਸ ਵਿਚ ਸ਼ਕਤੀ ਅਧਾਰਿਤ ਪ੍ਰਭੂਤਾ ਦਾ ਸੰਕਲਪ ਪੇਸ਼ ਕੀਤਾ ਗਿਆ ਹੈ। ਸ਼ਕਤੀ ਦਾ ਇਹ ਸੰਕਲਪ ਪੱਛਮੀ ਚਿੰਤਕਾਂ ਫੂਕੋ ਅਤੇ ਗ੍ਰਾਮਸਕੀ ਦੇ ਸੰਕਲਪ ਦੇ ਨੇੜੇ ਹੈ ਜਿਸ ਵਿਚ ਇਕ ਵਰਗ ਦਾ ਦੂਜੇ ਵਰਗ ਉਤੇ ਪ੍ਰਭੂਤਾ ਸਥਾਪਤ ਕਰਨਾ, ਵੱਡਾ ਲਖਸ਼ ਹੈ। ਵਰਗ ਪ੍ਰਭੂਤਾ ਨੂੰ ਮਿੱਲਟ ਨੇ ਲਿੰਗ ਪ੍ਰਭੂਤਾ ਵਿਚ ਬਦਲ ਦਿੱਤਾ ਹੈ।[2] ਇਹ ਪੁਸਤਕਾਂ ਆਰੰਭਲੇ ਨਾਰੀਵਾਦ ਦੇ ਉਹਨਾਂ ਪੱਖਾਂ 'ਤੇ ਚਾਨਣ ਪਾਉਂਦੀਆਂ ਹਨ ਜਿਸ ਅਨੁਸਾਰ ਨਾਰੀ ਨੂੰ ਸਿਰਫ ਕਾਮੁਕ ਵਸਤੂ ਦੇ ਤੌਰ ਤੇ ਪਛਾਣਿਆ ਗਿਆ ਹੈ।

ਨਾਰੀ ਮੁਕਤੀ ਅੰਦੋਲਨ ਨੇ ਨਾਰੀ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਉਹਨਾਂ ਪਰਸਥਿਤੀਆਂ ਨੂੰ ਸਾਹਮਣੇ ਲਿਆਂਦਾ ਜਿਸ ਵਿੱਚ ਨਾਰੀ ਦੇਹ ਤੇ ਵੀ ਮਰਦ/ਪਿੱਤਰਸੱਤਾ ਦਾ ਨਿਯੰਤਰਨ ਹੈ। ਨਾਰੀਵਾਦੀਆਂ ਦਾ ਤਰਕ ਹੈ ਕਿ 'ਪਿੱਤਰਸੱਤਾ ਦੀ ਸਮਝ ਵਿੱਚ ਹੋਰ ਵੀ ਜਟਿਲ ਯਥਾਰਥਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਅਜਿਹੇ ਸਮਾਜ ਵਿੱਚ ਰਹਿੰਦੇ ਹਾਂ ਜਿਸ ਵਿੱਚ ਰਾਜਨੀਤਿਕ, ਆਰਥਿਕ, ਸਾਂਸਕ੍ਰਿਤਕ ਅਤੇ ਸਮਾਜਿਕ ਕਾਰਨ ਮਿਲ ਜੁਲ ਕੇ ਨਾਰੀ ਦੇ ਸਵਾਸਥ ਤੇ ਅਸਰ ਪਾਉਂਦੇ ਹਨ ਅਤੇ ਉਸਦੀ ਪ੍ਰਜਨਣ ਅਤੇ ਲਿੰਗਕ ਭੂਮਿਕਾਵਾਂ ਦੀ ਸਮਝ ਨਿਰਧਾਰਿਤ ਕਰਦੇ ਹਨ।'[3] ਪੰਜਾਬੀ ਨਾਰੀਵਾਦੀ ਆਲੋਚਨਾ ਨਾਲ ਸਬੰਧਤ ਪੁਸਤਕਾਂ ਇਸ ਪੱਖ ਤੇ ਚਾਨਣਾ ਪਾਉਂਦੀਆਂ ਹਨ ਕਿ ਕਿਵੇਂ ਫਰਾਂਸੀਸੀ ਨਾਰੀ ਚਿੰਤਕਾਵਾਂ ਨੇ ਸਾਹਿਤਕ ਡਿਸਕੋਰਸ ਰਾਹੀਂ ਨਾਰੀ ਦੇਹ/ਆਤਮ ਦੀ ਵਿਲੱਖਣਤਾ ਨੂੰ ਉਜਾਗਰ ਕੀਤਾ ਗਿਆ ਹੈ। ਇਹ ਚਿੰਤਕਾਵਾਂ(*Helene Cixous, Julia Kristeva, luce Irigary*) ਨੇ ਨਾਰੀ ਕਾਮੁਕਤਾ, ਨਾਰੀ ਭਾਸ਼ਾ ਅਤੇ ਨਾਰੀ ਕਾਮਨਾ ਸੰਬੰਧੀ ਮਹੱਤਵਪੂਰਣ ਧਾਰਨਾਵਾਂ ਦਿੰਦੀਆਂ ਹਨ। ਫਰਾਂਸੀਸੀ ਚਿੰਤਕ *Helene Cixous* ਜਿੱਥੇ ਨਾਰੀ ਨੂੰ ਵਧੇਰੇ ਦੇਹ(body more) ਨਾਲ ਪਰਿਭਾਸ਼ਿਤ ਕਰਦੀ ਹੈ ਉਥੇ *Julia Kristeva* ਅਨੁਸਾਰ ਨਾਰੀ ਦੀ ਬੱਚਾ ਜਣਨ ਦੀ ਸਮਰੱਥਾ ਨਾਰੀਤਵ ਦੀ ਸਿਰਜਣਾਤਮਕ ਵਿਸ਼ੇਸ਼ਤਾ ਹੈ। *luce Irigary* ਦਾ ਮੰਨਣਾ ਹੈ ਕਿ ਨਾਰੀ ਦਾ ਸਮੁੱਚਾ ਦੇਹ ਵਿਧਾਨ ਅਤੇ ਉਸਦੀ ਸਿਰਜਣਾਤਮਕ ਸਮਰੱਥਾ ਉਸਨੂੰ ਵੱਖਰਾ ਆਤਮ ਦਿੰਦੀ ਹੈ ਅਤੇ ਇਸ ਦੀ ਪਛਾਣ ਹੋਣੀ ਲਾਜ਼ਮੀ ਹੈ।

ਨਾਰੀਵਾਦੀ ਸਾਹਿਤ/ਸਿਧਾਂਤ ਆਲੋਚਨਾ ਦਾ ਮਹੱਤਵ ਉਜਾਗਰ ਕਰਦੀਆਂ ਇਹ ਪੁਸਤਕਾਂ ਪਰੰਪਰਕ ਸਾਹਿਤ ਸਿਧਾਂਤਾਂ ਦੇ ਸਾਹਮਣੇ ਵੱਡੀ ਵੰਗਾਰ ਖੜ੍ਹੀ ਕਰਦੀਆਂ ਹਨ। ਭਾਸ਼ਾ ਬਾਰੇ ਨਾਰੀਵਾਦੀ ਚਿੰਤਨ ਦਾ ਤਰਕ ਹੈ ਕਿ ਨਾਰੀ ਦਾ ਸਾਂਸਕ੍ਰਿਤਕ ਵਰਤਾਰੇ ਵਿੱਚ ਪਰਿਵੇਸ਼ ਪਿਤਰਕੀ ਭਾਸ਼ਾ ਰਾਹੀਂ ਹੋਇਆ ਹੈ ਅਤੇ ਇਹ ਪੁਰਸ਼ ਭਾਸ਼ਾ ਹੀ ਨਾਰੀ ਦੇ ਦਮਨ ਲਈ ਬੁਨਿਆਦੀ ਤੌਰ ਤੇ ਜ਼ਿੰਮੇਵਾਰ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਨਾਰੀ ਭਾਸ਼ਾ ਦੀ ਮਹੱਤਤਾ ਤੇ ਇਸਦੀ ਅਣਹੋਂਦ ਸਬੰਧੀ ਡੇਲ ਸਪੈਂਡਰ(Dale Spender) ਦੇ ਹਵਾਲੇ ਨਾਲ ਡਾ. ਧਨਵੰਤ ਕੌਰ ਦਾ ਕਹਿਣਾ ਹੈ ਕਿ 'ਆਸਟਰੇਲੀਅਨ ਨਾਰੀਵਾਦੀ ਚਿੰਤਕ Dale Spender ਆਪਣੀ ਪੁਸਤਕ Man Made Language ਵਿਚ ਤਰਕ ਦਿੰਦੀ ਹੈ ਕਿ ਅਸੀਂ ਭਾਸ਼ਾ ਰਾਹੀਂ ਹੀ ਯਥਾਰਥ ਗ੍ਰਹਿਣ ਕਰਦੇ ਹਾਂ ਅਤੇ ਕਿਉਂਕਿ ਭਾਸ਼ਾ ਪਿਤਰਕੀ ਹੈ, ਸੰਸਾਰ ਦੀ ਮਰਦਾਵੀਂ ਤਸਵੀਰ ਦੇ ਰਹੀ ਹੈ, ਇਸ ਲਈ ਨਾਰੀ ਅਨੁਭਵ ਤਾਂ ਐਨਕੋਡ ਹੀ ਨਹੀਂ ਹੋ ਰਿਹਾ।'[4] ਨਾਰੀ ਆਪਣੇ ਤਜ਼ਰਬੇ ਅਤੇ ਜਿਨਸੀ ਚੇਤਨਾ ਦੇ ਆਧਾਰ ਤੇ ਨੈਤਿਕ ਤਰਕ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਦੀ/ਸਮਝ ਸਕਦੀ ਹੈ। ਨਾਰੀਵਾਦੀ ਆਲੋਚਨਾ ਦੀਆਂ ਪੁਸਤਕਾਂ ਵਿਚ ਨਾਰੀ ਲੇਖਨ ਦੀ ਮਹਤੱਤਾ ਸਬੰਧੀ ਦੋ ਤਰ੍ਹਾਂ ਦੇ

ਅਧਿਐਨ ਸਾਹਮਣੇ ਆਉਂਦੇ ਹਨ: 'ਫੈਮਿਨਿਸਟ ਕ੍ਰਿਟੀਕ' ਤੇ 'ਗਾਇਨੋਕ੍ਰਿਟੀਕ'। ਪਹਿਲੀ ਤਰ੍ਹਾਂ ਦੇ ਅਧਿਐਨ ਵਿੱਚ ਨਾਰੀ ਪਾਠਕ ਦੇ ਤੌਰ ਤੇ ਸਾਹਮਣੇ ਆਉਂਦੀ ਹੈ। ਇਸ ਅਧਿਐਨ ਵਿਚ ਮਰਦ ਨਾਰੀ ਬਾਰੇ ਕਿਵੇਂ ਸੋਚਦਾ ਹੈ, ਨਾਰੀ ਕਿਵੇਂ ਦੀ ਹੋਣੀ ਚਾਹੀਦੀ ਹੈ ਭਾਵ ਮਰਦ ਦੇ ਦ੍ਰਿਸ਼ਟੀਕੋਣ ਤੋਂ ਨਾਰੀ ਨੂੰ ਪ੍ਰਤਿਬਿੰਬਤ ਕੀਤਾ ਜਾਂਦਾ ਹੈ। ਅਜਿਹੇ ਅਧਿਐਨ ਵਿੱਚ ਨਾਰੀ ਪਾਠਕ ਦਾ ਸ਼ੋਸ਼ਣ ਹੁੰਦਾ ਹੈ ਜਿਵੇਂ ਕਿ ਉਪਭੋਗੀ ਸਭਿਆਚਾਰ ਤੇ ਫ਼ਿਲਮਾਂ ਵਿੱਚ। ਦੂਸਰੇ ਅਧਿਐਨ ਭਾਵ ਗਾਇਨੋਕ੍ਰਿਟੀਕ ਵਿੱਚ ਨਾਰੀ ਦਾ ਆਪ ਦਾ ਸਿਰਜਿਆ ਹੋਇਆ ਸਾਹਿਤ ਗਿਣਿਆ ਜਾਂਦਾ ਹੈ ਭਾਵ ਉਸਦੀ ਆਪਣੀ ਸਿਰਜਣਾਤਮਕਤਾ। ਇਸ ਵਿਚ ਨਾਰੀ ਦਾ ਅਨੁਭਵ, ਤਜਰਬੇ ਅਤੇ ਆਲੋਚਨਾ ਦੇ ਮਾਡਲ ਉਸ ਅਨੁਸਾਰੀ ਹੁੰਦੇ ਹਨ। ਇਹਨਾਂ ਪੁਸਤਕਾਂ ਨੇ ਇਸ ਮਹੱਤਵਪੂਰਨ ਪੱਖ ਤੇ ਵੀ ਚਾਨਣਾ ਪਾਇਆ ਕਿ ਪੱਛਮੀ ਚਿੰਤਕਾਂ *Mary Ellmann,Kate Millett, Ellen Moers, Nina Baym,Gilbert and Susan Gubar* ਨੇ ਨਾਰੀ ਦੀ ਸਾਹਿਤਕ ਪਰੰਪਰਾ ਨੂੰ ਖੋਜਿਆ ਅਤੇ ਇਹ ਸਿੱਟਾ ਕੱਢਿਆ ਕਿ ਨਾਰੀ ਦੀ ਆਪਣੀ ਭਾਸ਼ਾ ਹੀ ਨਾਰੀ ਅਨੁਭਵਾਂ ਅਤੇ ਨਾਰੀਤਵ ਦੇ ਸਿਰਜਣਾਤਮਕ ਪ੍ਰਗਟਾਵੇ ਦੀ ਪੇਸ਼ਕਾਰੀ ਦੇ ਸਮਰੱਥ ਹੈ।

ਨਾਰੀਵਾਦੀ ਸਾਹਿਤ ਸਿਧਾਂਤ ਨਾਰੀ ਲੇਖਨ ਦੀ ਅਹਿਮੀਅਤ ਨੂੰ ਉਜਾਗਰ ਕਰਦਾ ਹੈ। ਨਾਰੀ ਲੇਖਨ ਦੀ ਵਿਸ਼ੇਸ਼ਤਾ/ਵੱਖਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਨਾਰੀਵਾਦੀ ਆਲੋਚਨਾ ਨਾਲ ਸਬੰਧਤ ਪੁਸਤਕਾਂ ਦਾ ਦੂਜਾ ਹਿੱਸਾ ਨਾਰੀਵਾਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ ਦਾ ਮੁਲਾਂਕਣ/ਵਿਸ਼ਲੇਸ਼ਣ ਕਰਦਾ ਹੈ ਅਤੇ ਪੰਜਾਬੀ ਲੇਖਿਕਾਵਾਂ ਦੀਆਂ ਮੂਲ ਧਾਰਨਾਵਾਂ ਦੀ ਸ਼ਨਾਖਤ ਨਾਰੀਵਾਦੀ ਨਜ਼ਰੀਏ ਤੋਂ ਕੀਤੀ ਜਾਂਦੀ ਹੈ। ਨਾਰੀਵਾਦੀ ਲਹਿਰ ਦੇ ਪ੍ਰਭਾਵ ਅਧੀਨ ਆਧੁਨਿਕ ਕਾਲ ਵਿਚ ਪੰਜਾਬੀ ਲੇਖਿਕਾਵਾਂ ਨੇ ਨਾਰੀ ਦੀ ਸਵੈ ਪਛਾਣ ਤੇ ਸਵੈ ਹੋਂਦ ਨਾਲ ਸਬੰਧਤ ਮਸਲਿਆਂ ਦਾ ਸਾਹਿਤਕ ਰੂਪਾਂਤਕਣ ਕੀਤਾ। ਪੰਜਾਬੀ ਸਾਹਿਤ ਵਿਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਸੁਖਵੰਤ ਕੌਰ ਮਾਨ, ਕੈਲਾਸ਼ਪੁਰੀ, ਸ਼ਰਨ ਮੱਕੜ, ਮਨਜੀਤ ਟਿਵਾਣਾ, ਪਾਲ ਕੌਰ, ਚੰਦਨ ਨੇਗੀ, ਬਚਿੰਤ ਕੌਰ, ਵੀਨਾ ਵਰਮਾ ਆਦਿ ਕਈ ਹੋਰ ਜ਼ਿਕਰਯੋਗ ਨਾਮ ਹਨ ਜਿਹਨਾਂ ਦੀਆਂ ਰਚਨਾਵਾਂ ਵਿਚ ਔਰਤ ਦੀ ਹੋਂਦ ਤੇ ਹੋਣੀ, ਉਹਨਾਂ ਦੀ ਸਮਾਜਿਕ,ਸਭਿਆਚਾਰਚ ਤੇ ਆਰਥਿਕ ਸਥਿਤੀ ਬਾਰੇ ਵਿਸ਼ਲੇਸ਼ਣ ਤੇ ਔਰਤ ਮਰਦ ਸੰਬੰਧਾਂ ਦੀ ਸੂਖਮ ਪੇਸ਼ਕਾਰੀ ਮਿਲਦੀ ਹੈ। ਨਾਰੀ ਲੇਖਨ ਦੀ ਅਹਿਮੀਅਤ ਦੱਸਣ ਵਾਲੀ ਨਾਰੀਵਾਦੀ ਚਿੰਤਕਾਂ *Elaine Showltor, 'A Literature of their own : British women novelist from Bronte to Lessing 1978'* ਵਿੱਚ ਇਹ ਦਲੀਲ ਦਿੰਦੀ ਹੈ ਕਿ 'ਨਾਰੀ ਦੀਆਂ ਭਿੰਨ-ਭਿੰਨ ਜ਼ਿੰਦਗੀਆਂ ਅਤੇ ਫਰਜ਼ ਉਹਨਾਂ ਦੀਆਂ ਸਾਹਿਤਕ ਰਚਨਾਵਾਂ ਵਿਚ ਅਵੱਸ਼ ਹੀ ਭਿੰਨ-ਭਿੰਨ ਵਿਸ਼ਾ ਵਸਤੂ ਪੈਦਾ ਕਰਦੇ ਹਨ ਅਤੇ ਇਕ ਖ਼ਾਸ ਕਿਸਮ ਦੀ ਪਰੰਪਰਾ ਨੂੰ ਸੂਤਰਬੱਧ ਕਰਨ ਲਈ ਬਹੁਤ ਲੱਛਣ ਸਾਂਝੇ ਹਨ। ਜਦੋਂ ਅਸੀਂ ਨਾਰੀ ਲੇਖਿਕਾਵਾਂ ਵੱਲ ਇਕੱਠਿਆਂ ਵੇਖਦੇ ਹਾਂ ਤਾਂ ਅਸੀਂ ਇਕ ਕਲਪਨਾਤਮਕ ਨਿਰੰਤਰਤਾ ਵੇਖ ਸਕਦੇ ਹਾਂ ਜਿਸ ਵਿਚ ਖਾਸ ਕਿਸਮ ਦੇ ਨਮੂਨੇ, ਵਿਸ਼ੇ, ਸਮੱਸਿਆਵਾਂ ਅਤੇ ਬਿੰਬ ਪੀੜ੍ਹੀ ਦਰ ਪੀੜ੍ਹੀ ਚੱਲਦੇ ਹਨ।'[5]

ਪੰਜਾਬੀ ਨਾਰੀਵਾਦੀ ਆਲੋਚਨਾ ਦੀਆਂ ਪੁਸਤਕਾਂ ਨਾਰੀ ਲੇਖਕਾਂ ਦੀਆਂ ਰਚਨਾਵਾਂ ਦਾ ਨਾਰੀਵਾਦੀ ਨਜ਼ਰੀਏ ਤੋਂ ਮੁਲਾਂਕਣ ਕਰਦੀਆਂ ਹੋਈਆਂ ਇਹ ਪ੍ਰਭਾਵ ਉਲੀਕਦੀਆਂ ਹਨ ਕਿ ਨਾਰੀ ਲੇਖਿਕਾਵਾਂ ਆਪਣੇ ਰਚਨਾਵੀ ਸੰਸਾਰ ਵਿੱਚ ਨਾਰੀ ਦੀ ਨਿਗੂਣੀ ਸਥਿਤੀ ਦਾ

ਵਿਖੰਡਨ ਕਰਦੀਆਂ ਹੋਈਆਂ ਉਸਦੀ ਮਾਨਵੀ ਹੋਂਦ ਦੀ ਮਹਤੱਤਾ/ਸਾਰਥਕਤਾ ਨੂੰ ਪਰਿਭਾਸ਼ਤ ਕਰਦੀਆਂ ਹਨ। ਨਾਰੀ ਲੇਖਨ ਉਸਦੀ ਸਵੈ-ਪਛਾਣ/ਹੋਂਦ ਦੀ ਮਹਤੱਤਾ ਨੂੰ ਉਜਾਗਰ ਕਰਦਾ ਹੋਇਆ ਪਿਤਰਕੀ ਦੇ ਉਹਨਾਂ ਕੋਡਾਂ ਨੂੰ ਵੀ ਨਿਗੇਟ ਕਰਦਾ ਹੈ ਜਿਹੜੇ ਸਾਕਾਚਾਰੀ ਸੰਰਚਨਾ ਦੇ ਘੇਰੇ ਦੇ ਅੰਤਰਗਤ ਉਸਦੀ ਪਰਿਭਾਸ਼ਾ ਘੜਦੇ ਹਨ ਅਤੇ ਕਾਮੁਕ ਵਸਤੂ ਦੇ ਤੌਰ ਤੇ ਉਸਨੂੰ ਪਛਾਣ ਅਲਾਟ ਕਰਦੇ ਹਨ। ਇਸ ਤੋਂ ਇਲਾਵਾ ਨਾਰੀ ਲੇਖਨ ਨਾਰੀ ਦੇਹ ਦੀ ਵਿਲੱਖਣਤਾ, ਨਾਰੀ ਕਾਮੁਕਤਾ ਤੇ ਨਾਰੀ ਭਾਸ਼ਾ ਦੀ ਅਹਿਮੀਅਤ ਨੂੰ ਵੀ ਕੇਂਦਰ ਵਿੱਚ ਰੱਖਦਾ ਹੈ।

ਪੰਜਾਬੀ ਨਾਰੀਵਾਦੀ ਆਲੋਚਨਾ ਦੀਆਂ ਪੁਸਤਕਾਂ ਦੇ ਵਿਹਾਰਕ ਪੱਖ ਵਿੱਚ ਨਾਰੀ ਰਚਿਤ ਸਾਹਿਤ ਰਾਹੀਂ ਇਹ ਸਿੱਟੇ ਕੱਢੇ ਗਏ ਹਨ ਕਿ ਨਾਰੀ ਲੇਖਨ ਪੁਰਾਣੀਆਂ ਮਿੱਥਾਂ, ਜੋ ਪੁਰਖ ਨੇ ਉਸ ਬਾਰੇ ਘੜੀਆਂ ਹਨ, ਉਹਨਾਂ ਨੂੰ ਚੁਣੌਤੀ ਦਿੰਦਾਂ ਹੋਇਆ, ਉਹਨਾਂ ਦਾ ਰੂਪਾਂਤਰਣ ਕਰਦਾ ਹੈ। ਨਾਰੀ ਲੇਖਨ ਆਪਣੇ ਅਨੁਭਵਾਂ ਦੀ ਵੱਖਰਤਾ ਰਾਹੀਂ ਨਾਰਿਤਾ ਨਾਲ ਜੁੜੇ ਪ੍ਰਸ਼ਨਾਂ ਦੇ ਮੁਖਾਤਿਬ ਹੁੰਦਿਆ ਉਹਨਾਂ ਸਥਿਤੀਆਂ ਨੂੰ ਬਿਆਨ ਕਰਦਾ ਹੈ ਕਿ ਰਚਨਾ ਵਿੱਚ ਪੇਸ਼ ਨਾਰੀ ਪਰਿਕਲਪਨਾ,ਨਾਰੀ ਜ਼ਿੰਦਗੀ ਨਾਲ ਕਿਵੇਂ ਅੰਤਰ ਸੰਬੰਧਿਤ ਹੈ। ਨਾਰੀ ਆਪੇ ਦੀ ਪੂਰਨਤਾ ਲਈ ਲੇਖਿਕਾਵਾਂ ਨਾਰੀ ਨੂੰ ਪਰੰਪਰਕ ਸਥਿਤੀ ਤੋਂ ਅਜ਼ਾਦ ਹੋਣ ਤੇ ਬਲ ਦਿੰਦੀਆਂ ਹੋਈਆਂ ਉਸਦੀ ਆਤਮਿਕਤਾ ਨਾਲ ਜੁੜੇ ਪ੍ਰਸ਼ਨਾਂ ਨੂੰ ਉਜਾਗਰ ਕਰਦੀਆਂ ਹਨ।

ਇਹਨਾਂ ਪੁਸਤਕਾਂ ਦੇ ਵਿਹਾਰਕ ਪੱਖ ਰਾਹੀਂ ਅਗਲਾ ਖੁਲਾਸਾ ਇਹ ਹੁੰਦਾ ਹੈ ਕਿ ਲੇਖਿਕਾਵਾਂ ਆਪਣੀਆਂ ਰਚਨਾਵਾਂ ਵਿੱਚ ਨਾਰੀ ਦੀ ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਸਥਿਤੀ ਨੂੰ ਹਵਾਲਿਆਂ ਸਹਿਤ ਪੇਸ਼ ਕਰਦੀਆਂ ਹੋਈਆਂ ਮਨੂੰ ਸਿਮਰਤੀ ਅਤੇ ਨਾਰੀ ਵਿਰੋਧੀ ਸਿਧਾਂਤਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਨਕਾਰਦੀਆਂ ਹਨ। ਨਾਰੀ ਦੀ ਹਾਸ਼ੀਆਗਤ ਸਥਿਤੀ ਨੂੰ ਚਿਤਰਦੀਆਂ ਇਸ ਸਿੱਟੇ ਤੇ ਪਹੁੰਚਦੀਆਂ ਹਨ ਕਿ ਆਰਥਿਕ ਅਜ਼ਾਦੀ ਦੀ ਪ੍ਰਾਪਤੀ ਮਗਰੋਂ ਵੀ ਨਾਰੀ ਪਿਤਰਕੀ ਵਿਹਾਰ ਦੇ ਵਿਤਕਰੇ/ਵਖਰੇਵੇਂ ਨੂੰ ਭੋਗਦੀ ਹੈ। ਲੇਖਿਕਾਵਾਂ ਦੇ ਰਚਨਾਵੀ ਸੰਸਾਰ ਵਿਚ ਸ਼ੁਰੂਆਤੀ ਦੌਰ ਦੀਆਂ ਰਚਨਾਵਾਂ ਵਿਚ ਪਿਤਰਕੀ ਦੇ ਧੱਕੇ,ਧੌਂਸ ਨੂੰ ਸਹਿੰਦੀ ਨਾਰੀ ਬਾਅਦ ਵਿਚ ਸੁਤੰਤਰ ਰੂਪ ਵਿੱਚ ਬੋਲਦੀ ਨਜ਼ਰ ਆਉਂਦੀ ਹੈ। ਮਹੱਤਵਪੂਰਣ ਇਹ ਹੈ ਕਿ ਮਿੱਥ ਅਤੇ ਇਤਿਹਾਸ ਦਾ ਵਿਸ਼ਲੇਸ਼ਣ ਨਾਰੀਵਾਦੀ ਦ੍ਰਿਸ਼ਟੀ ਤੋਂ ਨਾਰੀ ਦੁਆਰਾ ਰਚੀ ਹਰੇਕ ਵਿਧਾ ਵਿੱਚ ਹੋਇਆ ਹੈ। ਪ੍ਰਸਿੱਧ ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਵਿੱਚ ਨਾਰੀਵਾਦੀ ਦ੍ਰਿਸ਼ਟੀ ਤੋਂ ਮਿੱਥਾਂ ਦਾ ਵਿਭੰਜਨ ਹੋਇਆ ਮਿਲਦਾ ਹੈ। ਅੰਮ੍ਰਿਤਾ ਪ੍ਰੀਤਮ ਅਨੁਸਾਰ ਨਾਰੀ ਦੀ ਆਦਰਸ਼ਕ ਸਥਿਤੀ ਇਹ ਹੈ ਕਿ ਉਹ ਮਨਚਾਹੇ ਹਾਣੀ ਨਾਲ ਜ਼ਿੰਦਗੀ ਬਸਰ ਕਰੇ। ਅਜੀਤ ਕੌਰ ਦੀਆਂ ਰਚਨਾਵਾਂ 'ਫਾਲਤੂ ਔਰਤ' ਦਾ ਮੈਟਾਫਰ/ਪ੍ਰਤੀਕ ਸਿਰਜਦੀਆਂ ਹਨ ਅਤੇ ਉਹਨਾਂ ਪ੍ਰਸਥਿਤੀਆਂ ਵਿਚ ਨਾਰੀ ਆਪਣੀ ਹੋਂਦ ਦੇ ਅਰਥ ਤਲਾਸ਼ਦੀ ਹੈ। ਟਿਵਾਣਾ ਦੀਆਂ ਨਾਇਕਾਵਾਂ ਦੀ ਚੁੱਪ ਦੀ ਤਸਵੀਰਕਸ਼ੀ ਤਾਂ ਹੋਈ ਹੈ ਪਰ ਉਸਦੀਆਂ ਰਚਨਾਵਾਂ ਦੀ ਔਰਤ ਕੋਈ ਰਾਹ ਤਲਾਸ਼ੇ, ਇਸ ਦਾ ਬਿੰਬ ਘੱਟ ਉਘੜਦਾ ਹੈ। ਇਸ ਤੋਂ ਇਲਾਵਾ ਸੁਖਵੰਤ ਕੌਰ ਮਾਨ, ਚੰਦਨ ਨੇਗੀ, ਬਲਜੀਤ ਬੱਲੀ, ਬਚਿੰਤ ਕੌਰ, ਮਨਜੀਤ ਟਿਵਾਣਾ, ਪਾਲ ਕੌਰ, ਸੁਖਵਿੰਦਰ ਅੰਮ੍ਰਿਤ ਦੀਆਂ ਰਚਨਾਵਾਂ ਦਾ ਨਾਰੀਵਾਦੀ ਵਿਸ਼ਲੇਸ਼ਣ ਉਪਰੰਤ ਨਾਰੀ ਦੀ ਪਛਾਣ/ਹੋਂਦ ਨਾਲ ਜੁੜੇ ਸਮਾਜਿਕ, ਸਭਿਆਚਾਰਕ, ਇਤਿਹਾਸਕ ਤੇ ਆਰਥਿਕ ਪ੍ਰਸ਼ਨਾਂ ਨੂੰ ਉਭਾਰਿਆ ਗਿਆ ਹੈ। ਪਰਵਾਸੀ ਲੇਖਿਕਾਵਾਂ ਦੀਆਂ ਰਚਨਾਵਾਂ ਵਿਚ ਪਰਵਾਸ ਵਸਦੀ ਨਾਰੀ ਲਿੰਗਵਾਦ ਅਤੇ ਨਸਲਵਾਦ ਨਾਲ ਸਬੰਧੰਤ ਦੂਹਰੇ ਵਿਤਕਰੇ ਨੂੰ ਕਿਵੇਂ ਭੁਗਤਦੀ ਹੈ, ਬਾਹਰਲੇ ਮੁਲਕਾਂ

ਵਿਚ ਬਰਾਬਰ ਦੇ ਕਾਨੂੰਨ ਹੋਣ ਦੇ ਬਾਵਜੂਦ ਪੰਜਾਬੀ/ਭਾਰਤੀ ਬੰਦਾ ਉਹਨਾਂ ਨੂੰ ਕਿਵੇਂ ਆਪਣੇ ਲਈ ਰਾਖਵਾਂ ਰੱਖਦਾ ਹੈ, ਨੂੰ ਜਿਵੇਂ ਇਹ ਲੇਖਿਕਾਵਾਂ ਪੇਸ਼ ਕਰਦੀਆਂ ਹਨ, ਦਾ ਮੁਲਾਂਕਣ ਇਹਨਾਂ ਪੁਸਤਕਾਂ ਵਿੱਚ ਨਾਰੀਵਾਦੀ ਨਜ਼ਰੀਏ ਤੋਂ ਕੀਤਾ ਗਿਆ ਹੈ।

ਪੰਜਾਬੀ ਨਾਰੀਵਾਦੀ ਆਲੋਚਨਾ ਨਾਲ ਸਬੰਧਤ ਪੁਸਤਕਾਂ ਦਾ ਇਕ ਹੋਰ ਮਹੱਤਵਪੂਰਣ ਪੱਖ ਇਹ ਹੈ ਕਿ ਨਾਰੀਵਾਦੀ ਦ੍ਰਿਸ਼ਟੀ ਤੋਂ ਕੇਵਲ ਨਾਰੀ ਰਚਿਤ ਸਾਹਿਤ ਦਾ ਮੁਲਾਂਕਣ ਹੀ ਨਹੀਂ ਕੀਤਾ ਗਿਆ ਸਗੋਂ ਪੁਰਖ/ਮਰਦ ਲੇਖਣੀ ਨੂੰ ਵੀ ਨਾਰੀਵਾਦੀ ਨਜ਼ਰੀਏ ਤੋਂ ਵਾਚਿਆ ਗਿਆ ਹੈ। ਬੇਅੰਤ ਕੌਰ ਦੀ ਪੁਸਤਕ (ਨਾਰੀਵਾਦੀ ਚਿੰਤਨ:ਪਰਿਪੇਖ ਤੇ ਵਿਹਾਰ) ਵਿਚ ਮਰਦ ਲੇਖਕਾਂ ਦੀਆਂ ਰਚਨਾਵਾਂ (ਮਨਮੋਹਨ ਬਾਵਾ ਦੀ ਕਹਾਣੀ 'ਪ੍ਰਭਾਵਤੀ', ਡਾ.ਜਸਵਿੰਦਰ ਸਿੰਘ ਦੀ ਕਹਾਣੀ 'ਖਾਰੇ ਪੱਤਣ', ਰਣਜੀਤ ਸਿੰਘ ਭਿੰਡਰ ਦੀ ਕਹਾਣੀ 'ਸਰਦਾਰੀ') ਦਾ ਨਾਰੀਵਾਦੀ ਪਰਿਪੇਖ ਦੇ ਰੂ-ਬ-ਰੂ ਵਿਸ਼ਲੇਸ਼ਣ ਪਹਿਲੀ ਵਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਕ-ਦੋ ਹੋਰ ਪੁਸਤਕਾਂ(ਜਿਵੇਂ ਕਿ ਡਾ.ਚਰਨਜੀਤ ਕੌਰ ਦੀ ਪੁਸਤਕ 'ਨਾਰੀ ਨੀਝ' ਵਿੱਚ 'ਦਰਸ਼ਨ ਧੀਰ' ਰਚਿਤ 'ਰਣ ਭੂਮੀ', ਡਾ. ਗੁਰਜਿੰਦਰ ਕੌਰ ਦੀ ਪੁਸਤਕ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ, ਕਰਤਾਰ ਸਿੰਘ ਦੁੱਗਲ ਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ) ਮਰਦ ਲੇਖਕਾਂ ਦੀ ਲੇਖਣੀ ਦਾ ਮੁਲਾਂਕਣ ਨਾਰੀਵਾਦੀ ਨਜ਼ਰੀਏ ਤੋਂ ਕਰਦੀਆਂ ਹਨ। ਇਸ ਵਿੱਚ ਮਹੱਤਵਪੂਰਨ/ਦੇਖਣਾ ਇਹ ਹੈ ਕਿ ਮਰਦ ਲੇਖਕ ਨਾਰੀ ਹੋਂਦ ਨੂੰ ਕਿਵੇਂ ਪਰਿਭਾਸ਼ਤ ਕਰਦੇ ਹਨ। ਮਰਦ ਲੇਖਣੀ ਵਿੱਚ ਨਾਰੀ ਦੀ ਚੇਤੰਨ ਹੋਂਦ, ਉਸਦੀ ਦੇਹ ਦੀ ਸਿਰਜਨਾਤਮਕ ਵਿਲੱਖਣਤਾ ਨੂੰ ਉਜਾਗਰ ਤਾਂ ਕੀਤਾ ਹੈ ਪਰ ਅਜਿਹਾ ਸਭ ਨਾਰੀ ਆਤਮਿਕਤਾ ਦੀ ਸੰਤੁਸ਼ਟੀ ਲਈ ਨਹੀਂ, ਸਗੋਂ ਹੋਰਨਾਂ ਵਲੋਂ ਪ੍ਰਸੰਨਤਾ ਪ੍ਰਾਪਤ ਕਰਨ ਨਾਲ ਵਧੇਰੇ ਸੰਬੰਧਤ ਹੈ। ਅਗਲਾ ਪੱਖ ਇਹ ਹੈ ਕਿ ਉਹ ਨਾਰੀ ਦੇ ਦਮਨ ਭਰਪੂਰ ਸਮਾਜਕ ਰੂਪਾਂ ਦਾ ਬਦਲ ਨਹੀਂ ਪੇਸ਼ ਕਰ ਸਕੇ। ਇਸ ਪਿਤਰਕੀ ਪ੍ਰਬੰਧ ਵਿੱਚ ਨਾਰੀ ਦੀ ਮਾਨਸਿਕ ਸੰਤੁਸ਼ਟੀ ਕਿਵੇਂ ਹੋਵੇ, ਉਸਨੂੰ ਮਰਦ ਲੇਖਕਾਂ ਨੇ ਚਿਤਰਿਆ ਨਹੀਂ।

ਮਰਦ ਲੇਖਨੀ ਵਿਚ ਨਾਰੀ ਵਿਆਖਿਆ/ਮੁਲਾਂਕਣ ਨੂੰ ਨਾਰੀਵਾਦੀ ਪਰਿਪੇਖ ਦੇ ਅੰਤਰਗਤ ਕੇਟ ਮਿੱਲਟ ਵਲੋਂ ਦਿੱਤੇ ਗਏ ਨਾਰੀਵਾਦੀ ਪਰਿਪੇਖ 'ਲਿੰਗਕ ਰਾਜਨੀਤੀ' ਦੇ ਸੰਦਰਭ ਵਿਚ ਰੱਖ ਕੇ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ 'ਜੈਂਡਰ ਵਿਚਾਰਧਾਰਾ' ਦੇ ਪਰਿਪੇਖ ਅਧੀਨ ਇਹਨਾਂ ਰਚਨਾਵਾਂ ਦਾ ਮੁਲਾਂਕਣ ਕੀਤਾ ਗਿਆ ਹੈ। ਮਰਦ ਲੇਖਨੀ ਦਾ ਨਾਰੀਵਾਦੀ ਪਰਿਪੇਖ ਦੇ ਪੱਖੋਂ ਅਧਿਐਨ ਰਾਹੀਂ ਇਹ ਸਿੱਟਾ ਨਿਕਲਿਆ ਕਿ ਇਹ ਨਾਰੀ ਪਾਤਰ ਆਪਣੇ ਵਿਅਕਤਿਤਵ, ਅਸਤਿਤਵ/ਹੋਂਦ, ਇੱਛਾ/ਅਣਇੱਛਾ, ਮਨ/ਆਤਮਾ, ਦੇਹ ਦੀ ਸਿਰਜਨ ਸ਼ਕਤੀ ਪ੍ਰਤੀ ਚੇਤੰਨ ਤਾਂ ਹਨ ਪਰ ਅਖੀਰ ਵਿੱਚ ਪਿਤਰਕੀ ਦੀਆਂ ਗੁਪਤ ਚਾਲਾਂ ਦੇ ਚੱਕਰਵਿਊ ਵਿੱਚ ਘਿਰ ਜਾਂਦੇ ਹਨ। ਮਨਮੋਹਨ ਬਾਵਾ ਦੀ ਕਹਾਣੀ 'ਪ੍ਰਭਾਵਤੀ' ਦਾ ਨਾਰੀਵਾਦੀ ਨਜ਼ਰੀਏ ਤੋਂ ਵਿਸ਼ਲੇਸ਼ਣ ਉਪਰੰਤ ਡਾ. ਬੇਅੰਤ ਕੌਰ ਦਾ ਕਹਿਣਾ ਹੈ ਕਿ 'ਉਹ(ਲੇਖਕ) ਨਾਰੀ ਦੇਹ ਦੀ ਸਿਰਜਨਾਤਮਕ/ਜਣਨ ਵਿਸ਼ੇਸ਼ਤਾ ਨੂੰ ਵਡਿਆਉਂਦਾ ਹੈ। ਇਸ ਤੋਂ ਛੁੱਟ ਕਹਾਣੀ ਵਿੱਚ ਸਮੇਂ ਸਮੇਂ ਸਿਰ ਬੀਜੇ ਨਾਰੀ ਆਤਮਿਕਤਾ ਨਾਲ ਸਬੰਧਤ ਪ੍ਰਸ਼ਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਨਾਰੀ ਦੇਹ ਨਾਲੋਂ ਵੱਧ ਆਤਮਿਕਤਾ ਨਾਲ ਵੀ ਸਬੰਧਤ ਹੈ। ਲੇਖਕ ਨਾਰੀ ਦੀ ਚੇਤਨ ਹੋਂਦ ਪ੍ਰਤੀ ਸੁਚੇਤ ਹੈ,ਪਰ ਉਹ ਨਾਰੀ ਚੇਤਨਾ ਨੂੰ ਕਿਸੇ ਪ੍ਰਤਿਕਰਮ ਨਾਲ ਸਬੰਧਤ ਨਹੀਂ ਕਰਦਾ। ਇਥੇ ਨਾਰੀ ਚੇਤਨਾ ਕੇਵਲ ਵਿਆਖਿਆਤਮਕ ਸਥਿਤੀ ਨਾਲ ਜੁੜੀ ਹੋਈ ਹੈ।'[6]

ਨਾਰੀਵਾਦੀ ਨਜ਼ਰੀਏ ਤੋਂ ਮਰਦ ਲੇਖਨੀ ਦੇ ਵਿਸ਼ਲੇਸ਼ਣ ਦੌਰਾਨ ਇਹ ਮੁਲਾਂਕਿਤ

ਹੋਇਆ ਕਿ ਨਾਰੀ ਪਿਤਰਕੀ ਪ੍ਰਬੰਧ ਵਿੱਚ ਆਪਣੇ ਅਨੁਭਵ, ਆਪਣੀ ਹੋਂਦ ਦੇ ਅਰਥ ਕਿਵੇਂ ਸਥਾਪਤ ਕਰਦੀ ਹੈ। ਨਾਰੀ ਆਤਮਾ ਦਾ ਮਹੱਤਵ ਤਾਂ ਉਜਾਗਰ ਹੋਇਆ ਪਰ ਪਿਤਰਕੀ ਪ੍ਰਭਾਵ ਵੀ ਹਾਜ਼ਰ ਰਿਹਾ। ਪਰ ਫਿਰ ਵੀ ਇਹਨਾਂ ਰਚਨਾਵਾਂ ਨੇ ਨਾਰੀ ਪ੍ਰਤੀ ਨਵੇਂ ਪ੍ਰਤਿਮਾਨ ਸਿਰਜਣ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਨਾਰੀ ਲੇਖਨ ਨਾਰੀ ਦੀ ਸਵੈ ਹੋਂਦ/ਸਵੈ ਪਛਾਣ ਨੂੰ ਕਿਵੇਂ ਚਿਤਰਦਾ ਹੈ, ਨਾਰੀ ਦੀ ਸ਼ਨਾਖਤ ਲਈ ਕਿਹੜੀਆਂ ਧਾਰਨਾਵਾਂ ਨੂੰ ਰੱਦਦਾ/ਤੱਜਦਾ ਹੈ ਅਤੇ ਨਾਰੀ ਲੇਖਨ ਵਿਚਲੇ ਨਾਰੀ ਅਨੁਭਵ ਤੇ ਨਾਰੀ ਪਾਤਰਾਂ ਦੀ ਪੇਸ਼ਕਾਰੀ ਕਿਹੜੇ ਨਾਰੀ ਸਰੋਕਾਰਾਂ ਤੇ ਝਾਤ ਪਵਾਉਂਦੀ ਹੈ,ਵਰਗੇ ਅਹਿਮ ਸੁਆਲਾਂ ਦੇ ਜਵਾਬ ਇਹਨਾਂ ਪੁਸਕਤਾਂ ਦੀ ਪ੍ਰਾਪਤੀ ਹਨ। ਨਾਰੀ ਤੇ ਮਰਦ ਲੇਖਕਾਂ ਦੀਆਂ ਰਚਨਾਵਾਂ ਦਾ ਨਾਰੀਵਾਦੀ ਆਲੋਚਨਾ ਦੇ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਨ ਉਪਰੰਤ ਡਾ. ਬੇਅੰਤ ਕੌਰ ਦੀ ਇਹ ਧਾਰਨਾ ਹੈ ਕਿ 'ਪੁਰਖ, ਪਿਤਰਕ ਸੰਰਚਨਾ ਨੂੰ ਕਿਸੇ ਦਮਨ ਦੀ ਪਰਿਭਾਸ਼ਾ ਨਾਲ ਨਹੀਂ ਜੋੜਦਾ। ਇਸ ਲਈ ਦਮਨ ਦੇ ਅਕਸ ਵਜੋਂ ਉਭਰੀ ਨਾਰੀ ਦੀ ਪਿਤਰਕੀ ਪ੍ਰਬੰਧ ਨਾਲ ਟੱਕਰ ਬਹੁਤ ਸੂਖਮ ਅਤੇ ਸੀਮਿਤ ਦਰਸਾਈ ਜਾਂਦੀ ਹੈ। ਇਸਦੇ ਉਲਟ ਨਾਰੀ ਲੇਖਿਕਾਵਾਂ ਦੀ ਕਲਪਨਾ ਉਹਨਾਂ ਦੀ ਅੰਤਰੀਵ ਆਜ਼ਾਦੀ ਦਾ ਸਿਗਨੀਫੀਕੇਂਸ ਹੈ। ਉਹਨਾਂ ਦੀ ਯਾਤਰਾ ਆਪੇ ਦੀ ਪੂਰਨਤਾ ਨਾਲ ਸੰਬੰਧਿਤ ਹੁੰਦੀ ਹੈ। ਇਸ ਕਾਰਨ ਨਾਰੀ ਪੁਰਖ ਰਚਨਾਵਾਂ ਵਿੱਚ ਵੱਖਰਤਾ ਹੁੰਦੀ ਹੈ। ਪਰ ਨਾਰੀਵਾਦੀ ਪ੍ਰਭਾਵਾਂ ਦਾ ਸਿੱਟਾ ਹੋਣ ਕਾਰਨ ਪੁਰਖ ਲੇਖਕ ਵੀ ਆਪਣੀਆਂ ਰਚਨਾਵਾਂ ਵਿਚ ਨਾਰੀ ਨਾਲ ਜੁੜੇ ਸਵੈ ਪਛਾਣ ਦੇ ਮਸਲਿਆਂ ਨੂੰ ਉਲੀਕਦੇ ਤਾਂ ਹਨ ਪਰ ਉਹੁ ਉਹਨਾਂ ਦਾ ਨਿਭਾਅ ਉਸੇ ਤਰ੍ਹਾਂ ਨਹੀਂ ਕਰਦੇ ਜਿਵੇਂ ਨਾਰੀ ਲੇਖਕ ਕਰਦੇ ਹਨ।'[7]

ਪੰਜਾਬੀ ਨਾਰੀਵਾਦੀ ਆਲੋਚਨਾ ਦੀਆਂ ਅੰਤਰਦ੍ਰਿਸ਼ਟੀਆਂ ਸੰਬੰਧੀ ਲੇਖਾ-ਜੋਖਾ ਕਰਨ ਤੇ ਇਹ ਤੱਥ ਸਾਮਹਣੇ ਆਉਂਦਾ ਹੈ ਕਿ ਨਾਰੀਵਾਦੀ ਸਿਧਾਂਤ, ਚਿੰਤਨ, ਪਰਿਪੇਖ ਬਾਰੇ ਪੁਸਤਕਾਂ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਆਉਣੀਆਂ ਸ਼ੁਰੂ ਹੁੰਦੀਆਂ ਹਨ। ਇਹ ਪੁਸਤਕਾਂ ਨਾਰੀ ਦੀ ਇਤਿਹਾਸਕ ਤੇ ਸਭਿਆਚਾਰਕ ਸਥਿਤੀ ਨੂੰ ਪੜਾਅ ਦਰ ਪੜਾਅ ਉਲੀਕਣ ਦੇ ਨਾਲ-ਨਾਲ, ਨਾਰੀਵਾਦੀ ਸਾਹਿਤ ਚਿੰਤਨ ਤੋਂ ਮਿਲੀਆਂ ਅੰਤਰਦ੍ਰਿਸ਼ਟੀਆਂ ਨੂੰ ਪੰਜਾਬੀ ਵਿੱਚ ਸਮਝਣ/ਸਮਝਾਉਣ ਦਾ ਮਹੱਤਵਪੂਰਣ ਰੋਲ ਅਦਾ ਕਰਦੀਆਂ ਹਨ। ਮੁੱਢਲੇ ਦੌਰ ਦੀਆਂ ਪੁਸਤਕਾਂ ਪੱਛਮ ਵਿੱਚ ਚੱਲੀ ਨਾਰੀਵਾਦੀ ਲਹਿਰ ਅਤੇ ਨਾਰੀਵਾਦ ਨਾਲ ਸੰਬੰਧਤ ਪੱਛਮੀ ਚਿੰਤਕਾਂ ਬਾਰੇ ਮਹੱਤਵਪੂਰਣ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰਦੀਆਂ ਹਨ। ਇਹ ਪੁਸਤਕਾਂ ਪੰਜਾਬੀ ਸਾਹਿਤ(ਖਾਸ ਕਰਕੇ ਨਾਰੀ ਰਚਿਤ) ਵਿੱਚ ਨਾਰੀ ਦੀ ਪੇਸ਼ਕਾਰੀ ਦਾ ਮੁਲਾਂਕਣ ਨਾਰੀਵਾਦੀ ਨਜ਼ਰੀਏ ਤੋਂ ਕਰਦੀਆਂ ਹਨ। ਨਾਰੀਵਾਦੀ ਆਲੋਚਨਾ ਨਾਲ ਸਬੰਧਤ 21ਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਤੋਂ ਬਾਅਦ ਤੇ ਦੂਜੇ ਦਹਾਕੇ ਦੌਰਾਨ ਜਿਹੜੀਆਂ ਪੁਸਤਕਾਂ ਆ ਰਹੀਆਂ ਹਨ, ਉਹ ਬਿਨਾਂ ਸ਼ੱਕ ਕੁਝ ਨਵੇਂ ਪੱਛਮੀ ਚਿੰਤਕਾਂ ਨਾਲ ਜਾਣ-ਪਛਾਣ ਕਰਵਾ ਰਹੀਆਂ ਹਨ ਪਰ ਮੁੱਢਲੇ ਦੌਰ ਦੀਆਂ ਪੁਤਸਕਾਂ ਤੋਂ ਬਾਅਦ ਇਸ ਚਿੰਤਨ ਵੱਲ ਹੋਰ ਵੱਖਰੇਪਨ ਦੀ ਆਸ ਅਜੇ ਅਧੂਰੀ/ਅਪੂਰਨ ਹੈ। ਇਸੇ ਤਰ੍ਹਾਂ ਇਹਨਾਂ ਪੁਸਤਕਾਂ ਦੇ ਵਿਹਾਰਕ ਪੱਖ ਦੇ ਅਧਿਐਨ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਨਾਰੀ ਲੇਖਿਕਾਵਾਂ ਜਿਵੇਂ ਕਿ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਦੁਆਰਾ ਰਚਿਤ ਸਾਹਿਤ ਵਧੇਰੇ ਕੇਂਦਰ ਵਿਚ ਰਹਿੰਦਾ ਹੈ। ਸਿਰਫ਼ ਇੱਕਾ-ਦੁੱਕਾ ਪੁਸਤਕਾਂ ਹੀ ਹੋਰ ਭਾਰਤੀ/ਪਰਵਾਸੀ ਲੇਖਿਕਾਵਾਂ ਦੇ ਸਾਹਿਤ ਦਾ ਮੁਲਾਂਕਣ ਅਤੇ ਮਰਦ ਲੇਖਕਾਂ ਦੀਆਂ ਰਚਨਾਵਾਂ ਦਾ ਨਾਰੀਵਾਦੀ ਨਜ਼ਰੀਏ ਤੋਂ ਮੁਲਾਂਕਣ ਕਰਦੀਆਂ

ਹਨ।

ਪੰਜਾਬੀ ਨਾਰੀਵਾਦੀ ਆਲੋਚਨਾ ਦੀਆਂ ਅੰਤਰਦ੍ਰਿਸ਼ਟੀਆਂ ਨਾਲ ਸਬੰਧਤ ਅਗਲਾ ਅਹਿਮ ਪੱਖ ਇਹ ਵੀ ਹੈ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਵਿੱਚ ਨਾਰੀਵਾਦ ਨਾਲ ਸਬੰਧਤ ਅਨੁਵਾਦਿਤ ਪੁਸਤਕਾਂ ਦਾ ਰੁਝਾਨ ਵਧਿਆ ਹੈ। ਪੰਜਾਬੀ ਵਿੱਚ ਅਨੁਵਾਦਿਤ ਪੁਸਤਕਾਂ ਦੇ ਅੰਤਰਗਤ 'ਔਰਤ ਅਜ਼ਾਦ ਹੈ' (ਜਸਬੀਰ ਕੇਸਰ(ਅਨੁ ਤੇ ਸੰਪ.), 2004) ਪੁਸਤਕ ਵਿਚ ਹਿੰਦੀ ਲੇਖਕਾਂ ਦੇ ਲੇਖ ਅਨੁਵਾਦ ਕੀਤੇ ਹੋਏ ਹਨ ਜੋ ਕਿ ਮਾਸਕ ਪੱਤਰ 'ਹੰਸ' ਦੇ ਵੱਖਰੇ-ਵੱਖਰੇ ਅੰਕਾਂ ਤੋਂ ਲਏ ਗਏ ਹਨ। ਇਹ ਲੇਖ ਸਮੇਂ-ਸਮੇਂ ਤੇ ਆਈਆਂ ਨਾਰੀਵਾਦੀ ਲਹਿਰਾਂ (ਉਦਾਰਵਾਦੀ, ਮਾਰਕਸਵਾਦੀ, ਮਨੋਵਿਸ਼ਲੇਸ਼ਕ, ਅਰਾਜਕ ਤੇ ਸਮਾਜਕ ਨਾਰੀਵਾਦ) ਤੇ ਨਾਰੀਵਾਦੀ ਚਿੰਤਕਾਂ(*Simone de Beauvoir,Kate Millet,Harvey,Juliet Mitchell, Elaine Showalter, Shulamith Firestone, Gayatri Spivak)* ਦੇ ਹਵਾਲੇ ਨਾਲ ਨਾਰੀ ਦੀ ਸਥਿਤੀ, ਹੋਂਦ, ਭਾਸ਼ਾ ਦੀ ਸੰਰਚਨਾ, ਪ੍ਰਤੀਨਿਧਤਵ ਦਾ ਅਧਿਕਾਰ ਤੇ ਸਮੱਸਿਆ ਅਤੇ ਸੱਤਾ ਦੇ ਪ੍ਰਵਚਨ ਬਾਰੇ ਮਹੱਤਵਪੂਰਨ ਪ੍ਰਸ਼ਨਾਂ ਨੂੰ ਛੋਹਦੇ ਹਨ। ਇਹਨਾਂ ਲੇਖਾਂ ਵਿੱਚ ਅਗਲਾ ਮਹੱਤਵਪੂਰਨ ਪੱਖ ਇਹ ਹੈ ਕਿ ਕਿਵੇਂ ਮੀਡੀਆ ਰਾਹੀਂ ਨਾਰੀ ਦੇ ਵਿਅਕਤਿਤਵ ਦਾ ਮੁਲਾਂਕਣ ਨਾਰੀ ਦੇਹ ਨੂੰ 'ਪ੍ਰੋਡਕਟ' (ਸੈਕਸੀ ਤੇ ਖੂਬਸੂਰਤ) ਬਣਾ ਕੇ ਕੀਤਾ ਜਾਂਦਾ ਹੈ ਤੇ ਉਸ ਲਈ ਨਵਾਂ ਸ਼ਬਦ 'ਬਿੰਬੋ' (ਦਿਮਾਗ ਰਹਿਤ ਸੁੰਦਰ ਔਰਤ) ਘੜਿਆ ਜਾਂਦਾ ਹੈ। ਪਿੱਤਰ ਸੱਤਾ ਦੇ ਨਵੇਂ ਰੂਪਾਂ ਦੇ ਅੰਤਰਗਤ ਨਾਰੀ ਲਈ 'ਪਾਵਰ ਵੂਮੈਨ' ਵਰਗੇ ਨਵੇਂ ਸ਼ਬਦਾਂ ਦੀ ਘਾੜਤ, ਪੁਰਾਣੀਆਂ ਮਿੱਥਾਂ ਦੀ ਥਾਂ ਨਵੀਆਂ ਮਿੱਥਾਂ ਜਿਵੇਂ ਕਿ ਨਾਓਮੀ ਵੁਲਫ ਅਨੁਸਾਰ 'ਬਿਊਟੀ ਮਿੱਥ' ਨੇ 'ਨਾਰੀ ਅਜ਼ਾਦੀ' ਦੇ ਮਸਲੇ ਨੂੰ ਡਾਈਟਿੰਗ ਇੰਡਸਟਰੀ ਤੇ ਕਾਸਮੈਟਿਕ ਇੰਡਸਟਰੀ ਰਾਹੀਂ 'ਖੂਬਸੂਰਤ ਦੇਹ' ਦੇ ਮਸਲੇ ਵਿੱਚ ਬਦਲ ਦਿੱਤਾ ਹੈ। ਸਰੀਰਕ ਸੁੰਦਰਤਾ ਦੇ ਜਾਲ ਵਿੱਚ ਉਸਦਾ ਮਾਨਸਿਕ ਸੁਹਜ ਗੁਆਚ ਜਾਂਦਾ ਹੈ ਅਤੇ ਫਿਰ ਲੁਕਵੇ/ਅਣਦਿਸਦੇ ਢੰਗ ਨਾਲ ਉਹ ਪਰੰਪਰਕ ਚਾਲ ਵਿੱਚ ਗ੍ਰਸੀ ਜਾਂਦੀ ਹੈ।

ਸਾਲ, 2018 ਵਿੱਚ ਨਿਵੇਦਿਤਾ ਮੈਨਨ ਦੀ ਪੁਸਤਕ 'ਨਾਰੀਵਾਦੀ ਨਜ਼ਰੀਆ' ਇਕ ਵਚਨ ਤੋਂ ਬਹੁ-ਵਚਨ(ਸੰਪ. ਤੇ ਅਨੁ.-ਦਲਜੀਤ ਅਮੀ) ਚਰਚਾ ਵਿੱਚ ਆਉਂਦੀ ਹੈ। ਇਸ ਪੁਸਤਕ ਦਾ ਫੋਕਸ ਸਿਰਫ ਪੱਛਮ ਵਿੱਚ ਚੱਲੀ ਨਾਰੀਵਾਦੀ ਸੋਚ ਅਤੇ ਲਹਿਰ ਨੂੰ ਬਿਆਨਣਾ ਨਹੀਂ ਸਗੋਂ ਇਹ ਦੱਖਣੀ ਏਸ਼ਿਆਈ ਨਾਰੀਵਾਦੀ ਸਰਗਰਮੀ ਨਾਲ ਵਧੇਰੇ ਸਬੰਧਤ ਹੈ। ਨਾਰੀਵਾਦੀ ਲਹਿਰ ਦੇ ਬੁਨਿਆਦੀ ਮੁੱਦੇ ਜਿਸਮਾਨੀ ਲਿੰਗ ਤੇ ਸਮਾਜਿਕ ਲਿੰਗ ਤੇ ਫੋਕਸ ਕਰਦਿਆਂ ਲੇਖਿਕਾ ਦਾ ਮੰਨਣਾ ਹੈ ਕਿ 'ਲਿੰਗ ਵਿਤਕਰੇ ਨੂੰ ਕਾਇਮ ਰੱਖਣ ਦਾ ਆਖਰੀ ਕਿਲ੍ਹਾ ਜਿਸਮ ਦੀ ਬਣਤਰ ਉੱਤੇ ਟਿਕਿਆ ਹੋਇਆ ਹੈ ਜਿਸ ਦੀ ਸਮਾਜਿਕ ਪਛਾਣ ਨੂੰ ਕੁਦਰਤੀ ਦੇਣ ਨਹੀਂ ਮੰਨਿਆ ਜਾ ਸਕਦਾ। ਜਿਸਮ ਨੂੰ ਦੇਖਣ(ਨਜ਼ਰ), ਵੇਖਣ(ਵਿਚਾਰ) ਅਤੇ ਸਿਰਜਣ ਵਾਲਾ ਪ੍ਰਵਚਨ ਸਮੇਂ ਅਤੇ ਸਥਾਨ ਨਾਲ ਬਦਲਦਾ ਰਹਿੰਦਾ ਹੈ।'[8] ਇਹ ਪੁਸਤਕ ਪਿਤਾ-ਪੁਰਖੀ ਕਦਰਾਂ-ਕੀਮਤਾਂ ਰਾਹੀਂ ਘੜੀ ਭਾਵ ਪ੍ਰਵਾਨਿਤ ਨਾਰੀ ਦੀ ਪਛਾਣ, ਇਕਪਾਸੜ (ਮਰਦ ਪੱਖੀ) ਸਮਾਜਿਕ ਰਸਮਾਂ-ਰਿਵਾਜ, ਮਨੌਤਾਂ ਤੇ ਵਿਚਾਰਾ ਦਾ ਪਰਦਾ ਫਾਸ਼ ਕਰਦੀ ਹੈ। ਇਹ ਨਾਰੀ ਦੇ ਪਰੰਪਰਕ ਮੁੱਦਿਆ ਤੱਕ ਮਹਿਦੂਦ ਨਾ ਰਹਿ ਕੇ ਸਮਕਾਲੀ ਦੌਰ ਦੇ ਨਵੇਂ ਮਸਲਿਆਂ, ਸੁਆਲਾਂ, ਟੀਚਿਆਂ ਦੇ ਵੀ ਸਨਮੁੱਖ ਹੁੰਦੀ ਹੈ। ਭਾਰਤੀ ਨਾਰੀ ਦੇ ਮਸਲੇ ਜਿਵੇਂ ਵਿਆਹ, ਦਹੇਜ, ਤਲਾਕ ਤੋਂ ਇਲਾਵਾ ਕਿਰਤ ਦੀ ਲਿੰਗਵਾਦੀ ਵੰਡ, ਵੰਨ-ਸਵੰਨ ਲਿੰਗ ਸਿਆਸਤ, ਕਾਨੂੰਨ ਦੀ

ਧਾਰਾ(ਤਾਜ਼ੀਰਾਤਿ-ਹਿੰਦ ਦੀ ਧਾਰਾ 377), ਨਾਰੀਵਾਦੀ ਨਜ਼ਰੀਏ ਤੋਂ ਬਲਾਤਕਾਰ ਦੇ ਮਾਮਲੇ ਵਿੱਚ ਪੀੜਿਤ ਧਿਰ ਦਾ ਅਦਾਲਤੀ ਇਮਤਿਹਾਨ, ਕਾਮੁਕ ਹਿੰਸਾ ਤੇ ਕੰਮ ਉਤੇ ਕਾਮੁਕ ਵਧੀਕੀ ਅਤੇ ਇਥੋ ਤੱਕ ਕਿ ਲਿੰਗਵਾਦੀ ਫਿਲਮਾਂ, ਪੋਸਟਰਾਂ ਅਤੇ ਇਸ਼ਤਿਹਾਰਾਂ ਵਿੱਚ ਨਾਰੀ ਦੀ ਕਾਮੁਕ ਪੇਸ਼ਕਾਰੀ ਅਤੇ 'ਮਰਦਾਵੀ ਤੱਕਣੀ' ਵਰਗੇ ਮਸਲਿਆਂ ਦੀ ਨਿਸ਼ਾਨਦੇਹੀ ਕਰਦੀ ਹੈ।

ਪੰਜਾਬੀ ਨਾਰੀਵਾਦੀ ਆਲੋਚਨਾ ਦੇ ਪੱਖ ਤੋਂ ਅਨੁਵਾਦਿਤ ਪੁਸਤਕਾਂ ਦੀਆਂ ਅੰਤਰਦ੍ਰਿਸ਼ਟੀਆਂ/ਪ੍ਰਾਪਤੀਆਂ ਵੀ ਨਿਰਸੰਦੇਹ ਗੌਲਣਯੋਗ ਹਨ ਪਰ ਕੁਝ ਸ਼ੰਕੇ ਵੀ ਸਨਮੁੱਖ ਹਨ ਜਿਵੇਂ ਕਿ '*Simone de Beauvoir'* ਦੀ ਪੁਸਤਕ '*The Second Sex*' ਜਿਹੜੀ ਕਿ ਸਮੁੱਚੇ ਨਾਰੀਵਾਦੀ ਚਿੰਤਨ ਦਾ ਧੁਰਾ ਮੰਨੀ ਜਾਂਦੀ ਹੈ, ਪਹਿਲਾਂ ਫਰੈਂਚ ਵਿਚ ਪ੍ਰਕਾਸ਼ਿਤ ਹੁੰਦੀ ਹੈ, ਅੰਗਰੇਜ਼ੀ ਵਿੱਚ ਅਨੁਵਾਦ ਹੁੰਦੀ, ਫਿਰ ਹਿੰਦੀ ਤੇ ਫਿਰ ਪੰਜਾਬੀ ਵਿਚ(ਅਨੁ.ਤੇ ਸੰਪ.-ਜਸਬੀਰ ਕੌਰ, 2014) ਅਨੁਵਾਦ ਹੰਦੀ ਹੈ। ਸੁਆਲ ਇਹ ਹੈ ਕੀ ਇੰਨੀ ਵਾਰ ਅਨੁਵਾਦ ਹੋਈ ਟੈਕਸਟ ਮੂਲ ਰੂਪ ਤੱਕ ਸਾਡੇ ਤੱਕ ਪਹੁੰਚਦੀ ਹੈ ? ਇਹਨਾਂ ਸ਼ੰਕਿਆਂ ਦੇ ਬਾਵਜੂਦ ਅਜੋਕੀ ਨਾਰੀ ਦੇ ਨਵੇਂ ਸਾਹਸ ਅਤੇ ਨਵੀਂ ਸਮਰੱਥਾ ਦੀ ਸਾਹਿਤ ਵਿਚ ਪੇਸ਼ਕਾਰੀ ਤੇ ਮੁਲਾਂਕਣ ਦੀ ਸੰਭਾਵਨਾ/ਉਮੀਦ ਬਰਕਰਾਰ ਹੈ। ਪੰਜਾਬੀ ਨਾਰੀਵਾਦੀ ਆਲੋਚਨਾ ਦੀਆਂ ਪੁਸਤਕਾਂ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸਾਹਿਤ ਦੇ ਹੋਰ ਲੇਖਕਾਂ(ਨਾਰੀ/ਮਰਦ) ਦੀਆਂ ਰਚਨਾਵਾਂ ਦਾ ਨਾਰੀਵਾਦੀ ਨਜ਼ਰੀਏ ਤੋਂ ਮੁਲਾਂਕਣ ਕਰਕੇ ਮਹੱਤਵਪੂਰਣ ਅੰਤਰਦਿਸ਼ਟੀਆਂ ਪ੍ਰਦਾਨ ਕੀਤੀਆ ਜਾ ਸਕਦੀਆਂ ਹਨ।

### ਹਵਾਲੇ


1. Elaine Showalter, *"Feminist Criticism in the Wilderness",* The New Feminist Criticism:Essays on Women,Literature and Theory(Elaine Showalter)(Ed.),Pantheon Books,New York,1985, p-182-184.
2. ਗੁਰਭਗਤ ਸਿੰਘ(ਡਾ.),ਕਾਵਿ ਸ਼ਾਸਤਰ, ਦੇਹ ਅਤੇ ਕ੍ਰਾਂਤੀ, ਵਿਚਾਰ ਪ੍ਰਕਾਸ਼ਨ, ਸੰਗਰੂਰ,1995, ਪੰਨਾ-102.
3. ਸਾਧਨਾ ਆਰਿਯਾ, ਨਿਵੇਦਿਤਾ ਮੈਨਨ, ਜਿਨੀ ਲੋਕਨੀਤਾ (ਸੰਪ:) ਨਾਰੀਵਾਦੀ ਰਾਜਨੀਤੀ ਸੰਘਰਸ਼ ਤੇ ਮੁੱਦੇ, ਦਿੱਲੀ ਵਿਸ਼ਵ ਵਿਦਿਆਲਯ, 2001, ਪੰਨਾ 285.
4. ਧਨਵੰਤ ਕੌਰ (ਡਾ.), ਨਾਰੀਵਾਦੀ ਸਾਹਿਤ ਚਿੰਤਨ:ਕੁਝ ਅੰਤਰਦ੍ਰਿਸ਼ਟੀਆਂ, ਸਮਕਾਲੀ ਸਾਹਿਤ, (ਜਨਵਰੀ-ਮਾਰਚ, 2006), ਪੰਨਾ-146.
5. Jill Le Bihan, *"Feminism and Literature*", The Icon Critical Dictionary of Feminism and Post Feminisim (Sarah Gamble) (ed.), Icon Book, U.K. 1999, p-131.
6. ਬੇਅੰਤ ਕੌਰ (ਡਾ.), ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਨਵਚੇਤਨ ਪ੍ਰਕਾਸ਼ਨ, ਨਵੀਂ ਦਿੱਲੀ, 2001, ਪੰਨਾ-114.
7. ਉਹੀ
8. ਦਲਜੀਤ ਅਮੀ (ਅਨੁ.ਤੇ ਸੰਪ.), ਨਾਰੀਵਾਦੀ ਨਜ਼ਰੀਆ ਇੱਕ ਵਚਨ ਤੋਂ ਬਹੁ ਵਚਨ ਤੱਕ, ਤਦਬੀਰ ਪ੍ਰਕਾਸ਼ਨ, ਖਰੜ, 2018, ਪੰਨਾ-88.

# ਵਰਗ ਅਧਾਰਤ ਸਮਾਜ ਵਿੱਚ ਭਾਸ਼ਾ ਬਣਤਰ ਦਾ ਸਮਾਜ ਵਿਗਿਆਨਕ ਦਵੰਦ

(ਹਾਸ਼ੀਆਗਤ ਸਮੂਹਾਂ ਦੇ ਸੰਦਰਭ ਵਿੱਚ)

**-ਵਰਿੰਦਰ ਖੁਰਾਣਾ**

ਇਸ ਪਰਚੇ ਵਿੱਚ ਇੱਕ ਜਮਾਤੀ ਸਮਾਜ ਵਿੱਚ ਭਾਸ਼ਾਈ ਵਖਰੇਵਿਆਂ ਦੇ ਸਿਧਾਂਤਕ ਆਧਾਰ ਦੀ ਹਾਸ਼ੀਆਗਤ ਸਮੂਹਾਂ ਦੀ ਬੋਲੀ ਦੇ ਸੰਦਰਭ ਵਿੱਚ ਚਰਚਾ ਕੀਤੀ ਗਈ ਹੈ ਕਿ ਕੋਈ ਸਮੂਹ ਕਿਸ ਤਰ੍ਹਾਂ ਆਪਣੀਆਂ ਲੋੜਾਂ ਅਨੁਸਾਰ ਸਮਾਜਕ ਸਾਂਝੀ ਬੋਲੀ ਨੂੰ ਵਖਰੇਵੇਂ ਨਾਲ ਬੋਲ ਰਿਹਾ ਹੁੰਦਾ ਹੈ। ਕਿਉਂਕਿ ਬੋਲੀ ਦਾ ਵਖਰੇਵਾਂ ਇੱਕ ਹਕੀਕਤ ਹੈ ਅਤੇ ਇਹ ਕਈ ਪੱਧਰ 'ਤੇ ਹੁੰਦਾ ਹੈ ਅਤੇ ਜਦੋਂ ਅਸੀਂ ਹਾਸ਼ੀਆਗਤ ਸਮੂਹਾਂ ਦੀ ਗੱਲ ਕਰ ਕਰਦੇ ਹਾਂ ਤਾਂ ਸਾਡੇ ਸਾਹਮਣੇ ਦੋ ਤਰ੍ਹਾਂ ਦੀ ਵੰਡ ਹੁੰਦੀ ਹੈ। ਪਹਿਲੀ ਜਾਤ-ਪਾਤ ਅਤੇ ਕਬੀਲਿਆਂ ਦੇ ਆਧਾਰ 'ਤੇ ਅਤੇ ਦੂਜੀ ਆਰਥਕ ਆਧਾਰ 'ਤੇ ਪਰ ਆਰਥਕ ਆਧਾਰ ਦੀ ਵੰਡ ਜਾਤ-ਪਾਤ ਅਤੇ ਕਬੀਲਿਆਂ ਦੇ ਆਧਾਰ 'ਤੇ ਵੰਡ ਨਾਲੋਂ ਕਿਤੇ ਪ੍ਰਚੰਡ ਹੋ ਕੇ ਸਾਹਮਣੇ ਆਉਂਦੀ ਹੈ ਅਤੇ ਪਹਿਲੀ ਵੰਡ ਨੂੰ ਆਪਣੇ ਵਿੱਚ ਸਮੋ ਲੈਂਦੀ ਹੈ। ਆਰਥਿਕ ਆਧਾਰ 'ਤੇ ਦੋ ਤਰ੍ਹਾਂ ਦੀਆਂ ਜਮਾਤਾਂ ਹੁੰਦੀਆਂ ਹਨ, ਇੱਕ ਜਿਹਨਾਂ ਦਾ ਪੈਦਾਵਾਰ ਦੇ ਸਾਧਨਾਂ ਉੱਤੇ ਕਬਜਾ ਹੁੰਦਾ ਹੈ ਅਤੇ ਦੂਜੀ ਉਹ ਜਿਹੜੇ ਪੈਦਾਵਾਰ ਦੇ ਸਾਧਨਾਂ ਤੋਂ ਵਿਹੂਣੇ ਹੁੰਦੇ ਹਨ ਅਤੇ ਉਹ ਆਪਣੀ ਗੁਜ਼ਰ-ਬਸਰ ਲਈ ਪਹਿਲੀ ਜਮਾਤ, ਜੋ ਕਿ ਸਮਾਜ ਵਿੱਚ ਭਾਰੂ ਜਮਾਤ ਹੁੰਦੀ ਹੈ ਉੱਤੇ ਨਿਰਭਰ ਹੁੰਦੀ ਹੈ। ਜੋ ਕਿ ਕਿਰਤ ਸ਼ਕਤੀ ਵੇਚ ਕੇ ਉਜਰਤ ਦੇ ਰੂਪ ਵਿੱਚ ਆਪਣੀ ਜੀਵਿਕਾ ਦੇ ਸਾਧਨ ਪ੍ਰਾਪਤ ਕਰਦਾ ਹੈ।

ਇਸ ਤਰ੍ਹਾਂ ਵਰਗ ਆਧਾਰਤ ਸਮਾਜ ਵਿੱਚ ਜਮਾਤੀ ਵਖਰੇਵੇਂ ਅਜੋਕੇ ਸਮਾਜ ਅੰਦਰ, ਕਿਰਤ ਸ਼ਕਤੀ ਖਰੀਦਣ ਵਾਲੇ ਅਤੇ ਕਿਰਤ ਸ਼ਕਤੀ ਵੇਚਣ ਵਾਲਿਆਂ ਦੇ ਰੂਪ ਵਿੱਚ ਸਾਡੇ ਸਾਹਮਣੇ ਹਨ। ਸਮਾਜ ਦਾ ਹਾਸ਼ੀਆਗਤ ਵਰਗ ਪੈਦਾਵਾਰ ਦੇ ਸਾਧਨਾਂ ਤੋਂ ਵਿਹੂਣਾਂ ਕਿਰਤ ਸ਼ਕਤੀ ਵੇਚਣ ਵਾਲਿਆਂ ਵਿੱਚ ਹੀ ਆਉਂਦਾ ਹੈ। ਪੈਦਾਵਾਰ ਦੇ ਸਾਧਨਾਂ ਤੋਂ ਹੀਣਾ ਇਹ ਵਰਗ, ਜਿਸ ਕੋਲ ਵੇਚਣ ਲਈ ਸਰੀਰਕ ਕਿਰਤ ਸ਼ਕਤੀ ਤੋਂ ਬਿਨਾਂ ਹੋਰ ਕੁੱਝ ਨਹੀਂ ਹੁੰਦਾ। ਮਤਲਬ ਉਹ ਸਿਰਫ ਭਾਰੀ ਸਰੀਰਕ ਮਿਹਨਤ ਕਰਕੇ ਹੀ ਆਪਣੀ ਰੋਜੀ ਕਮਾ ਸਕਦਾ ਹੈ।

ਅਜਿਹੇ ਵਿੱਚ ਉਨ੍ਹਾਂ ਦੀ ਬੋਲੀ ਦਾ ਵਖਰੇਵਿਆਂ ਸਹਿਤ ਹੋਣਾਂ ਇੱਕ ਲਾਜਮੀ ਵਰਤਾਰਾ ਹੈ। ਕਿਉਂਕਿ ਕਿਸੇ ਸਮੂਹ ਦੀ ਭਾਸ਼ਾ ਉਹਦੀਆਂ ਲੋੜਾਂ ਅਨੁਸਾਰ ਹੀ ਵਿਗਸਦੀ ਹੈ। ਸਾਡੇ ਸਾਹਮਣੇ ਇਹ ਪ੍ਰਸ਼ਨ ਹੈ ਕਿ ਕੀ ਹਾਸ਼ੀਆਗਤ ਸਮੂਹਾਂ ਦੀ ਕੋਈ ਵੱਖਰੀ ਭਾਸ਼ਾ ਹੁੰਦੀ ਹੈ? ਜਿਹਦੇ ਹੱਲ ਲਈ ਸਭ ਤੋਂ ਪਹਿਲਾਂ ਸਾਨੂੰ ਭਾਸ਼ਾ ਦੇ ਬਾਹਰਮੁਖੀ ਮਾਡਲ ਬਾਰੇ ਚਰਚਾ ਕਰਨੀ ਚਾਹੀਦੀ ਹੈ।

ਭਾਸ਼ਾ, ਬਾਹਰਮੁਖੀ ਸੰਸਾਰ ਵਿਚਲੀਆਂ ਮੂਰਤ ਚੀਜਾਂ ਅਤੇ ਅਮੂਰਤ ਖਿਆਲਾਂ ਤੋਂ ਬਣੀਆਂ ਧਾਰਨਾਵਾਂ ਲਈ ਵਰਤੇ ਜਾਂਦੇ 'ਸਮਾਜਕ ਪ੍ਰਵਾਨਗੀ' ਪ੍ਰਾਪਤ ਚਿੰਨ੍ਹਾਂ ਤੋਂ ਬਣੀ ਹੁੰਦੀ ਹੈ, ਇਹ ਸੰਚਾਰ ਦੀ ਸਮਾਜਕ ਲੋੜ ਦੀ ਪੂਰਤੀ ਲਈ ਹੋਂਦ ਵਿੱਚ ਆਉਂਦੀ ਹੈ। ਮਨੁੱਖਾਂ ਨੂੰ ਸੰਚਾਰ ਵਾਸਤੇ ਭਾਸ਼ਾ ਦੀ ਲੋੜ ਹੁੰਦੀ ਹੈ, ਅਤੇ ਬਿਨਾਂ ਭਾਸ਼ਾ ਤੋਂ ਮਨੁੱਖ ਇੱਕ ਵੀ ਗੱਲ ਨਹੀਂ ਕਰ ਸਕਦਾ। ਇੱਥੋਂ ਤੱਕ ਕਿ ਮਨੁੱਖ ਕਿਸੇ ਇੱਕ ਵੀ ਚੀਜ ਦਾ ਨਾਮਕਰਨ ਤੱਕ ਬਿਨਾਂ ਭਾਸ਼ਾ

ਖੋਜ ਵਿਦਿਆਰਥੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਤੋਂ ਨਹੀਂ ਕਰ ਸਕਦਾ। ਭਾਸ਼ਾ ਮਨੁੱਖੀ ਉਤਪਾਦਨ ਕਾਰਜ ਨਾਲ ਸਿੱਧੇ ਤੌਰ 'ਤੇ ਸੰਬੰਧਤ ਹੁੰਦੀ ਹੈ, ਅਤੇ ਨਾ ਸਿਰਫ ਉਤਪਾਦਨ ਕਾਰਜਾਂ ਨਾਲ ਸਗੋਂ ਉਨ੍ਹਾਂ ਦੇ ਸਾਰੇ ਕਾਰਜੀ ਖੇਤਰਾਂ ਨਾਲ ਸਿੱਧੀ ਸੰਬੰਧਤ ਹੈ। ਇਹ ਪੂਰਨ ਤੌਰ 'ਤੇ ਇੱਕ ਮਨੁੱਖੀ ਵਰਤਾਰਾ ਹੈ ਅਤੇ ਮਨੁੱਖੀ ਸਮਾਜ ਤੋਂ ਬਾਹਰ (ਹੋਰ ਜਾਨਵਰਾਂ ਵਿੱਚ) ਸੰਚਾਰ ਤਾਂ ਹੁੰਦਾ ਹੈ ਪਰ ਭਾਸ਼ਾ ਨਹੀਂ ਹੁੰਦੀ। ਭਾਸ਼ਾ ਨਿਰੋਲ ਮਨੁੱਖੀ ਕਾਢ ਹੈ। ਭਾਸ਼ਾ ਨੂੰ ਸਿਰਫ ਮਨੁੱਖੀ ਸਮਾਜ ਦੇ ਸੰਦਰਭ 'ਚ ਹੀ ਸਮਝਿਆ ਜਾ ਸਕਦਾ ਹੈ। ਮਨੁੱਖੀ ਸਮਾਜ ਤੋਂ ਤੋੜ ਕੇ ਭਾਸ਼ਾ ਨੂੰ ਸਮਝਣ ਦਾ ਯਤਨ ਕਰਨ ਵਾਲੇ ਜਾਂ ਤਾਂ ਖੁਦ ਭੁਲੇਖੇ ਵਿੱਚ ਹੁੰਦੇ ਹਨ ਅਤੇ ਜਾਂ ਬਾਕੀਆਂ ਨੂੰ ਭੁਲੇਖਿਆਂ 'ਚ ਰੱਖਣ ਦਾ ਯਤਨ ਕਰ ਰਹੇ ਹੁੰਦੇ ਹਨ।

ਸਮਾਜ ਦਾ ਭਾਸ਼ਾ ਨਾਲ ਰਿਸ਼ਤਾ ਵਿਰੋਧ-ਵਿਕਾਸੀ (ਦਵੰਦਾਤਮਕ) ਹੈ। ਸਮਾਜ ਜਿੱਥੇ ਭਾਸ਼ਾ ਭਾਸ਼ਾ ਨੂੰ ਨਿਰਧਾਰਤ ਕਰਦਾ ਹੈ, ਉੱਥੇ ਹੀ ਭਾਸ਼ਾ ਸਮਾਜ ਵਿੱਚ ਸੰਚਾਰ ਦਾ ਸਾਧਨ ਹੋਣ ਕਰਕੇ ਇਹਨੂੰ ਲਗਾਤਾਰ ਪ੍ਰਭਾਵਿਤ ਕਰਦੀ ਰਹਿੰਦੀ ਹੈ। ਸਮਾਜ ਅਤੇ ਭਾਸ਼ਾ ਦੀ ਹੋਂਦ ਬਾਰੇ ਗੱਲ ਕਰੀਏ ਤਾਂ ਇਸ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਸਮਾਜ ਦੀ ਹੋਂਦ ਭਾਸ਼ਾ ਦੀ ਉਤਪਤੀ ਤੋਂ ਪਹਿਲਾਂ ਹੈ। ਮਨੁੱਖ ਦੇ ਵਿਕਾਸ ਦੇ ਕਾਲ 'ਤੇ ਨਿਗ੍ਹਾ ਮਾਰਦਿਆਂ ਪਤਾ ਲੱਗਦਾ ਹੈ ਕਿ ਮਨੁੱਖ ਆਪਣੇ ਵਰਤਮਾਨ ਸਮਾਜਕ ਪੱਧਰ 'ਤੇ ਕਰਮਵਾਰ ਪੜਾਵੀ ਵਿਕਾਸ ਨਾਲ ਪਹੁੰਚਿਆ ਹੈ ਅਤੇ ਵਿਗਿਆਨ ਨੇ ਸਿੱਧ ਕੀਤਾ ਹੈ ਕਿ ਜੀਵਨ ਦੀ ਸ਼ੁਰੂਆਤ ਇੱਕ ਸੈੱਲੀ ਜੀਵਤ ਪਦਾਰਥ (ਜਿਹੜਾ ਕਿ ਅਜੀਵਤ ਪਦਾਰਥ ਤੋਂ ਹੀ ਸਿਫਤੀ ਗੁਣਾਂ ਵਿੱਚ ਤਬਦੀਲੀ ਨਾਲ ਵਿਕਸਤ ਹੋਇਆ) ਤੋਂ ਹੋ ਕੇ ਬਹੁ-ਸੈੱਲੀ ਜੀਵ ਤੱਕ ਵਿਕਾਸ ਕਰਦਾ ਹੋਇਆ ਪਹੁੰਚਿਆ ਹੈ। ਬਹੁ-ਸੈੱਲੀ ਅਤੇ ਇਹਨਾਂ ਵਿੱਚ ਵੀ ਸਰਵ-ਸਰੇਸ਼ਟ ਮਨੁੱਖ ਦੇ ਸਮੂਹਕ ਸੰਗਠਨ ਤੋਂ ਹੀ ਸਮਾਜ ਦੀ ਹੋਂਦ ਹੈ ਅਤੇ ਜਗਤ ਦੀ ਮੂਰਤ (Concrete) ਪਦਾਰਥਕ ਹੋਂਦ ਦੇ ਮਨੁੱਖੀ ਮਨ ਵਿੱਚ ਰੂਪਾਂਤਰਿਤ ਅਮੂਰਤ (Abstract) ਰੂਪ ਭਾਵ 'ਵਿਚਾਰ' ਦੇ ਆਧਾਰ ਕਾਰਨ ਭਾਸ਼ਾ ਹੋਂਦ ਵਿੱਚ ਆਈ। ਇਸ ਤਰ੍ਹਾਂ ਸਮਾਜ ਅਤੇ ਭਾਸ਼ਾ ਵਿਚੋਂ ਸਮਾਜ ਪਹਿਲਾਂ ਹੈ।

ਸੋਸਿਓਰ ਭਾਸ਼ਾ ਨੂੰ ਚਿੰਨ੍ਹਾਂ ਦਾ ਪ੍ਰਬੰਧ ਕਹਿੰਦਾ ਹੈ (Saussure), ਸੇਪੀਯਰ ਭਾਸ਼ਾ ਨੂੰ ਸੰਚਾਰ ਦਾ ਇੱਕ ਗੈਰ-ਕੁਦਰਤੀ ਪ੍ਰਬੰਧ ਮੰਨਦਾ ਹੈ (Sapir) ਅਤੇ ਬਲੂਫੀਲਡ ਵਾਸਤੇ ਭਾਸ਼ਾ ਇੱਕ ਵਿਅਕਤੀ ਵੱਲੋਂ ਦੂਜੇ ਦੇ ਕਾਰਜ 'ਤੇ ਕੀਤੀ ਜਾਂਦੀ ਪ੍ਰਕਿਰਿਆ ਹੈ (Bloomfield)। ਬਲੋਚ ਅਤੇ ਟਰੈਗਰ ਭਾਸ਼ਾ ਨੂੰ ਆਪਹੁਦਰੇ ਆਵਾਜ-ਪ੍ਰਤੀਕਾਂ ਦਾ ਬਣਿਆ ਸਮਾਜਕ ਸਹਿਸੰਬੰਧਿਤ ਪ੍ਰਬੰਧ ਸਮਝਦੇ ਹਨ (Bloch and Trager)। ਹਾਲ ਮੁਤਾਬਕ ਭਾਸ਼ਾ ਇੱਕ ਮੌਖਿਕ-ਸ਼੍ਰਵਣੀ ਅਤੇ ਗੱਲਬਾਤ ਅਤੇ ਸੰਚਾਰ ਦੀ ਆਪਹੁਦਰੀ ਸੰਸਥਾ ਹੈ (Hall)। ਗਿਮਸਨ ਮੁਤਾਬਕ; ਇਹ ਸੰਚਾਰ ਲਈ ਵਰਤੇ ਜਾਂਦੇ ਪਰੰਪਰਾਗਤ ਸੰਕੇਤਾਂ ਦਾ ਪ੍ਰਬੰਧ ਹੈ (Gimson)। ਚੌਮਸਕੀ ਇਹਨੂੰ ਵਾਕਾਂ ਦੀ ਇੱਕ ਲੜੀ ਮੰਨਦਾ ਹੈ (Chomsky)।

ਭਾਸ਼ਾ ਦੀਆਂ ਪਰਿਭਾਸ਼ਾਵਾਂ ਨੂੰ ਧਿਆਨ ਨਾਲ ਵਾਚਦਿਆਂ ਪਤਾ ਲੱਗਦਾ ਹੈ ਕਿ ਬਹੁਤੇ ਭਾਸ਼ਾ-ਵਿਗਿਆਨੀ ਭਾਸ਼ਾ ਨੂੰ ਸਮਾਜਿਕ ਸੰਚਾਰ ਦਾ ਸਾਧਨ ਮੰਨਦੇ ਹਨ, ਜੋ ਇੱਕ ਜਾਂ ਦੂਜੀ ਤਰ੍ਹਾਂ ਭਾਸ਼ਾ ਦੀ ਸਮਾਜਕ ਹੋਂਦ ਨੂੰ ਮੰਨਦੇ ਹਨ। ਪਰ ਕੁੱਝ ਕੁ ਭਾਸ਼ਾ ਨੂੰ ਮੁੱਖ ਤੌਰ 'ਤੇ ਸੰਚਾਰ ਦਾ ਸਾਧਨ ਨਾ ਮੰਨ ਕੇ ਇਹਦੀ ਸਮਾਜਕਤਾ ਉੱਤੇ ਹਮਲਾ ਕਰਦੇ ਹਨ ਅਤੇ ਭਾਸ਼ਾ ਦੀ ਸਹੀ ਸਮਝ ਉੱਤੇ ਪਰਦਾ ਪਾ ਦਿੰਦੇ ਹਨ। ਉਦਾਹਰਨ ਦੇ ਤੌਰ 'ਤੇ ਚੌਮਸਕੀ ਅਤੇ ਉਹਦੇ ਪੈਰੋਕਾਰ ਇਸੇ ਖੇਮੇ ਵਿੱਚੋਂ ਹਨ। ਉਨ੍ਹਾਂ ਦਾ ਮੁੱਖ ਕੰਮ ਭਾਸ਼ਾ ਨੂੰ ਨਿਰੋਲ ਜੈਵਿਕ ਗੁਣ ਦੱਸ ਕੇ

ਇਹਨੂੰ ਇੱਕ ਦਮ ਪ੍ਰਗਟ ਹੋਇਆ ਵਰਤਾਰਾ ਦਰਸਾਉਣਾ ਹੈ ਜੋ ਕਿ ਦਿਮਾਗ ਵਿੱਚ ਇਕਦਮ ਵਾਪਰੀ ਤੰਤਰੀ-ਤਬਦੀਲੀ ਕਾਰਨ ਹੋਂਦ ਵਿੱਚ ਆਈ। ਉਹ ਇਸ ਤਰ੍ਹਾਂ ਭਾਸ਼ਾ ਨੂੰ ਮਨੁੱਖੀ ਤਜਰਬੇ ਨਾਲ ਵਿਕਸਿਤ ਹੋਈ ਨਹੀਂ, ਸਗੋਂ ਇਤਿਹਾਸ ਵਿੱਚ ਕਿਸੇ ਇੱਕੋ ਵੇਲੇ ਇਕਦਮ 'ਪ੍ਰਾਪਤ' ਕੀਤਾ ਵਾਕ-ਪ੍ਰਬੰਧ ਮੰਨਦੇ ਹਨ ਅਤੇ ਉਹ ਭਾਸ਼ਾ ਦਾ ਅਧਿਐਨ ਸਿਰਫ ਤੇ ਸਿਰਫ ਬਣਤਰ ਤੱਕ ਹੀ ਸੀਮਤ ਰੱਖਦੇ ਹਨ (Lyons)।

ਪਰ ਭਾਸ਼ਾ ਦੀ ਸਮਾਜਕਤਾ ਤੋਂ ਪਾਸੇ ਜਾਣਾ ਇੱਕ ਵੱਡੀ ਗਲਤੀ ਹੈ। ਚਾਰਲਸ ਹੌਕਿਟ ਭਾਸ਼ਾ ਦੇ 16 ਡਿਜ਼ਾਇਨ ਫੀਚਰਾਂ ਦੇ ਮਾਡਲ ਵਿੱਚ ਭਾਸ਼ਾ ਦਾ 'Specialization' ਲੱਛਣ 'ਸੰਚਾਰ' ਨੂੰ ਮੰਨਦਾ ਹੈ (Hockett)। ਸੰਚਾਰ ਲਈ ਸਮਾਜਕ ਹੋਂਦ ਪਹਿਲੀ ਸ਼ਰਤ ਹੈ ਇਸ ਲਈ ਭਾਸ਼ਾ ਨੂੰ ਸਮਾਜ ਨਾਲੋਂ ਤੋੜਕੇ ਦੇਖਿਆ ਨਹੀਂ ਜਾ ਸਕਦਾ।

ਮਾਰਕਸ ਅਨੁਸਾਰ ਭਾਸ਼ਾ ਚੇਤਨਾ ਜਿੰਨੀ ਹੀ ਪੁਰਾਣੀ, ਭਾਸ਼ਾ ਅਮਲੀ, ਸਹੀ ਚੇਤਨਾ ਹੈ ਜਿਹੜੀ ਹੋਰਾਂ ਵਿਅਕਤੀਆਂ ਲਈ ਵੀ ਹੋਂਦ ਰੱਖਦੀ ਹੈ, ਅਤੇ ਸਿਰਫ ਇਸੇ ਲਈ ਮੇਰੇ ਲਈ ਵੀ ਹੋਂਦ ਰੱਖਦੀ ਹੈ। ਭਾਸ਼ਾ, ਚੇਤਨਾ ਦੀ ਤਰਾਂ ਹੀ, ਸਿਰਫ ਲੋੜ ਤੋਂ ਪੈਦਾ ਹੁੰਦੀ ਹੈ, ਆਪਣੇ ਤੋਂ ਹੋਰ ਵਿਅਕਤੀਆਂ ਨਾਲ ਆਦਾਨ-ਪ੍ਰਦਾਨ ਦੀ ਅਵਸ਼ਕਤਾ ਤੋਂ। [ਮੇਰਾ ਮੇਰੇ ਆਲੇ-ਦੁਆਲੇ ਨਾਲ ਰਿਸ਼ਤਾ ਮੇਰੀ ਚੇਤਨਾ ਹੈ] (Marx and Engels)।

ਚੇਤਨਾ ਮਨੁੱਖੀ ਸਾਂਝੀ ਸਰਗਰਮੀ ਦੀ ਪ੍ਰਾਪਤੀ ਲਈ, ਸਮੂਹ ਨੂੰ ਇਕੱਠਾ ਰੱਖਣ ਲਈ ਇਸ਼ਾਰੇ, ਧਿਆਨ ਖਿੱਚਣ ਲਈ ਆਵਾਜ ਅਤੇ ਇਸ਼ਾਰੇ ਅਤੇ ਬੋਲੀ ਹੈ। ਇਹ ਅਮਲ ਦੇ ਠੋਸ ਅਨੁਭਵਾਂ ਨੂੰ ਅਮੂਰਤ ਧਾਰਨਾਵਾਂ ਵਿੱਚ ਜਮਾਂ ਕਰਨਾ ਅਤੇ ਮੁੜ ਪਰਗਟਾਉਣ ਦਾ ਗੁੰਝਲਦਾਰ ਵਰਤਾਰਾ ਹੈ। ਇਹ ਮਨੁੱਖੀ ਵਿਕਾਸ ਦੇ ਸਮਾਜਕ ਅਮਲ ਵਿੱਚ ਅਮੀਰ ਹੁੰਦਾ ਹੈ(Jagrup)।

ਸੋ ਭਾਸ਼ਾ ਸੰਚਾਰ ਦਾ ਸਾਧਨ ਹੈ ਅਤੇ ਇਹ ਅਸਲੀ ਅਰਥਾਂ ਵਿੱਚ ਚੇਤਨਾ ਹੀ ਹੈ, ਜੋ ਸਮਾਜਕ ਸੰਬੰਧਾਂ ਵਿੱਚੋਂ ਸੰਚਾਰ ਦੀ ਲੋੜ ਦੀ ਪੂਰਤੀ ਲਈ ਉਪਜਦੀ ਹੈ ਭਾਸ਼ਾ ਹੀ ਉਹ ਵਰਤਾਰਾ ਹੈ ਜਿਹੜਾ ਮਨੁੱਖ ਦੀਆਂ ਅਮੂਰਤ ਧਾਰਨਾਵਾਂ ਦੀ ਵਾਹਕ ਹੈ ਅਤੇ ਸਮਾਜ ਹੀ ਭਾਸ਼ਾ ਦਾ ਸਿਰਜਕ ਹੈ ਅਤੇ ਭਾਸ਼ਾ ਬਿਨਾਂ ਮਨੁੱਖ ਦਾ ਦਿਮਾਗੀ ਵਿਕਾਸ ਸੰਭਵ ਨਹੀਂ ਸੀ ਹੋ ਸਕਣਾ। ਇਸ ਦਵੰਦਆਤਮਕ ਰਿਸ਼ਤੇ ਵਿੱਚ। ਪਹਿਲਾ ਦੂਜੇ ਨੂੰ ਨਿਰਧਾਰਤ ਕਰਦਾ ਹੈ ਅਤੇ ਦੂਜਾ ਪਹਿਲੇ ਨੂੰ ਪ੍ਰਭਾਵਿਤ ਕਰਦਾ ਹੈ।

**ਭਾਸ਼ਾ ਦੀ ਉਤਪਤੀ ਦਾ ਸਵਾਲ**

ਇਸੇ ਰਿਸ਼ਤੇ ਕਾਰਨ ਮਨੁੱਖ ਵਿੱਚ ਭਾਸ਼ਾ ਦੀ ਉਤਪੱਤੀ ਹੁੰਦੀ ਹੈ। ਏਂਗਲਜ਼ ਅਨੁਸਾਰ ਮਨੁੱਖ ਦੀ ਸਮਾਜਕ ਸੰਚਾਰ ਦੀ ਲੋੜ ਨੇ ਹੀ ਮਨੁੱਖ ਦਾ ਨਾਦ-ਯੰਤਰ ਵਿਕਸਿਤ ਕੀਤਾ, ਜੋ ਕਿ ਇਕਦਮ ਨਹੀਂ ਹੌਲੀ-ਹੌਲੀ ਵਾਨਰ ਦੇ ਅਣਵਿਕਸਤ ਨਾਦ-ਯੰਤਰ ਤੋਂ ਵਿਕਾਸ ਕਰਕੇ ਮਨੁੱਖੀ ਨਾਦ-ਯੰਤਰ ਵਿੱਚ ਬਦਲਿਆ ਅਤੇ ਮਨੁੱਖੀ ਮੂੰਹ ਦੇ ਅੰਗਾਂ ਨੇ ਹੋਲੀ-ਹੋਲੀ ਉਚਾਰਨ ਸਿੱਖ ਲਿਆ(Engels) ਅਤੇ ਇਹ ਵਿਕਾਸ ਦੇ ਸਹਿ-ਸੰਬੰਧਾਂ ਦਾ ਨੇਮ ਹੀ ਹੈ ਜਿਹਨੇ ਮਨੁੱਖ ਦੇ ਸਿੱਧੇ ਖੜੇ ਹੋਣ, ਹੱਥਾਂ ਦੇ ਤੁਰਨ ਦੇ ਕੰਮ ਤੋਂ ਆਜਾਦ ਹੋਣ ਅਤੇ ਫਿਰ ਸੰਦ ਬਣਾਉਣ ਅਤੇ ਕਿਰਤ ਦੀ ਉਤਪਤੀ ਤੇ ਵਿਕਾਸ ਅਤੇ ਮਨੁੱਖ ਦੇ ਨਾਦ-ਯੰਤਰ ਦੇ ਹੌਲੀ-ਹੌਲੀ ਹੇਠਾਂ ਵੱਲ ਅਜੋਕੀ ਸਥਿਤੀ ਵੱਲ ਜਾਣਾ ਦਿਮਾਗ ਦੇ ਆਕਾਰ ਵਿੱਚ ਤਬਦੀਲੀ ਅਤੇ ਮਨੁੱਖੀ ਹੱਥਾਂ ਨਾਲ ਗਤੀਵਿਧੀਆਂ'ਚ ਵਾਧਾ ਹੋਣਾ ਜਿਹਨੇ ਮਨੁੱਖੀ ਅਭਿਆਸ ਦੁਆਰਾ ਗਿਆਨ ਵਿੱਚ ਵਾਧਾ

ਕੀਤਾ, ਜੋ ਕਿ ਇੱਕ ਪੜ੍ਹਾ 'ਤੇ ਗਤੀਵਿਧੀ ਦੀ ਉਤਪਤੀ ਦਾ ਸਾਧਨ ਬਣਿਆ ਅਤੇ ਭਾਸ਼ਾ ਨੇ ਮਨੁੱਖੀ ਵਿਕਾਸ ਨੂੰ ਪ੍ਰਭਾਵਿਤ ਕੀਤਾ।

**ਭਾਸ਼ਾ ਦੀ ਸਮਾਜਕਤਾ**

ਬੋਲ(ਸ਼ਬਦ) ਤੋਂ ਸਾਹਿਤ ਤੱਕ ਦਾ ਸਫਰ ਆਪਣੇ ਆਪ ਵਿੱਚ ਭਾਸ਼ਾ ਦੇ ਵਿਕਾਸ ਦਾ ਅਨਮੋਲ ਇਤਿਹਾਸ ਸਮੋਈ ਬੈਠਾ ਹੈ ਜਿਸ ਉੱਤੇ ਸਮੇਂ-ਸਮੇਂ 'ਤੇ ਭਾਸ਼ਾ, ਸਾਹਿਤ ਅਤੇ ਹੋਰ ਅਨੁਸ਼ਾਸਨਾਂ ਦੇ ਜਾਣਕਾਰਾਂ ਨੇ ਰੌਸ਼ਨੀ ਪਾਉਣ ਦੇ ਯਤਨ ਕੀਤੇ ਹਨ। ਭਾਸ਼ਾ ਆਪਣੇ ਆਰੰਭ ਤੋਂ ਹੀ ਮਨੁੱਖ ਲਈ ਸੰਚਾਰ ਦਾ ਸਾਧਨ ਹੈ, ਮੁੱਢਲੇ ਸਮਾਜ ਵਿੱਚ ਜਦੋਂ ਭਾਸ਼ਾਈ ਸਮਗਰੀ ਸੀਮਤ ਸੀ ਅਤੇ ਸਹੀ ਅਰਥਾਂ ਵਿੱਚ ਆਪਣੇ ਆਰੰਭਕ ਦੌਰ ਵਿੱਚ ਸੀ ਉਸ ਵੇਲੇ ਵੀ ਇਹ ਮਨੁੱਖੀ ਸਮਾਜ ਦੀਆਂ ਲੋੜਾਂ ਅਨੁਸਾਰ ਹੀ ਕਾਰਜਗਤ ਸੀ ਅਤੇ ਮਨੁੱਖੀ ਸੰਚਾਰ ਦੀਆਂ ਲੋੜਾਂ ਦੀ ਪੂਰਤੀ ਲਈ ਸਮਰੱਥ ਸੀ। ਪੂਰਵ-ਇਤਿਹਾਸਕ ਮਨੁੱਖ ਦੁਆਰਾ ਸ਼ਿਕਾਰ ਅਤੇ ਹੋਰ ਇਸ ਤਰ੍ਹਾਂ ਦੇ ਸਮੂਹਕ ਕਾਰਜਾਂ ਲਈ ਵਰਤੇ ਜਾਂਦੇ ਸਿੱਧੜ ਇਸ਼ਾਰੇ ਮੁੱਢਲੀ ਭਾਸ਼ਾ ਸੀ, ਜੋ ਇਸ਼ਾਰਿਆਂ ਤੋਂ ਧੁਨੀਆਂ ਤੱਕ ਵਿਕਾਸ ਕਰਦੀ ਹੈ। ਬੁੱਲ੍ਹਾਂ ਦੁਆਰਾ ਉਚਰਿਤ ਧੁਨੀਆਂ ਦੇ ਇਸ਼ਾਰੇ ਬੋਲੀ ਦਾ ਮੁੱਢਲਾ ਰੂਪ ਸਨ ਅਤੇ ਇਸੇ ਨੇ ਮਨੁੱਖ ਦੇ ਸਮਾਜਕ ਵਿਕਾਸ ਦੇ ਨਾਲ-ਨਾਲ ਵਿਕਾਸ ਕਰਦਿਆਂ ਇੱਕ ਵੱਡੇ ਸੰਚਾਰ-ਪ੍ਰਬੰਧ ਦਾ ਰੂਪ ਧਾਰਿਆ। ਜੋ ਸਮਾਜ ਭਾਸ਼ਾ ਨੂੰ ਤਰਾਸ਼ਦਾ, ਸ਼ਿੰਗਾਰਦਾ ਰਿਹਾ ਤੇ ਆਪਣੀ ਲੋੜ ਅਨੁਸਾਰ ਵਿਸਤਾਰ ਦੇ ਅਮਲ 'ਚ ਰਿਹਾ ਅਤੇ ਭਾਸ਼ਾ ਸਮਾਜਿਕ ਸੰਚਾਰ ਪ੍ਰਬੰਧ ਦੀ ਹੈਸੀਅਤ ਨਾਲ ਮਨੁੱਖੀ ਗਿਆਨ 'ਚ ਵਾਧੇ ਦਾ ਕਾਰਨ ਬਣੀ, ਇਸੇ ਗਿਆਨ ਦੇ ਵਾਧੇ ਕਾਰਨ ਮਨੁੱਖੀ ਅਮਲ ਵਿੱਚੋਂ ਸਾਹਿਤ ਦਾ ਅਰੰਭ ਹੋਇਆ, ਜਾਨਵਰਾਂ ਦੀ ਨਕਲ, ਸ਼ਿਕਾਰ ਵੇਲੇ ਦੇ ਨਜਾਰੇ ਨੂੰ ਸਮੂਹ ਦੇ ਬਾਕੀ ਮੈਂਬਰਾਂ ਨਾਲ ਸਾਂਝਾ ਕਰਨ ਲਈ ਭੱਜ ਕੇ, ਕੁੱਦ ਕੇ, ਡਿਗ ਕੇ ਦਿਖਾਉਣਾ ਅਤੇ ਜਾਨਵਰਾਂ ਦੀ ਆਵਾਜ ਕੱਢਣ ਦਾ ਯਤਨ ਆਦਿ ਸਭ ਬਿਰਤਾਂਤ ਹੀ ਹੈ ਇਹ ਨਾਟਕ ਅਤੇ ਕਲਾ ਦਾ ਮੁੱਢਲਾ ਰੂਪ ਹੈ। ਇਸ ਲਈ ਇਹ ਗੱਲ ਸਪਸ਼ਟ ਹੈ ਕਿ ਮਨੁੱਖੀ ਬਿਰਤਾਂਤਕ ਅਮਲ ਹੀ ਮੁੱਢਲਾ ਸਾਹਿਤ ਹੈ ਅਤੇ ਹਰੇਕ ਮਨੁੱਖੀ ਅਮਲ ਦੀ ਤਰ੍ਹਾਂ ਦਵੰਦਆਤਮਕ ਹੈ ਅਤੇ ਭਾਸ਼ਾ ਇਹਦਾ ਆਧਾਰ ਰੂਪ ਹੈ।

ਉਪਰੋਕਤ ਅਨੁਸਾਰ ਭਾਸ਼ਾ ਇੱਕ ਸਮਾਜਕ ਵਰਤਾਰਾ ਹੈ ਅਤੇ ਇਹ ਨਿਰੋਲ ਮਨੁੱਖੀ ਹੈ। ਸਮਾਜ ਤੋਂ ਬਾਹਰ ਭਾਸ਼ਾ ਨਹੀਂ ਹੁੰਦੀ ਅਤੇ ਭਾਸ਼ਾ ਦਾ ਕਾਰਜ ਮਨੁੱਖੀ ਸਮਾਜ ਵਿੱਚ ਆਦਾਨ-ਪ੍ਰਦਾਨ ਵਜੋਂ ਸਹਾਈ ਹੋਣਾਂ ਹੀ ਹੈ। ਇਹ ਸਮਾਜਕ ਲੋੜ ਵਿੱਚੋਂ ਉਪਜਦੀ ਹੈ। ਸਮਾਜਕ ਬਣਤਰ ਅਨੁਸਾਰ ਰੂਪ ਧਾਰਦੀ ਹੈ। ਵਰਗ ਆਧਾਰਤ ਸਮਾਜ ਦੀ ਭਾਸ਼ਾ ਵੀ 'ਜਮਾਤੀ' ਵਖਰੇਵੇਂ ਵਾਲੀ ਹੁੰਦੀ ਹੈ। ਭਾਸ਼ਾਈ ਵਖਰੇਵੇਂ ਦੀ ਹਕੀਕਤ ਵਿਅਕਤੀ-ਭਾਸ਼ਾ, ਰਜਿਸਟਰ, ਜਾਰਗੂਨ, ਸਲੈਂਗ, ਉਪ-ਭਾਸ਼ਾ ਅਤੇ ਭਾਸ਼ਾ ਆਦਿ ਰੂਪਾਂ ਵਿੱਚ ਸਾਕਾਰ ਹੁੰਦੀ ਹੈ। ਇਹ ਸਾਰੇ ਭਾਸ਼ਾਈ ਵਖਰੇਵੇਂ, ਵਖਰੇਵਿਆਂ ਵਾਲੀ ਸਮਾਜਿਕ ਬਣਤਰ ਕਰਕੇ ਸਾਹਮਣੇ ਆਉਂਦੇ ਹਨ। ਕਿਸੇ ਇੱਕ ਭਾਸ਼ਾ ਨੂੰ ਬੋਲਣ ਵਾਲੀ ਭਾਸ਼ਾਈ-ਆਬਾਦੀ ਵਿੱਚ ਅੰਦਰੂਨੀ ਭਾਸ਼ਾਈ ਵਖਰੇਵੇਂ ਉਸ ਆਬਾਦੀ ਦੀ ਅੰਦਰੂਨੀ ਸਮਾਜਕ ਸਥਿਤੀ ਕਰਕੇ ਹੀ ਹੁੰਦੇ ਹਨ।

**ਜਮਾਤ-ਅਧਾਰਤ ਸਮਾਜ ਵਿੱਚ ਭਾਸ਼ਾਈ ਵਖਰੇਵੇਂ ਦੇ ਆਧਾਰ**

ਜਦੋਂ ਅਸੀਂ ਜਮਾਤੀ ਆਧਾਰ ਉੱਤੇ ਭਾਸ਼ਾਈ ਵਖਰੇਵੇਂ ਦੀ ਗੱਲ ਕਰਦੇ ਹਾਂ ਤਾਂ ਦੇਖਦੇ

ਹਾਂ ਕਿ ਹਾਸ਼ੀਆਗਤ ਸਮੂਹਾਂ ਦੇ ਸੰਦਰਭ ਵਿੱਚ ਭਾਸ਼ਾ ਬਹੁਤੀ ਸਜੀ-ਸੰਵਰੀ ਹੋਣ ਦੀ ਬਜਾਇ, ਸਿੱਧੀ ਅੱਖੜ ਅਤੇ ਲਾਊਡ ਹੁੰਦੀ ਹੈ। ਇਸ ਵਿੱਚ ਬਹੁਤਾ ਸਤਿਕਾਰ ਅਤੇ ਆਤਮ-ਵਿਸ਼ਵਾਸ ਨਹੀਂ ਹੁੰਦੇ। ਧੁਨੀ ਵਿਗਿਆਨਕ ਪੱਧਰ ਤੋਂ ਵਾਚਦਿਆਂ ਵੀ ਦੇਖਿਆ ਜਾ ਸਕਦਾ ਹੈ, ਕਿ ਇਸ ਸ਼੍ਰੇਣੀ ਦੀ ਭਾਸ਼ਾ ਵਿੱਚ ਅਜਿਹੀਆਂ ਧੁਨੀਆਂ ਦੀ ਵਰਤੋਂ ਆਮ ਮਿਲਦੀ ਹੈ ਜਿਸ ਨੂੰ ਕਈ ਵਾਰੀ ਪ੍ਰਮਾਣਿਕ ਭਾਸ਼ਾ ਵਿੱਚ ਸਹੀ ਉਚਾਰਨ ਨਹੀਂ ਮੰਨਿਆ ਜਾਂਦਾ। ਜਿਵੇਂ ਪੰਜਾਬੀ ਦੇ ਸੰਦਰਭ 'ਚ ਗੱਲ ਕਰੀਏ ਤਾਂ, ਪੈਰੀਂ ਬਿੰਦੀ ਲਾ ਕੇ ਦਰਸਾਈਆਂ ਜਾਂਦੀਆਂ ਧੁਨੀਆਂ ਦੀ ਵਰਤੋਂ ਸਾਡੇ ਸਮਾਜ ਦੇ ਕਿਰਤੀ ਵਰਗ ਵਿੱਚ ਬਿਲਕੁੱਲ ਵੀ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਲਈ ਇਹਨਾਂ ਦੀ ਕੋਈ ਲੋੜ ਨਹੀਂ।

ਇਸੇ ਤਰ੍ਹਾਂ ਸਿਪਾਹੀ ਦਾ ਉਚਾਰਣ 'ਛਪਾਈ' ਵਜੋਂ ਸੁਣਿਆ ਜਾ ਸਕਦਾ ਹੈ। ਸ਼ੀਸ਼ੇ, ਸੀਸੇ ਦੀ ਉਦਾਹਰਨ ਜੱਗ ਜਾਹਰ ਹੈ। ਜਿੱਥੇ ਆਮ ਤੌਰ 'ਤੇ ਅੰਗਰੇਜੀ ਦੇ ਕੰਪਿਊਟਰ, ਸਾਈਕਲ, ਹੋਸਪੀਟਲ, ਰੇਲਵੇ ਸਟੇਸ਼ਨ, ਬੱਸ ਸਟੈਂਡ ਆਦਿ ਵਰਗੇ ਸ਼ਬਦ ਜਾਂ ਤਾਂ ਪ੍ਰਚਲਤ ਹੋ ਗਏ ਹਨ, ਜਾਂ ਉਨ੍ਹਾਂ ਦਾ ਚੇਤੰਨ ਤੌਰ 'ਤੇ ਸਹੀ ਉਚਾਰਨ ਕੀਤਾ ਜਾਂਦਾ ਹੈ। ਉੱਥੇ ਹੀ ਕਿਰਤੀ ਵਰਗ, ਇਹਨਾਂ ਹੀ ਸ਼ਬਦਾਂ ਕੰਪੂਟਰ, ਸੈਕਲ, ਹਸਪਤਾਲ, ਟੇਸ਼ਨ, ਅਤੇ ਬੱਸ ਅੱਡਾ ਆਦਿ ਹੀ ਵਰਤਦੇ ਹਨ। ਇੱਥੇ ਕਾਰਨ ਇਹ ਨਹੀਂ ਕਿ ਉਹ ਇਹਨਾਂ ਸ਼ਬਦਾਂ ਦੀਆਂ ਧੁਨੀਆਂ ਦਾ ਪੰਜਾਬੀਕਰਨ ਕਰ ਰਹੇ ਹਨ, ਉਹਨਾਂ ਦੀ ਪਹੁੰਚ ਤੋਂ ਪਹਿਲਾਂ ਹੀ ਇਹਨਾਂ ਸ਼ਬਦਾਂ ਦੇ ਸੰਕਲਪਾਂ ਦਾ ਪੰਜਾਬੀਕਰਨ ਹੋ ਚੁੱਕਿਆ ਹੁੰਦਾ ਹੈ। ਅਸਲ ਵਿੱਚ ਉਨ੍ਹਾਂ ਦੀ ਸਮਾਜਕ ਹਾਲਤ ਵਿੱਚ ਇਹ ਲੋੜ ਹੀ ਨਹੀਂ ਕਿ ਉਹ ਇਹਨਾਂ ਦਾ ਸਹੀ ਉਚਾਰਨ ਸਿੱਖਣ, ਨਹੀਂ ਤਾਂ ਅੰਗਰੇਜੀ ਦਾ ਮਡਗਾਰਡ ਅਜੇ ਤੱਕ ਮਰਗਾਟ ਦੇ ਤੌਰ 'ਤੇ ਹੀ ਨਾ ਉਚਾਰਿਆ ਜਾ ਰਿਹਾ ਹੁੰਦਾ। ਵਿਆਕਰਨ ਪੱਧਰ 'ਤੇ ਵੀ ਵਾਕ ਸਰਲ ਹੁੰਦੇ ਹਨ। ਸਧਾਰਨ ਵਾਕਾਂ ਦੀ ਵਰਤੋਂ ਜਿਆਦਾ ਹੁੰਦੀ ਹੈ। ਬੇਸਿਲ ਬਰਨਸਟਾਇਨ ਅਨੁਸਾਰ ਹੇਠਲੇ ਵਰਗ ਦੀ ਬੋਲੀ ਵਿੱਚ ਘੱਟ-ਆਤਮ ਵਿਸ਼ਵਾਸ ਹੁੰਦਾ ਹੈ, ਇਹਨਾਂ ਦੇ ਅਰਥ ਸਾਫ-ਸਪਸ਼ਟ ਹੁੰਦੇ ਹਨ, ਭਾਵ ਵਿੰਗ-ਵਲ੍ਹੇਟ ਨਹੀਂ ਹੁੰਦੇ, ਅਤੇ ਇਹ ਸਿੱਖਿਆ ਦੀ ਭਾਸ਼ਾ ਨਹੀਂ ਹੁੰਦੀ। ਜਿਹਨੂੰ ਉਹ Restricted Code ਦਾ ਨਾਮ ਦਿੰਦਾ ਹੈ। (Bernstein)

ਇਹਨਾਂ ਸਮੂਹਾਂ ਵਿੱਚ ਸਤਿਕਾਰਕ ਸੰਬੋਧਨ ਘੱਟ ਵਰਤੇ ਜਾਂਦੇ ਹਨ, ਖਾਸ ਕਰ ਆਪਣੇ ਹੀ ਸਮੂਹ ਅਤੇ ਪਰਿਵਾਰ ਵਿੱਚ ਉਹ ਆਪਣੇ ਤੋਂ ਵੱਡਿਆਂ, ਜਿਵੇਂ ਮਾਂ-ਪਿਓ, ਦਾਦਾ-ਦਾਦੀ, ਜਾਂ ਤਾਇਆ-ਚਾਚਾ ਅਤੇ ਹੋਰ ਰਿਸ਼ਤੇਦਾਰਾਂ ਆਦਿ ਨੂੰ ਜੀ, ਤੁਸੀਂ, ਤੁਹਾਨੂੰ ਕਰਕੇ ਸੰਬੋਧਨ ਨਹੀਂ ਕਰਦੇ, ਇਹਦਾ ਕਾਰਨ ਉਨ੍ਹਾਂ ਦੀ ਸਮਾਜਕ ਸਥਿਤੀ ਹੁੰਦੀ ਹੈ ਕੋਈ ਆਪਸੀ ਤਿਰਸਕਾਰ ਦੀ ਭਾਵਨਾ ਨਹੀਂ। ਉਨ੍ਹਾਂ ਨੂੰ ਸਮਾਜਕ ਤੌਰ 'ਤੇ ਸਤਿਕਾਰ ਮਿਲਦਾ ਹੀ ਨਹੀਂ, ਜਿਸ ਕਰਕੇ ਉਨ੍ਹਾਂ ਦੇ ਆਪਦੇ ਸੰਬੋਧਨ ਵਿੱਚ ਸਤਿਕਾਰਕ ਸ਼ਬਦਾਂ ਦੀ ਵਰਤੋਂ ਨਹੀਂ ਹੁੰਦੀ।

ਹਾਸ਼ੀਆਗਤ ਸਮੂਹਾਂ ਦੀ ਬੋਲੀ, ਵਖਰੇਵੇਂ ਸਹਿਤ ਉਸ ਸਮੁੱਚੇ ਭਾਸ਼ਾ-ਸਮਾਜ ਵੱਲੋਂ ਬੋਲੀ ਜਾ ਰਹੀ ਭਾਸ਼ਾ ਦੀ ਹੀ ਕਿਸਮ ਹੁੰਦੀ ਹੈ। ਸਾਂਝੀ ਭਾਸ਼ਾ ਭਾਸ਼ਾਈ-ਸਮਾਜ ਵਿੱਚ ਵੱਸ ਰਹੇ ਸਭ ਸਮੂਹਾਂ ਦੀ ਸਾਂਝੀ ਹੁੰਦੀ ਹੈ, ਇਸ ਵਿੱਚ ਥੋੜ੍ਹੇ-ਬਹੁਤ ਵਖਰੇਵਿਆਂ ਤੋਂ ਬਿਨਾਂ ਕੋਈ ਵੀ ਬਹੁਤ ਵੱਡਾ ਵਖਰੇਵਾਂ ਨਹੀਂ ਹੁੰਦਾ, ਇਹ ਥੋੜ੍ਹੇ-ਬਹੁਤ ਫਰਕ ਨਾਲ ਹੀ ਸਭ ਸਮੂਹਾਂ ਵਿੱਚ ਬੋਲੀ ਜਾਂਦੀ ਹੈ। ਇੱਕ ਭਾਸ਼ਾਈ ਸਮਾਜ ਵਿੱਚ ਹਰ ਜਮਾਤ, ਜਾਤ, ਧਰਮ, ਖਿੱਤੇ, ਕਿੱਤੇ ਆਦਿ

ਦੇ ਲੋਕ, ਸਭ ਇੱਕੋ ਸਾਂਝੀ ਭਾਸ਼ਾ ਵਖਰੇਵਿਆਂ ਸਹਿਤ ਬੋਲ ਰਹੇ ਹੁੰਦੇ ਹਨ, ਬਸ਼ਰਤੇ ਉਹ ਆਪਣੀ ਬੋਲੀ ਹੀ ਬੋਲ ਰਹੇ ਹੋਣ, ਦੂਜੀ ਜਾਂ ਵਿਦੇਸ਼ੀ ਭਾਸ਼ਾ ਨਹੀਂ।

ਸਾਂਝੀ ਭਾਸ਼ਾ ਤੋਂ ਉਪ-ਬੋਲੀਆਂ ਵਿਚਲਾ ਵਖਰੇਵਾਂ ਸਿਰਫ ਅਤੇ ਸਿਰਫ ਬੁਲਾਰਿਆਂ ਦੇ ਸਮੂਹ ਦੀ ਲੋੜ ਦੁਆਰਾ ਨਿਸ਼ਚਿਤ ਹੁੰਦਾ ਹੈ। ਇਹ ਵਖਰੇਵੇਂ, ਭਾਸ਼ਾਈ ਉਚਾਰਨ ਦੇ ਢੰਗ ਦੇ ਪੱਧਰ 'ਤੇ ਹੁੰਦੇ ਹਨ, ਪ੍ਰਚਲਿਤ ਅਰਥ ਦੇ ਪੱਧਰ 'ਤੇ ਹੋ ਸਕਦੇ ਹਨ, ਸ਼ਬਦਾਵਲੀ ਦੇ ਪੱਧਰ 'ਤੇ ਹੋ ਸਕਦੇ ਹਨ, ਭਾਵ ਨਵੇਂ ਸ਼ਬਦਾਂ ਨੂੰ ਸਮਿਲਤ ਕੀਤਾ ਜਾ ਸਕਦਾ ਹੈ ਜਾਂ ਨਵੇਂ ਸ਼ਬਦ ਘੜੇ ਜਾ ਸਕਦੇ ਹਨ। ਪਰ ਭਾਸ਼ਾ ਦੀ ਆਧਾਰ-ਸੰਰਚਨਾ - ਜੋ ਕਿ ਵਿਆਕਰਨਕ ਬਣਤਰ ਅਤੇ ਮੂਲ ਸ਼ਬਦ ਭੰਡਾਰ ਹੈ - ਵਿੱਚ ਕੋਈ ਗੰਭੀਰ ਫਰਕ ਨਹੀਂ ਆਉਂਦਾ।

ਕਿਸੇ ਸਮਾਜ ਦੀ ਭਾਸ਼ਾ, ਇੱਕ ਜਾਂ ਦੂਜੇ, ਨਵੇਂ ਜਾਂ ਪੁਰਾਣੇ ਆਧਾਰ ਦਾ ਉਤਪਾਦ ਨਹੀਂ, ਸਗੋਂ ਇਹ ਸਮੁੱਚੇ ਇਤਿਹਾਸਕ ਪ੍ਰਵਾਹ ਦੀ, ਸਦੀਆਂ ਤੱਕ ਆਧਾਰਾਂ ਦੇ ਇਤਿਹਾਸ ਦਾ ਉਤਪਾਦਨ ਹੈ। ਇਹ ਕਿਸੇ ਇੱਕ ਜਮਾਤ ਦੁਆਰਾ ਨਹੀਂ ਸਗੋਂ ਪੂਰੇ ਸਮਾਜ ਦੀ, ਸਮਾਜ ਦੀਆਂ ਸਾਰੀਆਂ ਜਮਾਤਾਂ ਦੀ, ਸੈਂਕੜੇ ਪੀੜ੍ਹੀਆਂ ਦੇ ਉੱਦਮਾਂ ਦੀ ਸਿਰਜਣਾ ਹੁੰਦੀ ਹੈ, ਇਹ ਕਿਸੇ ਇੱਕ ਜਮਾਤ ਦੀਆਂ ਲੋੜਾਂ ਦੀ ਪੂਰਤੀ ਹਿਤ ਨਹੀਂ ਸਗੋਂ ਪੂਰੇ ਸਮਾਜ ਦੀ, ਸਮਾਜ ਦੀਆਂ ਸਾਰੀਆਂ ਜਮਾਤਾਂ ਦੀ ਲੋੜਾਂ ਦੀ ਪੂਰਤੀ ਹਿਤ ਸਿਰਜੀ ਗਈ ਹੁੰਦੀ ਹੈ। ਬਿਲਕੁੱਲ ਇਸੇ ਕਾਰਨ ਕਰਕੇ ਸਮੁੱਚੇ ਸਮਾਜ ਲਈ ਇੱਕ ਸਾਂਝੀ ਭਾਸ਼ਾ ਦੀ ਸਿਰਜਣਾ ਹੁੰਦੀ ਹੈ, ਜੋ ਸਾਰੇ ਮੈਂਬਰਾਂ ਲਈ ਸਾਂਝੀ ਹੁੰਦੀ ਹੈ. ਇਸ ਲਈ ਭਾਸ਼ਾ ਦੀ ਪ੍ਰਕਾਰਜੀ ਭੂਮਿਕਾ, ਸੰਚਾਰਆਤਮਕ ਆਦਾਨ-ਪ੍ਰਦਾਨ ਦੇ ਸਾਧਨ ਦੇ ਤੌਰ 'ਤੇ, ਇੱਕ ਜਮਾਤ ਦੇ ਦੂਜੇ ਉੱਤੇ ਦਾਬੇ ਲਈ ਨਹੀਂ ਸਗੋਂ ਸਮੁੱਚੇ ਸਮਾਜ ਦੀ, ਭਾਵ ਸਾਰੀਆਂ ਜਮਾਤਾਂ ਦੀ ਇਕਸਾਰ ਸੇਵਾ ਲਈ ਹੁੰਦੀ ਹੈ(Stalin)।

ਇੱਕ ਭਾਸ਼ਾ ਸਮੁੱਚੇ ਸਮਾਜ ਲਈ ਸਾਂਝੀ ਹੋਣ ਦੀ ਆਪਣੀ ਥਾਂ ਨੂੰ ਤਿਲਾਂਜਲੀ ਦੇ ਕੇ ਹੀ ਕਿਸੇ ਇੱਕ ਸਮਾਜਕ ਸਮੂਹ ਨੂੰ ਦੂਜੇ ਸਮਾਜਕ ਸਮੂਹਾਂ ਉੱਪਰ ਦਾਬੇ ਲਈ ਸਹਾਈ ਹੋ ਸਕਦੀ ਹੈ ਅਤੇ ਇਸ ਤਰ੍ਹਾਂ ਇਹ ਸਮਾਜ ਦੇ ਸਾਰੇ ਮੈਂਬਰਾਂ ਲਈ ਆਪਣਾ, ਸੰਚਾਰਆਤਮਕ ਆਦਾਨ-ਪ੍ਰਦਾਨ ਦੇ ਸਾਧਨ ਹੋਣ ਦਾ ਗੁਣ ਗਵਾ ਬੈਠਦੀ ਹੈ ਅਤੇ ਕਿਸੇ ਇੱਕ ਸਮਾਜਕ ਸਮੂਹ ਦੀ ਵਰਗ-ਬੋਲੀ ਬਣ ਜਾਂਦੀ ਹੈ।

ਜਮਾਤੀ ਸਮਾਜ ਵਿੱਚ ਵੱਸਦੇ ਵੱਖਰੇ-ਵੱਖਰੇ ਸਮੂਹ ਆਪਣੇ ਹਿੱਤਾਂ ਅਨੁਸਾਰ ਭਾਸ਼ਾ ਦੇ ਵਰਤੋਂ ਦੀ ਪ੍ਰਵਿਰਤੀ ਰੱਖਦੇ ਹਨ, ਤਾਂ ਕਿ ਆਪਣਾ ਖਾਸ ਲਹਿਜਾ, ਆਪਣੇ ਖਾਸ ਭਾਵ, ਆਪਣੀ ਖਾਸ ਸ਼ਬਦਾਵਲੀ ਉਸ ਉੱਤੇ ਲਾਗੂ ਕਰ ਸਕਣ। ਉੱਪਰਲੀ ਜਮਾਤ ਜੋ ਸਾਧਨਾਂ ਦੀ ਮਾਲਕ ਹੈ, ਇਸ ਤਰ੍ਹਾਂ ਆਪਣੇ ਆਪ ਨੂੰ ਬਾਕੀ ਲੋਕਾਂ ਤੋਂ ਵੱਖ ਦਰਸਾਉਣ ਲਈ, ਜਮਾਤੀ ਉਪਭਾਸ਼ਾ - ਵਰਗ ਬੋਲੀ ਦੀ ਸਿਰਜਣਾ ਕਰਦੀ ਹੈ, ਆਮ ਤੌਰ 'ਤੇ ਇਸੇ ਦਾਬੇ ਵਾਲੀ ਉਪਭਾਸ਼ਾ ਨੂੰ ਕਿਸੇ ਭਾਸ਼ਾਈ ਸਮਾਜ ਦੀ ਭਾਸ਼ਾ ਮੰਨ ਲਿਆ ਜਾਂਦਾ ਹੈ ਅਤੇ ਬਾਕੀ ਵਰਗ-ਬੋਲੀਆਂ ਨੂੰ ਦੂਜੇ ਦਰਜੇ ਦੀਆਂ ਜਾਂ ਹਾਸ਼ੀਆਗਤ ਦਰਸਾਉਣ ਦੀ ਪ੍ਰਕਿਰਿਆ ਤੇਜ ਕਰ ਦਿੱਤੀ ਜਾਂਦੀ ਹੈ।

ਸਮਾਜ ਦੇ ਵਿਕਾਸ ਨੇ ਜਮਾਤ-ਰਹਿਤ ਸਮਾਜ ਤੋਂ ਜਮਾਤੀ ਸਮਾਜ ਵਿੱਚ ਪਰਿਵਰਤਨ ਨਾਲ ਭਾਸ਼ਾ ਦੇ ਵਿਕਾਸ 'ਚ ਵੀ ਤਬਦੀਲੀਆਂ ਕੀਤੀ। ਆਰਥਕ ਅਧਾਰ 'ਚ ਇਕਦਮ ਬਦਲਾਅ ਨਾਲ ਭਾਸ਼ਾ 'ਚ ਬਦਲਾਅ ਨਹੀਂ ਹੁੰਦਾ ਕਿਉਂਕਿ ਭਾਸ਼ਾ ਸਮੁੱਚੇ ਸਮਾਜ ਦੀ ਸਾਂਝੀ ਹੀ ਹੁੰਦੀ ਹੈ ਅਤੇ ਇਸ ਦੇ ਰੂਪ ਦਾ ਸਮਾਜ ਵਿਚਲੀਆਂ ਜਮਾਤਾਂ ਨਾਲ ਵਖਰੇਵੇਂ ਦਾ ਸੰਬੰਧ ਨਹੀਂ ਜਾਂ ਕਹੋ

ਭਾਸ਼ਾ ਦੀ ਜਮਾਤ ਨਹੀਂ ਹੁੰਦੀ ਅਤੇ ਇਹ ਸਮਾਜ ਦੇ ਸਾਰੇ ਮੈਂਬਰਾਂ ਲਈ ਇੱਕ ਸਮਾਨ ਹੁੰਦੀ ਹੈ ਪਰ ਜਮਾਤੀ ਸਮਾਜ ਵਿਚਲੀਆਂ ਜਮਾਤਾਂ ਦੀ ਭਾਸ਼ਾ ਜਰੂਰ ਹੁੰਦੀ ਹੈ ਭਾਵ ਉਹ ਸਾਂਝੀ ਭਾਸ਼ਾ ਦੇ ਵੱਖਰੇ ਰੂਪ ਦਾ ਉਚਾਰਨ ਕਰਨ 'ਚ ਰੁਚਿਤ ਹੁੰਦੇ ਹਨ।

ਉਦਾਹਰਨ ਵੱਜੋਂ ਦੇਖੀਏ ਤਾਂ ਹਰ ਇੱਕ 'ਗਿਆਨ-ਅਨੁਸ਼ਾਸਨ' ਦੀ ਆਪਣੀ ਵੱਖਰੀ ਸ਼ਬਦਾਵਲੀ ਹੁੰਦੀ ਹੈ। ਉਹ ਭਾਸ਼ਾ ਵਿਚਲੇ ਸ਼ਬਦਾਂ ਦੇ ਅਰਥਾਂ ਨੂੰ ਆਪਣੇ ਅਨੁਸ਼ਾਸਨ ਅਨੁਸਾਰ ਨਵੇਂ ਅਰਥ ਵੀ ਪ੍ਰਦਾਨ ਕਰ ਸਕਦੇ ਹਨ ਅਤੇ ਕਈ ਵਾਰ ਮਿਲਦੇ-ਜੁਲਦੇ ਅਰਥਾਂ 'ਚ ਵੀ ਵਰਤ ਸਕਦੇ ਹਨ ਜਾਂ ਫਿਰ ਨਵੇਂ ਸ਼ਬਦ ਵੀ ਘੜ ਸਕਦੇ ਹਨ, ਉਦਾਹਰਨ ਵਜੋਂ ਅਸੀਂ ਸ਼ਬਦ 'ਪਦਾਰਥ' ਦੇ ਅਰਥਾਂ ਨੂੰ ਲੈਂਦੇ ਹਾਂ ਜਿਸ ਦਾ ਅਰਥ ਭੌਤਿਕ ਵਿਗਿਆਨ ਵਿੱਚ ਹੋਰ ਅਤੇ ਫਲਸਫੇ ਵਿੱਚ ਹੋਰ ਹੋਵੇਗਾ, ਓਵੇਂ ਹੀ ਜੇ ਅਸੀਂ ਸ਼ਬਦ 'ਵਸਤ ' ਨੂੰ ਦੇਖੀਏ ਤਾਂ ਉਹ ਦਾ ਅਰਥ ਵੀ ਰਾਜਨੀਤਿਕ ਆਰਥਕਤਾ ਵਿੱਚ ਹੋਰ ਅਤੇ ਸਾਹਿਤ ਸਮੀਖਿਆ ਵਿੱਚ ਹੋਰ ਹੋਵੇਗਾ, ਇਸੇ ਤਰ੍ਹਾਂ ਕਿੱਤਿਆਂ ਨਾਲ ਸੰਬੰਧਤ ਭਾਸ਼ਾ ਦੀ ਗੱਲ ਕੀਤੀ ਜਾ ਸਕਦੀ ਹੈ, ਸਾਡੇ ਸਾਹਮਣੇ ਕਿੱਤਿਆਂ ਨਾਲ ਸੰਬੰਧਤ ਔਜਾਰਾਂ ਅਤੇ ਸੰਕਲਪਾਂ ਦੀਆਂ ਅਨੇਕਾਂ ਉਦਾਹਰਨਾਂ ਆ ਜਾਂਦੀਆਂ ਹਨ ਜੋ ਵੱਖ-ਵੱਖ ਕਿੱਤਿਆਂ ਵਿੱਚ ਵੱਖਰੀਆਂ-ਵੱਖਰੀਆਂ ਹਨ। ਇਹ ਤਾਂ ਹੋਈ ਗਿਆਨ ਦੀ ਤਕਨੀਕੀ ਸ਼ਬਦਾਵਲੀ ਅਤੇ ਕਿੱਤਿਆਂ ਨਾਲ ਸੰਬੰਧਤ ਭਾਸ਼ਾਈ ਵਖਰੇਵੇਂ ਦੀ ਗੱਲ ਇਹਦਾ ਮੰਤਵ ਕਿਸੇ ਉੱਤੇ ਗਲਬਾ ਕੱਸਣਾ ਨਾ ਹੋ ਕੇ ਆਪਣੇ ਗਿਆਨ ਜਾਂ ਕਿੱਤੇ ਨਾਲ ਸੰਬੰਧਤ ਸੰਕਲਪਾਂ ਦਾ ਅਮਲੀ ਪ੍ਰਗਟਾਵਾ ਹੁੰਦਾ ਹੈ ਜਿਸ ਵਿੱਚ ਉਹ ਸਾਂਝੀ ਭਾਸ਼ਾਈ ਸਮਗਰੀ ਦੀ ਹੀ ਵਰਤੋਂ ਕਰਦੇ ਹਨ ਅਤੇ ਆਪਣੀ ਲੋੜ ਅਨੁਸਾਰ ਉਸ ਨੂੰ ਅਮਲੀ ਰੂਪ ਦਿੰਦੇ ਹਨ।

ਪਰ, ਕਿਉਂਕਿ ਸਮਾਜ ਦੀ ਬਣਤਰ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਅਤੇ ਪੈਦਾਵਾਰੀ ਸ਼ਕਤੀਆਂ ਦੇ ਪੈਦਾਵਾਰੀ ਸਾਧਨਾਂ ਨਾਲ ਰਿਸ਼ਤੇ ਦੇ ਆਧਾਰ 'ਤੇ ਨਿਸ਼ਚਿਤ ਹੁੰਦੀ ਹੈ, ਇਸ ਲਈ ਕਾਬਜ਼ ਜਮਾਤ ਸਮਾਜ ਵਿੱਚ ਭਾਰੂ ਭੂਮਿਕਾ ਅਦਾ ਕਰਦੀ ਹੈ ਅਤੇ ਉਹ ਸਮਾਜ ਦੀਆਂ ਸਾਰੀਆਂ ਸੰਸਥਾਵਾਂ ਭਾਵ ਆਰਥਿਕ, ਰਾਜਨੀਤਿਕ, ਕਾਨੂੰਨੀ, ਸਾਹਿਤਕ ਅਤੇ ਧਾਰਮਿਕ ਆਦਿ ਨੂੰ ਆਪਣੇ ਅਨੁਸਾਰੀ ਕਰਨ ਦੀ ਪ੍ਰਕਿਰਿਆ 'ਚ ਰਹਿੰਦੀ ਹੈ ਅਤੇ ਭਾਸ਼ਾ ਨੂੰ ਵੀ ਇਸੇ ਤਰ੍ਹਾਂ ਹੀ ਆਪਣੇ ਅਨੁਸਾਰੀ ਬਣਾਉਣ ਦਾ ਅਮਲ ਜਾਰੀ ਕੀਤਾ ਜਾਂਦਾ ਹੈ ਜਿਸ ਤਹਿਤ ਨਵੇਂ ਸ਼ਬਦ ਨਵੇਂ ਵਿਆਕਰਨਕ ਰੂਪ ਇੱਥੋ ਤੱਕ ਕਾਨੂੰਨੀ ਤੌਰ 'ਤੇ ਨਵੀਂ ਭਾਸ਼ਾ ਲਾਗੂ ਕਰਨ ਤੱਕ ਦੇ ਅਮਲ ਇਤਿਹਾਸ ਵਿੱਚ ਦੇਖੇ ਜਾਂਦੇ ਰਹੇ ਹਨ, ਪਰ ਇਹ ਵਰਗ ਉਪਭਾਸ਼ਾਵਾਂ ਜਿਨ੍ਹਾਂ ਨੂੰ ਵਰਗ-ਬੋਲੀ ਕਹਿਣਾ ਵਧੇਰੇ ਉਚਿੱਤ ਹੋਵੇਗਾ, ਉਹ ਆਮ ਜਨਤਾ ਦੀ ਨਹੀਂ ਬਲਕਿ ਸਮਾਜ ਦੇ ਸੀਮਤ, ਉੱਪਰਲੇ ਤਬਕੇ ਦੀ ਸੇਵਾ ਕਰਦੀਆਂ ਹਨ। ਇਸ ਦੇ ਇਲਾਵਾ ਉਨ੍ਹਾਂ ਦਾ ਨਾਂ ਤਾਂ ਕੋਈ ਆਪਣਾ ਵਿਆਕਰਨ-ਤੰਤਰ ਹੁੰਦਾ ਹੈ ਅਤੇ ਨਾ ਹੀ ਆਪਣਾ ਮੂਲ ਸ਼ਬਦ ਭੰਡਾਰ। ਇਸ ਦ੍ਰਿਸ਼ਟੀ ਤੋਂ ਉਨ੍ਹਾਂ ਦਾ ਸੁਤੰਤਰ ਭਾਸ਼ਾ ਦੇ ਰੂਪ ਵਿੱਚ ਵਿਕਸਿਤ ਹੋ ਪਾਉਣਾ ਸੰਭਵ ਨਹੀਂ(Stalin)। ਇਸੇ ਤਹਿਤ ਉਹ ਭਾਸ਼ਾ ਨੂੰ ਵੀ ਦੂਜੇ ਸਮਾਜਿਕ ਮਸਲਿਆ ਵਾਂਗੂੰ ਸਾਂਝੇ ਰੂਪ ਵਿੱਚ ਨਾ ਰੱਖ ਕੇ ਟੁਕੜਿਆਂ 'ਚ ਵੰਡਣ ਵੱਲ ਨੂੰ ਕੰਮ ਕਰਦੇ ਹਨ, ਉਦਾਹਰਨ ਲਈ ਜਿਵੇਂ ਉਹ ਸਮਾਜਿਕ ਪੱਧਰ ਉੱਤੇ ਜਮਾਤੀ ਰਿਸ਼ਤਿਆਂ ਨੂੰ ਧੁੰਦਲਾ ਕਰਨ ਲਈ ਹੋਰ ਵਖਰੇਵੇਂ ਉਭਾਰਦੇ ਹਨ ਜਿਸ ਵਿੱਚ ਜਾਤੀ, ਧਾਰਮਿਕ, ਨਸਲੀ, ਰੰਗ ਆਦਿ ਹਨ, ਇਹਨਾਂ ਵਾਂਗ ਹੀ ਭਾਸ਼ਾ ਨੂੰ ਉਹ ਇਹਨਾਂ ਵਖਰੇਵਿਆਂ 'ਚ ਉਭਾਰਨ ਦੀ ਕੋਸ਼ਿਸ਼ ਕਰਦੇ ਹਨ ਪਰ ਜਿਵੇਂ ਗੱਲ

ਕੀਤੀ ਹੈ ਹੈ ਭਾਸ਼ਾ ਦਾ ਵਰਤਾਰਾ ਇੱਕ ਸਾਂਝਾ ਸਮਾਜਿਕ ਵਰਤਾਰਾ ਹੈ, ਜਿਸ ਵਿੱਚ ਉਹ ਸਫਲ ਵੀ ਹੁੰਦੇ ਹਨ ਉਹ ਭਾਸ਼ਾ ਨੂੰ ਧਾਰਮਿਕ, ਨਸਲੀ, ਜਾਤੀ, ਅਤੇ ਲਿੰਗ ਆਦਿ ਦੇ ਆਧਾਰ 'ਤੇ ਵੰਡਦੇ ਹਨ ਅਤੇ ਭਾਸ਼ਾ ਦੇ ਜਮਾਤੀ ਵਖਰੇਵੇਂ ਨੂੰ ਧੁੰਦਲਾ ਕਰਦੇ ਹਨ, ਪਰ ਭਾਸ਼ਾਈ ਵਖਰੇਵਿਆਂ ਨੂੰ ਜਮਾਤੀ ਸਮੁੱਚ ਵਿੱਚ ਵਾਚਣ ਦੀ ਕੋਸ਼ਿਸ਼ ਨਾਲ ਇਸ ਧੁੰਦਲਕੇ ਨੂੰ ਦੂਰ ਕੀਤਾ ਜਾ ਸਕਦਾ ਹੈ ਭਾਸ਼ਾ ਵਿਚਲੇ ਉਪਰੋਕਤ ਵਖਰੇਵੇਂ ਸਿਰਫ ਸ਼ੋਸ਼ਕ ਅਤੇ ਸ਼ੋਸ਼ਿਤ ਜਮਾਤਾਂ ਵਿੱਚ ਵਖਰੇਵਿਆਂ ਦੀ ਉਪ-ਵੰਡ ਹੀ ਹੈ।

ਜਿਸ ਤਰ੍ਹਾਂ ਉੱਪਰ ਗੱਲ ਹੋਈ ਹੈ ਕਿ ਪੈਦਾਵਾਰ ਦੇ ਸਾਧਨਾਂ ਉੱਤੇ ਕਾਬਜ਼ ਜਮਾਤ ਭਾਸ਼ਾ ਨੂੰ ਵੀ ਬਾਕੀ ਸੰਸਥਾਵਾਂ ਵਾਂਗੂੰ ਆਪਣੇ ਅਨੁਸਾਰੀ ਕਰਨ ਦੀ ਕੋਸ਼ਿਸ਼ ਕਰਦੀ ਹੈ ਜਿਸ ਤਰ੍ਹਾਂ ਕਿ ਬਾਕੀ ਸੰਸਥਾਵਾਂ ਹਨ, ਇਸ ਲਈ ਇੱਥੇ ਇਹ ਕਹਿਣਾ ਜਰੂਰੀ ਬਣ ਜਾਂਦਾ ਹੈ ਕਿ ਭਾਸ਼ਾ ਵਿਚਲੇ ਪਰਿਵਰਤਨ ਲੰਬੇ ਸਮੇਂ 'ਚ ਸਹਿਜੇ-ਸਹਿਜੇ ਹੁੰਦੇ ਹਨ, ਅਤੇ ਭਾਸ਼ਾ ਵਿੱਚ ਕਿਸੇ ਵੀ ਤਰ੍ਹਾਂ ਦਾ ਜਬਰੀ ਬਦਲਾਅ ਸਿਰਫ ਅਰਾਜਕਤਾ ਦਾ ਕਾਰਨ ਬਣ ਸਕਦਾ ਜਿਸ ਨੂੰ ਜਮਾਤੀ ਹਿਤਾਂ ਦੀ ਪੂਰਤੀ ਲਈ ਵਰਤਿਆ ਜਾਂਦਾ ਹੈ ਕਿਉਂਕਿ ਇਹ ਜਬਰੀ ਬਦਲਾਅ ਸਮਾਜਿਕ ਪ੍ਰਵਾਨਗੀ ਅਤੇ ਲੋਕ-ਮਨਾਂ ਦਾ ਹਿੱਸਾ ਨਹੀਂ ਬਣਦਾ, ਅਤੇ ਇਹ ਜਬਰੀ ਬਦਲਾਅ ਭਾਸ਼ਾ ਦੇ ਰੂਪ ਨੂੰ ਘੱਟ ਅਤੇ ਸਮਾਜ ਨੂੰ ਵੱਧ ਪ੍ਰਭਾਵਿਤ ਕਰਦਾ ਹੈ, ਕਿਉਂਕਿ ਭਾਸ਼ਾ ਦਾ ਸਿੱਧਾ ਸੰਬੰਧ ਸਮਾਜਿਕ ਸਿਰਜਣਾ ਨਾਲ ਹੁੰਦਾ ਹੈ।

### ਸਥਾਪਨਾ

ਸਾਡਾ ਸਵਾਲ ਇਹ ਸੀ ਕਿ ਕੀ ਹਾਸ਼ੀਆਗਤ ਸਮੂਹਾਂ ਦੀ ਕੋਈ ਵੱਖਰੀ ਭਾਸ਼ਾ ਹੁੰਦੀ ਹੈ ? ਤਾਂ ਗੱਲ ਇਹ ਕਿ ਭਾਸ਼ਾ ਦਾ ਪਦਾਰਥਕ ਸੁਭਾਅ ਸਮਾਜ ਦੇ ਜਮਾਤੀ ਪ੍ਰਬੰਧ ਵਿੱਚ ਭਾਵੇਂ ਜਮਾਤੀ ਨਹੀਂ ਹੁੰਦਾ ਪਰ ਜਮਾਤੀ ਬਣਤਰ ਭਾਸ਼ਾ ਨੂੰ ਆਪਣੇ ਅਨੁਸਾਰੀ ਰੱਖਣ ਲਈ ਯਤਨਸ਼ੀਲ ਹੁੰਦੀ ਹੈ ਅਤੇ ਇਸ ਦੀ ਸਮਗਰੀ ਦਾ ਸੁਭਾਅ ਜਮਾਤੀ ਹੋ ਜਾਂਦਾ ਹੈ। ਧੁਨੀਆਂ ਦਾ ਉਚਾਰਨ, ਸ਼ਬਦਾਂ ਦੀ ਵਰਤੋਂ ਵਾਕਾਂ ਦੀ ਬਣਤਰ ਆਦਿ ਜਮਾਤੀ ਵਖਰੇਵੇਂ ਦੇ ਸੂਚਕ ਹਨ। ਇਹੀ ਸਮਾਜਿਕ ਬਣਤਰ ਭਾਸ਼ਾ ਨਾਲ ਸੰਬੰਧਿਤ ਸਮੱਸਿਆਵਾਂ ਦਾ ਆਧਾਰ ਬਣਦੀ ਹੈ ਅਤੇ ਇਹਦੇ ਤੋਂ ਪੈਦਾ ਹੋਈ ਅਰਾਜਕਤਾ ਨੂੰ ਸਮਾਜਿਕ ਪਾੜੇ ਡੂੰਘੇ ਕਰਨ ਲਈ ਵਰਤਿਆ ਜਾਂਦਾ ਹੈ।

ਕਿਉਂਕਿ ਭਾਸ਼ਾ ਦਾ ਰੂਪ ਕੋਈ ਸੁਤੰਤਰ ਹੋਂਦ ਵਜੋਂ ਨਹੀਂ ਭਾਸ਼ਾ ਇੱਕ ਸਮਾਜਿਕ ਵਰਤਾਰਾ ਹੈ ਅਤੇ ਸਮਾਜ ਦਾ ਭਾਸ਼ਾ ਨਾਲ ਸੰਬੰਧ ਹੀ ਭਾਸ਼ਾ ਦੇ ਰੂਪ ਦਾ ਜਿੰਮੇਵਾਰ ਹੁੰਦਾ ਹੈ, ਨਾ ਕਿ ਭਾਸ਼ਾ ਆਪ-ਮੁਹਾਰੇ ਹੀ ਕੋਈ ਰੂਪ ਗ੍ਰਹਿਣ ਕਰਦੀ ਹੈ। ਇਸ ਨੂੰ ਇੱਕ ਉਦਾਹਰਨ ਨਾਲ ਸਮਝਿਆ ਜਾ ਸਕਦਾ ਹੈ ਕਿ ਖੁਸ਼ਕ ਖਿੱਤਿਆਂ ਦੀਆਂ ਭਾਸ਼ਾਵਾਂ ਵਿੱਚ ਕੰਠੀ ਧੁਨੀਆਂ ਅਤੇ ਮਹਾਂਪਰਾਣ ਧੁਨੀਆਂ ਦੀ ਮਾਤਰਾ, ਪਹਾੜੀ ਅਤੇ ਬਹੁਤ ਠੰਢੇ ਇਲਾਕਿਆਂ ਦੀਆਂ ਭਾਸ਼ਾਵਾਂ ਨਾਲੋਂ ਵਧੇਰੇ ਹੁੰਦੀ ਹੈ ਕਿਉਂਕਿ ਮਹਾਂਪਰਾਣ ਧੁਨੀਆਂ ਵਿੱਚ ਹਵਾ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜੋ ਗਲ ਨੂੰ ਠੰਢਕ ਦਿੰਦੀ ਹੈ ਇਹ ਸਥਿਤੀ ਗਰਮ ਇਲਾਕਿਆਂ ਲਈ ਲਾਹੇਵੰਦ ਪਰ ਠੰਡੇ ਇਲਾਕਿਆਂ ਲਈ ਖਤਰਨਾਕ ਸਿੱਧ ਹੋ ਸਕਦੀ ਹੈ ਜਿੱਥੇ ਪਤਲੀ ਹੁੰਦੀ ਹੈ ਅਤੇ ਸਰੀਰ ਨੂੰ ਊਰਜਾ ਅਤੇ ਗਰਮੀ ਦੀ ਲੋੜ ਵੀ ਵਧੇਰੇ ਹੋਣ ਕਰ ਕੇ ਸਰੀਰ ਦੀ ਊਰਜਾ ਬਚਾ ਕੇ ਰੱਖਣਾ ਹੁੰਦਾ ਹੈ ਨਹੀਂ ਤਾਂ ਸਰੀਰ ਹਾਇਪੋਥਰਮੀਆ ਦਾ ਸ਼ਿਕਾਰ ਹੋ ਸਕਦਾ ਹੈ। ਇਸੇ ਤਰ੍ਹਾਂ ਹੀ ਅਫਰੀਕੀ ਭਾਸ਼ਾਵਾਂ ਵਿਚਲੀਆਂ 'ਕਲਿੱਕ' ਧੁਨੀਆਂ ਵੀ ਉੱਥੋਂ ਦੇ ਜੰਗਲੀ ਜੀਵਨ ਵਿੱਚ

ਸ਼ਿਕਾਰ ਦੀ ਲੋੜ ਅਤੇ ਉਸ ਦੀ ਪੂਰਤੀ ਲਈ ਮਨੁੱਖੀ ਅਮਲ ਵਜੋਂ ਇੱਕ ਸੰਚਾਰ ਸਾਧਨ ਦਾ ਹਿੱਸਾ ਬਣੀਆਂ। ਇਸ ਤਰ੍ਹਾਂ ਸਮਾਜ ਦਾ ਭਾਸ਼ਾ ਨਾਲ ਸੰਬੰਧ ਜੋ ਲਗਾਤਾਰ ਇੱਕ ਦੂਜੇ ਨੂੰ ਪ੍ਰਭਾਵਿਤ ਕਰਦਾ ਹੈ ਦਵੰਦਾਤਮਕ ਸੰਬੰਧਾਂ ਵਿੱਚ ਵਿਚਰਦਾ ਹੈ।

ਕਿਸੇ ਵੀ ਭਾਸ਼ਾਈ ਆਬਾਦੀ ਦੀ ਭਾਸ਼ਾ ਉਹਦੇ ਜਮਾਤੀ ਖਾਸੇ ਦੇ ਬਾਵਜੂਦ ਸਾਂਝੀ ਹੁੰਦੀ ਹੈ। ਭਾਸ਼ਾ ਸਮਾਜਕ-ਸੰਚਾਰ ਦੀ ਲੋੜ ਵਜੋਂ ਉਪਜਦੀ ਹੈ ਅਤੇ ਇਸੇ ਲੋੜ ਅਨੁਸਾਰ ਸਮਾਜ ਅਤੇ ਭਾਸ਼ਾ ਦੇ ਵਿਰੋਧ-ਵਿਕਾਸ ਤਹਿਤ ਵਿਕਾਸ ਕਰਦੀ ਹੈ। ਭਾਸ਼ਾਈ ਵਖਰੇਵਿਆਂ ਦੀ ਜੜ੍ਹ ਇਸੇ ‘ਲੋੜ-ਅਨੁਸਾਰ’ ਵਾਲੀ ਦਵੰਦਆਤਮਕ ਸਥਿਤੀ ਵਿੱਚ ਪਈ ਹੈ। ਕਿਸੇ ਵੀ ਸਮੂਹ ਨੇ ਆਪਣੀ ਬੋਲੀ, ਸਮਾਜਿਕ ਸਾਂਝੀ ਭਾਸ਼ਾ ਦੇ ਚੌਖਟੇ ਵਿੱਚ ਰਹਿੰਦੀਆਂ ਹੋਇਆਂ ਇਸੇ ‘ਲੋੜ-ਅਨੁਸਾਰ’ ਦੇ ਸਮਾਜਕ ਦਵੰਦ ਤਹਿਤ ਵਿਕਸਿਤ ਕਰਨੀ ਹੁੰਦੀ ਹੈ। ਜਿੰਨੀ ਕਿਸੇ ਸਮੂਹ ਦੀ ਲੋੜ ਉਹੋ ਜਿਹੀ ਹੀ ਉਹਦੀ ਬੋਲੀ ਹੋਵੇਗੀ ਜੋ ਉਸ ਸਮੂਹ ਦੀਆਂ ਸੰਚਾਰਾਤਮਕ ਲੋੜਾਂ ਦੀ ਪੂਰਤੀ ਕਰਦੀ ਹੈ। ਹਾਸ਼ੀਆਗਤ ਸਮੂਹਾਂ ਦੀ ਬੋਲੀ ਵੀ ਉਨ੍ਹਾਂ ਦੀ ਲੋੜ ਅਨੁਸਾਰ ਵਿਗਸ ਕੇ ਹੀ ਸੰਚਾਰ ਦਾ ਕਾਰਜ ਕਰੇਗੀ। ਪਰ ਸਾਂਝੀ ਭਾਸ਼ਾ ਦੇ ਨਿਯਮਿਤ ਚੌਖਟੇ ‘ਚ ਰਹਿ ਕੇ।ਇਸ ਤਰ੍ਹਾਂ,

1. ਕੋਈ ਭਾਸ਼ਾ ਇਕ ਭਾਸ਼ਾਈ-ਆਬਾਦੀ ਦੀ ਸੰਚਾਰ ਦੇ ਸਾਧਨ ਦੇ ਤੌਰ ‘ਤੇ, ਹਮੇਸ਼ਾ ਇੱਕੋ ਹੁੰਦੀ ਹੈ, ਅਤੇ ਸਾਰੇ ਮੈਂਬਰਾਂ ਲਈ ਸਾਂਝੀ ਹੁੰਦੀ ਹੈ।
2. ਉਪ-ਬੋਲੀਆਂ, ਕਿੱਤਾ-ਬੋਲੀਆਂ, ਵਿਸ਼ਾ-ਬੋਲੀਆਂ ਆਦਿ ਦੀ ਮੌਜੂਦਗੀ, ਸਭ ਲੋਕਾਂ ਲਈ ਸਾਂਝੀ ਭਾਸ਼ਾ ਦੀ ਹੋਂਦ ਨੂੰ ਘਟਾਉਂਦੀ ਨਹੀਂ ਬਲਕਿ ਇਹਦੀ ਪੁਸ਼ਟੀ ਕਰਦੀ ਹੈ।
3. ਇੱਕ ਸਮਾਜ ਵਿੱਚ ਵੱਖਰੀਆਂ ਜਮਾਤਾਂ ਦੀ ਵੱਖਰੀ ਭਾਸ਼ਾ ਨਹੀਂ ਹੁੰਦੀ, ਵੱਖਰੀ ਬੋਲੀ ਹੁੰਦੀ ਹੈ।
4. ਇਹ ਵਖਰੇਵੇਂ, ਸਮੂਹ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਦੇ ਹਨ। ਅਤੇ , ਇਸ ਵਖਰੇਵੇਂ ਨੂੰ ਉਸ ਸਮੂਹ ਦੀ ਆਰਥਕ ਸਥਿਤੀ, ਸਮਾਜਕ ਸਥਿਤੀ, ਭੂਗੋਲਿਕ ਸਥਿਤੀ, ਜਲਵਾਯੂ, ਕਿੱਤਾ ਆਦਿ ਨਿਰਧਾਰਤ ਕਰਦੇ ਹਨ।

*ਤ੍ਰੈਮਾਸਿਕ ‘ਪਵਚਨ’ ਪਿਛਲੇ 19 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

Rajnish Bahadur Singh
Ac. no. 30568250112 IFSC SBIN0008301
STATE BANK OF INDIA, Harbans Nagar Branch Jalandhar

ਹਵਾਲੇ:



2✥☛✪↔☗✥⇦✪, 2▲↔⇦⇩. 3⇩▲↔↔, 3✤➢✥↔, ▲✪➢ 3✤✪☗☛✤⇩:

## "ਪੰਜਾਬੀ ਨਾਵਲ-ਵਿਰਾਸਤ ਤੇ ਵਰਤਮਾਨ"
## ਵਿਚਲੀ ਸਮੀਖਿਆ ਦ੍ਰਿਸ਼ਟੀ

**-ਚਰਨਜੀਤ ਸਿੰਘ ਪੱਡਾ**

'ਪੰਜਾਬੀ ਨਾਵਲ-ਵਿਰਾਸਤ ਤੇ ਵਰਤਮਾਨ' ਸਾਹਿਤ ਆਲੋਚਨਾ ਦੀ ਪੁਸਤਕ ਨੂੰ ਪੜ੍ਹਦਿਆਂ ਅਤੇ ਉਸਦਾ ਵਿਸ਼ਲੇਸ਼ਣ ਕਰਦਿਆਂ ਇਸ ਨੁਕਤੇ ਨੂੰ ਧਿਆਨ ਵਿਚ ਰੱਖਣਾ ਅਨਿਵਾਰੀ ਹੈ ਕਿ ਇਸ ਪੁਸਤਕ ਦੇ ਵਿਦਵਾਨ ਲੇਖਕ ਡਾ. ਰਜਨੀਸ਼ ਬਹਾਦਰ ਸਿੰਘ ਦਾ ਪੰਜਾਬੀ ਨਾਵਲ ਸੰਬੰਧੀ ਦ੍ਰਿਸ਼ਟੀਕੋਣ ਦਾ ਸੰਬੰਧ ਪੰਜਾਬੀ ਨਾਵਲ ਦੀ ਆਲੋਚਨਾ ਨਾਲ ਵੀ ਹੈ ਅਤੇ ਇਕ ਵਿਸ਼ੇਸ਼ ਸਿਧਾਂਤ ਨਾਲ ਵੀ। ਇਸ ਨਜ਼ਰੀਏ ਤੋਂ ਪਰਖਣ ਨਾਲ ਸਾਹਿਤ ਆਲੋਚਨਾ ਦੀ ਇਸ ਪੁਸਤਕ ਵਿਚ ਵਿਆਪਕ ਪੰਜਾਬੀ ਨਾਵਲ ਸੰਬੰਧੀ ਮਹੱਤਵਪੂਰਨ ਫੈਸਲਿਆਂ ਅਤੇ ਪੰਜਾਬੀ ਨਾਵਲ ਦੇ ਗੁਣਾ-ਲੱਛਣਾਂ ਦਾ ਸਹੀ ਮੁਲਾਂਕਣ ਸੰਭਵ ਹੋ ਸਕਦਾ ਹੈ।

ਪੰਜਾਬੀ ਨਾਵਲ ਦੀ ਵਿਰਾਸਤ ਤੋਂ ਵਰਤਮਾਨ ਵਲ ਪਰਤਦਿਆਂ ਜਿਸ ਪ੍ਰਮੁੱਖ ਸਮੱਸਿਆ ਨਾਲ ਆਲੋਚਕ ਨੂੰ ਜੂਝਣਾ ਪੈਂਦਾ ਹੈ, ਉਹ ਇਹ ਹੈ ਕਿ ਵਿਸ਼ੇਸ਼ ਇਤਿਹਾਸਕ ਸੰਦਰਭ ਵਿਚ ਕਿਸੇ ਨਾਵਲਕਾਰ ਦਾ ਪ੍ਰਯੋਜਨ ਅਤੇ ਮੰਤਵ ਕੀ ਸੀ ਜਾਂ ਹੈ ? ਸ਼ਾਇਦ ਹੀ ਕੋਈ ਨਾਵਲਕਾਰ ਅਜਿਹਾ ਐਲਾਨ ਕਰਦਾ ਵੀ ਹੈ ਤਾਂ ਵੀ ਉਸਦੇ ਕਥਨ ਨੂੰ ਭਰੋਸੇਯੋਗਤਾ ਦਾ ਪ੍ਰਮਾਣ-ਪੱਤਰ ਨਹੀਂ ਦਿੱਤਾ ਜਾ ਸਕਦਾ। ਕਿਸੇ ਨਾਵਲਕਾਰ ਜਾਂ ਸਾਹਿਤਕਾਰ ਦੇ ਮੰਤਵ ਨੂੰ ਅਸੀਂ ਤਰਕ ਆਧਾਰਿਤ ਪ੍ਰਤਿਮਾਨਾ ਦੁਆਰਾ ਹੀ ਜਾਣ ਸਕਦੇ ਹਾਂ ਕਿ ਉਸਦੀ ਸਾਹਿਤ ਰਚਨਾ ਦਾ ਅਸਤਿਤਵ ਕਿਵੇਂ ਆਪਣੀ ਵਿਆਪਕਤਾ ਬਣਾਈ ਰੱਖਦਾ ਹੈ। ਇਹੋ ਇਕੋ ਇਕ ਵਿਧੀ ਹੈ ਜਿਸ ਰਾਹੀਂ ਅਸੀਂ ਕਿਸੇ ਨਾਵਲਕਾਰ/ਸਾਹਿਤਕਾਰ ਦੇ ਪ੍ਰਯੋਜਨ ਅਤੇ ਮੰਤਵ ਸੰਬੰਧੀ ਠੋਸ ਜਾਣਕਾਰੀ ਹਾਸਲ ਕਰ ਸਕਦੇ ਹਾਂ।

'ਪੰਜਾਬੀ ਨਾਵਲ, ਵਿਰਾਸਤ ਤੇ ਵਰਤਮਾਨ' ਦੇ ਲੇਖਕ ਡਾ. ਰਜਨੀਸ਼ ਬਹਾਦਰ ਸਿੰਘ ਨੇ ਇਸ ਪੁਸਤਕ ਦੇ 'ਆਦਿ ਕਥਨ' ਵਿਚ ਹੀ ਇਕ ਬਹੁਤ ਮਹੱਤਵਪੂਰਨ ਗੱਲ ਕੀਤੀ ਹੈ ਕਿ "ਪੰਜਾਬੀ ਨਾਵਲੀ ਬਿਰਤਾਂਤ ਦੀ ਪੈੜ ਨੂੰ ਜਿੰਨ੍ਹਾਂ ਬਿੰਦੂਆਂ ਵਿਚੋਂ ਪਛਾਣਿਆ ਗਿਆ ਹੈ, ਉਨ੍ਹਾਂ ਬਿੰਦੂਆਂ ਨੂੰ ਚਿਹਨਤ ਕਰਨ ਲਈ ਜਿਹੜੀ ਟੈਕਸਟ ਦੀ ਚੋਣ ਕੀਤੀ ਹੈ, ਉਹ ਸਾਡੀ ਆਪਣੀ ਹੈ।" (**ਪੰਨਾ 8**) ਨਿਰਸੰਦੇਹ ਡਾ. ਰਜਨੀਸ਼ ਇਸੇ ਆਲੋਚਨਾਤਮਕ ਦ੍ਰਿਸ਼ਟੀ ਤਹਿਤ ਹੀ 'ਨਾਵਲ ਅਤੇ ਪੰਜਾਬੀ ਨਾਵਲ' ਵਾਲੇ ਅਧਿਆਇ ਦੇ ਸ਼ੁਰੂ ਵਿਚ ਹੀ ਸਾਹਿਤ ਕਲਾ ਨੂੰ ਸੂਖ਼ਮਤਾ ਅਤੇ ਸੁਹਜ ਨਾਲ ਪ੍ਰਣਾਏ ਹੋਣ ਦੀ ਰਚਨਾਤਮਕ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦਾ ਹੈ ਪ੍ਰੰਤੂ ਪ੍ਰਤਿਅਨਕ ਪੱਧਰ ਉੱਤੇ ਸੂਖ਼ਮਤਾ ਅਤੇ ਸੁਹਜ ਇਕ ਗਤੀਸ਼ੀਲ ਵਰਤਾਰਾ ਹੈ, ਜੋ ਸਭਿਅਤਾ ਦੇ ਵਿਕਾਸ ਬਿੰਦੂਆਂ ਨਾਲ ਜੁੜਿਆ ਹੋਇਆ ਹੈ। ਪ੍ਰੰਤੂ ਇਨ੍ਹਾਂ ਵਿਕਾਸ ਬਿੰਦੂਆਂ ਦੇ ਵਿਆਪਕ ਵਿਸਥਾਰ ਦੀ ਖ਼ੂਬਸੂਰਤੀ ਦੀ ਵਜ੍ਹਾ ਇਹ ਹੈ ਕਿ ਇਹ ਵਿਸ਼ੇਸ਼ ਸਮਾਜਿਕ ਵਿਕਾਸ ਦੇ ਇਤਿਹਾਸਕ ਪੜਾਵਾਂ ਨੂੰ ਪਰਿਭਾਸ਼ਤ ਕਰਦੇ ਹਨ। ਵਿਸ਼ੇਸ਼ ਇਤਿਹਾਸਕ ਪੜਾਵਾਂ ਦੇ ਮਨੁੱਖ ਨੂੰ ਜੋ ਸਮੱਸਿਆਵਾਂ ਦਰਪੇਸ਼ ਹੁੰਦੀਆਂ ਹਨ ਅਤੇ ਇਹ ਸਮੱਸਿਆਵਾਂ ਜਿਸ ਸਥਿਤੀ ਵਿਚੋਂ ਪੈਦਾ ਹੁੰਦੀਆਂ ਹਨ, ਸਮਾਜਕ ਸੰਗਠਨ ਨੇ ਉਸ ਵਿਧੀ ਨਾਲ ਵਿਗਿਆਨ ਅਤੇ ਤਕਨਾਲੋਜੀ ਦੀਆਂ ਵਡਮੁੱਲੀਆਂ ਪ੍ਰਾਪਤੀਆਂ ਨੂੰ ਗ੍ਰਹਿਣ ਨਹੀਂ ਕੀਤਾ ਹੁੰਦਾ, ਜਿਸ ਨਾਲ ਲੋਕਾਂ ਦੇ ਜੀਵਨ ਢੰਗ ਅਤੇ ਸ਼ਕਤੀ

ਵਿਚ ਵਾਧਾ ਹੋ ਸਕਦਾ ਹੁੰਦਾ। ਇਕ ਸਫ਼ਲ ਨਾਵਲਕਾਰ ਵਿਚ ਇਸ ਅਣਮੇਲ ਸਥਿਤੀ ਦੀ ਤੀਬਰ ਚੇਤਨਾ ਹੁੰਦੀ ਹੈ। ਇਸ ਚੇਤਨਤਾ ਦੇ ਆਧਾਰ 'ਤੇ ਉਸਦਾ ਰਚਨਾਤਮਕ ਵਰਣਨ ਲੋਕਾਂ ਦੀ ਸੋਝੀ ਅਤੇ ਚੇਤਨਤਾ ਨੂੰ ਪ੍ਰਚੰਡ ਕਰਨ ਦੀ ਵਡਮੁੱਲੀ ਭੂਮਿਕਾ ਅਦਾ ਕਰਦਾ ਹੈ। ਨਿਰਸੰਦੇਹ ਨਾਵਲਕਾਰ ਦਾ ਰਚਨਾਤਮਕ ਵਰਣਨ ਮਨੁੱਖ ਦੇ ਭਾਵੁਕ ਜੀਵਨ ਅਤੇ ਵਿਗਿਆਨ ਦੀਆਂ ਪ੍ਰਾਪਤੀਆਂ ਵਿਚ ਇਕ ਸੰਤੁਲਿਨ ਪੈਦਾ ਕਰਦਾ ਹੈ। ਇਸ ਰਚਨਾਤਮਕ ਸਮਾਜਿਕ ਪ੍ਰਕਿਰਿਆ ਦੇ ਤਹਿਤ ਹੀ ਮਨੁੱਖੀ ਕਦਰਾਂ-ਕੀਮਤਾਂ ਵਿਚ ਵਾਧਾ ਅਤੇ ਲੋਕਾਈ ਦੀਆਂ ਅਨੁਭੂਤੀਆਂ ਵਿਚ ਸਮ੍ਰਿਧੀ ਆਪਣੇ ਸਿਖ਼ਰ ਵਲ ਅਗਰਸਰ ਹੁੰਦੀ ਹੈ। ਪ੍ਰੰਤੂ ਯਾਦ ਰਹੇ ਕਿ ਨਾਵਲਕਾਰ ਦਾ ਵਿਸ਼ੇਸ਼ ਇਤਿਹਾਸਕ-ਸਮਾਜਕ ਪੜਾਅ ਦਾ ਰਚਨਾਤਮਕ ਵਰਨਣ ਉਸਦੀ ਉਦਾਤ ਕਲਪਨਾ ਵਿਚ ਸੰਪ੍ਰੇਸ਼ਤ ਹੋ ਕੇ ਇਕ ਸੁਹਜਮਈ ਸ਼ਬਦ ਸਿਰਜਣਾ ਦੇ ਰੂਪ ਵਿਚ ਹੋਂਦ ਗ੍ਰਹਿਣ ਕਰਦਾ ਹੈ। ਇਸ ਰਚਨਾਤਮਕ ਪ੍ਰਕਿਰਿਆ ਉਹ ਸਿਰਜਣਕਾਰੀ ਹੈ, ਜੋ ਸਾਹਿਤਕਾਰ ਨੂੰ ਬਾਕੀ ਅਨੁਸ਼ਾਸਨਾ ਦੀ ਸੁਹਜਮੁਕਤ ਸ਼ਬਦ-ਸਿਰਜਣਾ ਤੋਂ ਨਿਆਰੇ ਹੋਣ ਦਾ ਪ੍ਰਮਾਣ ਪੱਤਰ ਦਿੰਦੀ ਹੈ। ਸਿਰਜਣਕਾਰੀ ਦੀ ਇਸ ਸੁਹਜਾਤਮਕ ਰਚਨਾਤਮਕ ਪ੍ਰਕਿਰਿਆ ਨੂੰ ਡਾ. ਰਜਨੀਸ਼ ਨੇ ਆਪਣੀ ਸੂਤਰਬੱਧ ਆਲੋਚਨਾਤਮਕ ਦ੍ਰਿਸ਼ਟੀ ਤਹਿਤ ਇਸ ਤਰ੍ਹਾਂ ਵਿਸਥਾਇਆ ਹੈ।

"ਸਿਰਜਣਕਾਰੀ ਦੇ ਸਫ਼ਰ ਦੇ ਵਿਧਾਗਤ ਬਿੰਦੂਆਂ ਦਾ ਸੰਬੰਧ ਸਮਾਜਿਕ ਵਿਕਾਸ ਦੇ ਇਤਿਹਾਸਕ ਪੜਾਵਾਂ ਨਾਲ ਹੈ।... ਇਹ ਸਿਰਜਣਕਾਰੀ ਸਾਹਿਤ ਨੂੰ ਗਿਆਨ ਦੇ ਬਾਕੀ ਅਨੁਸ਼ਾਸਨਾਂ ਤੋਂ ਵੱਖ ਕਰਦੀ ਹੈ। ਵਸਤੂਗਤ ਵੇਰਵੇ ਜਦੋਂ ਲੇਖਕ ਦੇ ਅਹਿਸਾਸਾਂ ਦੀ ਸੁਹਜਮਈ ਤਰਤੀਬ ਵਿਚ ਭਾਸ਼ਾਈ ਸੰਗਠਨ ਵਿਚ ਬੱਝ ਕੇ ਲਿਪੀ ਰਾਹੀਂ ਪ੍ਰਗਟ ਹੁੰਦੇ ਹਨ ਤਾਂ ਉਹ ਸਿਰਜਣਕਾਰੀ ਦੇ ਘੇਰੇ ਵਿਚ ਆਉਂਦੇ ਹਨ। ਆਧੁਨਿਕ ਯੁਗ ਵਿਚ ਇਹੀ ਸਿਰਜਣਕਾਰੀ ਦਾ ਵਰਤਾਰਾ ਜਦੋਂ ਗਲਪ/ਬਿਰਤਾਂਤ ਰਾਹੀਂ ਸਾਹਮਣੇ ਆਉਂਦਾ ਹੈ ਤਾਂ ਨਾਵਲੀ ਸੰਗਠਨ ਵਿਚ ਬੱਝ ਜਾਂਦਾ ਹੈ।" (**ਪੰਨਾ** 10)

'ਪੰਜਾਬੀ ਨਾਵਲ-ਵਿਰਾਸਤ ਤੇ ਵਰਤਮਾਨ' ਪੁਸਤਕ ਵਿਚ ਨਾਵਲ ਨੂੰ ਵਿਸ਼ਾਲ ਕਲੇਵਰ ਵਾਲਾ ਆਧੁਨਿਕ ਸਾਹਿਤ ਰੂਪ ਪ੍ਰਵਾਨ ਕੀਤਾ ਗਿਆ ਹੈ। ਨਾਵਲ ਵਰਗੀ ਵਿਸ਼ਾਲ ਰੂਪ-ਵਿਧਾ ਦੀ ਆਧਾਰ-ਸ਼ਿਲਾ ਮਹਾਂ-ਕਾਵਿ ਨੂੰ ਮੰਨਿਆ ਗਿਆ ਹੈ, ਜਿਸ ਵਿਚ ਕਥਾਰਸ ਤੋਂ ਇਲਾਵਾ ਘਟਨਾਵਾਂ ਦੀ ਪ੍ਰਧਾਨਤਾ ਹੁੰਦੀ ਹੈ। ਪ੍ਰੰਤੂ "ਸਮਾਜ ਦੇ ਸਨਅਤੀਕਰਨ ਨੇ ਇਸ ਮਕੈਨਿਕਸ ਨੂੰ ਭੰਗ ਕਰ ਦਿੱਤਾ। ਖੇਤੀ ਅਤੇ ਦਸਤਕਾਰੀ ਉੱਤੇ ਅਧਾਰਿਤ ਆਰਥਿਕਤਾ ਨੇ ਪੁਰਾਤਨ ਸਮਾਜਿਕ ਆਰਥਿਕਤਾ ਵਿਚਲੀਆਂ ਸਾਹਿਤਕ ਵਿਧਾਵਾਂ ਨੂੰ ਬਦਲਦੇ ਜੀਵਨ-ਮੁਲਾਂ ਅਨੁਸਾਰ ਬਿਰਤਾਂਤ-ਕਾਵਿ ਰਾਹੀਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਬਿਰਤਾਂਤ-ਕਾਵਿ ਵਿਚ ਪਹਿਲੀ ਵਾਰੀ ਆਮ ਵਿਚਲਾ ਖ਼ਾਸ ਵਿਅਕਤੀ ਸਾਹਮਣੇ ਆਉਂਦਾ ਹੈ।" ਡਾ. ਰਜਨੀਸ਼ ਦੀ ਆਲੋਚਨਾਤਮਕ ਪੱਧਤੀ ਇਸ ਪੱਖੋਂ ਬਹੁਤ ਹੀ ਮਹੱਤਵਪੂਰਨ ਹੈ ਕਿ ਉਸਨੇ ਨਾਵਲੀ ਬਿਰਤਾਂਤ ਵਿਚਲੇ 'ਆਮ ਵਿਚਲੇ ਖ਼ਾਸ ਵਿਅਕਤੀ' ਦੀ ਮਾਨਸਿਕ ਤੌਰ 'ਤੇ ਅਨੁਭਵ ਕੀਤੀ ਸਥਿਤੀ ਨੂੰ ਵਸਤੂਗਤ ਰੂਪ ਵਿਚ ਪਾਠਕਾਂ ਨਾਲ ਸਾਂਝੀ ਹੋਣ ਦਾ ਤਸੱਵਰ ਕੀਤਾ ਹੈ। ਆਮ ਵਿਚਲੇ ਖਾਸ ਵਿਅਕਤੀ ਦੀ ਸਥਿਤੀ ਆਪਣੀ ਸਮੁੱਚਤਾ ਵਿਚ ਓਨੀ ਦੇਰ ਪਕੜ ਵਿਚ ਆਉਣੀ ਸੰਭਵ ਨਹੀਂ, ਜਿੰਨਾ ਚਿਰ ਇਸ ਦੇ ਦੋਏਂ ਪੱਖ, ਮਾਨਸਿਕ ਅਤੇ ਵਸਤੂਗਤ ਇਕ ਜਾਨ ਹੋਏ ਨਹੀਂ ਪਕੜੇ ਜਾਂਦੇ। ਨਿਰਸੰਦੇਹ ਨਾਵਲ ਦਾ ਸੁਚੇਤ ਪਾਠਕ ਨਾਵਲੀ ਬਿਰਤਾਂਤ ਦੀ ਵਸਤੂ-

ਸਥਿਤੀ ਨੂੰ ਆਪਣੇ ਤਸੱਵਰ ਦੀ ਅਥਾਹ ਸ਼ਕਤੀ ਦੁਆਰਾ ਇਸਦੀ ਸਾਰੀ ਮਨੋਭਾਵੀ ਭਰਪੂਰਤਾ ਸਾਹਿਤ ਗ੍ਰਹਿਣ ਕਰ ਸਕਦਾ ਹੈ। ਵਰਨਣਯੋਗ ਹੈ ਕਿ 'ਪੰਜਾਬੀ ਨਾਵਲ-ਵਿਰਾਸਤ ਤੇ ਵਰਤਮਾਨ' ਪੁਸਤਕ ਵਿਚ ਆਲੋਚਕ ਦਾ ਸਮੁੱਚਾ ਆਲੋਚਨਾਤਮਕ ਪ੍ਰਕਰਣ ਇਸ ਨੁਕਤੇ ਵਲ ਸੇਧਤ ਹੈ ਕਿ ਸ਼ਬਦ-ਸ਼ਕਤੀ ਦੁਆਰਾ ਮਾਨਸਿਕ ਤੇ ਵਸਤੂ ਜਗਤ ਵਿਚ ਰਚਨਾਤਮਕ ਸੁਮੇਲ ਜਗਾ ਸਕਣ ਦੀ ਸਮਰਥਾ ਹੀ ਨਾਵਲਕਾਰ ਦੀ ਸਫ਼ਲਤਾ ਦਾ ਮਾਪ ਹੈ। ਪ੍ਰੰਤੂ ਧਿਆਨ ਦੇਣ ਨੁਕਤਾ ਇਹ ਹੈ ਕਿ ਕਿਸੇ ਵੀ ਕਲਾ ਵਾਂਗ ਨਾਵਲ ਦਾ ਸੁੰਦਰਤਮ ਰੂਪ ਉਸ ਵਕਤ ਹੀ ਆਪਣੀ ਭਰਪੂਰਤਾ ਵਿਚ ਉਦੈ ਹੁੰਦਾ ਹੈ, ਜਦੋਂ ਉਹ ਕਿਸੇ ਮਹਾਨ ਸਮਾਜਕ ਪ੍ਰੇਰਨਾ ਦਾ ਵਾਹਨ ਬਣ ਜਾਂਦਾ ਹੈ। ਇਸਦੇ ਹੋਰ ਵਿਸਥਾਰ ਵਿਚ ਜਾਂਦਿਆਂ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਸੰਕਲਪਤ ਜਾਂ ਅਮਲੀ ਤੌਰ 'ਤੇ ਜਾਣਦੇ, ਜਾਂ ਦੇਖਦੇ ਹਾਂ ਉਸ ਦਾ ਪ੍ਰਤੱਖਣ ਕਰਵਾਉਣਾ ਅਤੇ ਜੋ ਅਸੀਂ ਪਹਿਲਾ ਹੀ ਸੰਕਲਪ ਜਾਂ ਅਮਲ ਦੀ ਪੱਧਰ ਉੱਤੇ ਨਹੀਂ ਜਾਣਦੇ ਉਸ ਬਾਰੇ ਸਾਡੀ ਚੇਤਨਤਾ ਨੂੰ ਉਤੇਜਿਤ ਕਰਨਾ ਨਾਵਲ ਦਾ ਅਸਲ ਮਨੋਰਥ ਹੈ। ਇਥੇ ਸਪੱਸ਼ਟ ਕਰਨਾ ਅਨਿਵਾਰੀ ਹੈ ਕਿ ਚਿੰਤਨ, ਕਲਪਨਾ ਤੇ ਅਹਿਸਾਸ ਦੀਆਂ ਤਿੰਨੇ ਪ੍ਰਕਿਰਿਆਵਾਂ ਵੱਖ-ਵੱਖ ਮਾਤਰਾ ਵਿਚ ਇਕ ਦੂਸਰੇ ਵਿਚ ਸ਼ਾਮਲ ਹੁੰਦੀਆਂ ਹਨ। ਨਾਵਲ ਦੇ ਸੰਦਰਭ ਵਿਚ ਵੇਖੀਏ ਤਾਂ ਭੌਤਿਕ ਸਰਗਰਮੀਆਂ ਮਨੋਭਾਵੀ ਸਰਗਰਮੀਆਂ ਨਾਲ ਇਕਮਿਕ ਹੋ ਕੇ ਵਿਚਰਦੀਆਂ ਹਨ। ਅਸਲ ਵਿਚ ਇਹ ਇਕੋ ਹੀ ਪ੍ਰਕਿਰਿਆ ਹੈ। ਡਾ. ਰਜਨੀਸ਼ ਨਾਵਲ ਦੀ ਇਸ ਰਚਨਾਤਮਕ ਪ੍ਰਕਿਰਿਆ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ: ਨਾਵਲ ਦੇ ਸੁਹਜ ਅਤੇ ਨਾਵਲੀ ਵਸਤ ਦੀ ਹੋਂਦ-ਵਿਧੀ ਤਰਕ 'ਤੇ ਅਧਾਰਿਤ ਹੋਣ ਕਰਕੇ ਯਥਾਰਥਮੁਖੀ ਸੋਚ ਵਾਲੀ ਹੁੰਦੀ ਹੈ ਪ੍ਰੰਤੂ ਹਰ ਭਾਸ਼ਾ ਵਿਚ ਵਿਧਾ ਦੀ ਸਿਰਜਣਾ ਦਾ ਇਕ ਸਾਂਸਕ੍ਰਿਤਕ ਅਵਚੇਤਨ ਵੀ ਹੁੰਦਾ ਹੈ। **ਪੰਨਾ 79**

ਨਾਵਲ ਦੀ ਸਿਧਾਂਤਕ ਰਚਨਾਤਮਕ ਪ੍ਰਕਿਰਿਆ ਸੰਬੰਧੀ ਉਹ ਇਕ ਹੋਰ ਸੰਦਰਭ ਵਿਚ ਇਕ ਹੋਰ ਮਹੱਤਵਪੂਰਨ ਵਿਖਿਆਨ ਪੇਸ਼ ਕਰਦਾ ਹੈ ਕਿ, ਨਾਵਲਕਾਰ ਸਾਰੇ ਸੰਘਰਸ਼ ਨੂੰ ਭਾਵੇਂ ਕੇਂਦਰਿਤ ਮੁਜ਼ਾਰਾ ਲਹਿਰ ਉੱਤੇ ਕਰਦਾ ਹੈ ਪ੍ਰੰਤੂ ਨਾਵਲੀ ਵਿਧਾ ਹੋਣ ਕਾਰਨ ਆਰਥਿਕਤਾ ਦੇ ਨਾਲ ਭਾਵੁਕ ਰਿਸ਼ਤਿਆਂ ਨੂੰ ਵੀ ਸੰਬੋਧਿਤ ਹੁੰਦੀ ਹੈ। ਇਸ ਭਾਵੁਕਤਾ ਦਾ ਆਧਾਰ ਔਰਤ ਮਰਦ ਸੰਬੰਧਾਂ ਉੱਤੇ ਟਿਕਿਆ ਹੋਇਆ ਹੈ। ਇਹ ਸੰਬੰਧ ਪ੍ਰਕਿਤਕ ਸੰਬੰਧਾਂ ਤੋਂ ਸਮਾਜਿਕ ਸੰਬੰਧਾਂ ਵਿਚ ਤਬਦੀਲ ਹੋਣ ਸਮੇਂ ਕਈ ਸਭਿਆਚਾਰਕ ਪੜਾਵਾਂ ਵਿਚੋਂ ਗੁਜ਼ਰਦੇ ਹਨ।(**ਪੰਨਾ84**)

ਅਸਲ ਵਿਚ ਡਾ. ਰਜਨੀਸ਼ ਦੀ ਆਲੋਚਨਾਤਮਕ ਪਹੁੰਚ ਸਾਂਸਕ੍ਰਿਤਕ ਸਿਰਜਣਾ ਦੀਆਂ ਕਈ ਦਿਸ਼ਾਵਾਂ ਵਿਚ ਅਗਰਸਰ ਹੁੰਦੀ ਹੈ। ਇਹ ਪਹੁੰਚ ਨਾਵਲੀ ਬਿਰਤਾਂਤ ਵਿਚ ਵਿਆਪਕ ਰੋਮਾਂਟਿਕ ਸਾਹਸ ਅਤੇ ਸੁਹਿਰਦਤਾ ਅਤੇ ਇਸਦੇ ਵਿੰਭਿਨ ਪਹਿਲੂਆਂ ਨੂੰ ਸਾਂਸਕ੍ਰਿਤਕ ਸੰਦਰਭ ਪ੍ਰਦਾਨ ਕਰਦੀ ਹੈ। ਇਸ ਸਾਂਸਕ੍ਰਿਤਕ ਵਿਚੋਂ ਹੀ ਰਾਜਸੀ ਚੇਤਨਾ ਦਾ ਬਿੰਬ ਉਦੈ ਹੁੰਦਾ ਹੈ। ਰਾਜਸੀ ਚੇਤਨਾ ਦੇ ਇਸ ਬਿੰਬ ਨੂੰ ਆਰਥਿਕਤਾ ਮਨੁੱਖੀ ਵਿਹਾਰ ਵਿਚ ਰੂਪਾਂਤ੍ਰਿਤ ਕਰਨ ਵਿਚ ਫੈਸਲਾਕੁਨ ਭੂਮਿਕਾ ਨਿਭਾਉਣੀ ਹੈ। "ਕਿਉਂਕਿ ਪ੍ਰਗਤੀਵਾਦੀ ਚੇਤਨਾ ਅਨੁਸਾਰ ਮਨੁੱਖੀ ਵਿਹਾਰ ਨੂੰ ਘੜਨ ਵਾਲੇ ਤੱਤਾਂ ਵਿਚ ਆਰਥਿਕਤਾ ਫੈਸਲਾਕੁੰਨ ਤੱਤ ਬਣ ਕੇ ਉਭਰਦੀ ਹੈ।"(**ਪੰਨਾ 86**)

ਸਪਸ਼ਟ ਹੈ ਕਿ ਡਾ. ਰਜਨੀਸ਼ ਪ੍ਰਗਤੀਵਾਦੀ ਚੇਤਨਾ ਅਨੁਸਾਰ ਮਨੁੱਖੀ ਵਿਹਾਰ ਨੂੰ ਘੜਨ ਵਾਲੇ ਜਿਹੜੇ ਤੱਤਾਂ ਵੱਲ ਸੰਕੇਤ ਕਰ ਰਿਹਾ ਹੈ ਉਹ ਆਪਣੇ ਯੁੱਗ ਦੇ ਸਮਾਜਿਕ-

ਰਾਜਨੀਤਕ, ਧਾਰਮਿਕ-ਸਦਾਚਾਰਕ, ਸੁਹਜਾਤਮਕ ਅਤੇ ਦਾਰਸ਼ਨਿਕ ਪ੍ਰਸ਼ਨਾਂ ਨਾਲ ਜੂਝਣ ਦੇ ਸੰਪੂਰਨ ਰੂਪ ਵਿਚ ਸਮਰੱਥ ਹੁੰਦੇ ਹਨਾ। ਜੂਝਣ ਦੇ ਸੰਪਰੂਨ ਸੰਕਲਪ ਵਾਲੇ ਮਨੁੱਖੀ ਵਿਹਾਰ ਦੇ ਵਿਚਾਰਧਾਰਕ ਪੈਂਤੜੇ ਦੀਆਂ ਜੜ੍ਹਾਂ ਦ੍ਵੰਦਵਾਦੀ ਪਦਾਰਥਵਾਦ ਵਿਚ ਨਿਹਿਤ ਹੁੰਦੀਆਂ ਹਨ। ਮਨੁੱਖੀ ਵਿਹਾਰ ਦਾ ਇਹ ਵਿਚਾਰਧਾਰਕ ਪੈਂਤੜਾ ਹੀ ਆਪਣੇ ਸਮੇਂ ਦੀ ਯੁਗ-ਦ੍ਰਿਸ਼ਟੀ ਬਣਦਾ ਹੈ। ਇਹ ਯੁਗ-ਦ੍ਰਿਸ਼ਟੀ ਹੀ ਸਮਕਾਲ ਦੇ ਸਾਹਿਤਕਾਰ/ਨਾਵਲਕਾਰ ਦੀ ਸੁਹਜ-ਦ੍ਰਿਸ਼ਟੀ ਨਿਰਧਾਰਿਤ ਕਰਦੀ ਹੈ। ਡਾ. ਰਜਨੀਸ਼ ਦੀ ਆਲੋਚਨਾਤਮਕ ਦ੍ਰਿਸ਼ਟੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ 'ਕਿਸਾਨੀ ਸੰਘਰਸ਼ ਦਾ ਗਲਪੀ ਬਿਰਤਾਂਤ: ਰਾਤ ਬਾਕੀ ਹੈ' ਅਧਿਆਇ ਵਿਚ ਉਸਨੇ ਜਸਵੰਤ ਸਿੰਘ ਕੰਵਲ ਦੀ ਯੁਗ-ਦ੍ਰਿਸ਼ਟੀ ਨੂੰ ਉਸਦੇ ਨਾਵਲੀ ਸੰਸਾਰ ਵਿਚੋਂ ਉਦੈ ਹੋਈ ਵਿਚਾਰਧਾਰਕ ਯਾਤਰਾ ਨੂੰ ਸਾਂਸਕ੍ਰਿਤਕ ਵਿਵੇਕ ਨਾਲ ਜੋੜਨ ਦਾ ਯਤਨ ਕੀਤਾ ਹੈ। ਪ੍ਰੰਤੂ ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਉਪਰੋਕਤ ਪ੍ਰਸੰਗ ਵਿਚ ਆਲੋਚਕ ਦਾ ਵਿਚਾਰਧਾਰਾ ਨੂੰ ਨਾਵਲਕਾਰ ਦੀ ਸਾਹਿਤਕ ਦ੍ਰਿਸ਼ਟੀ ਉੱਤੇ ਆਰੋਪਿਤ ਕਰਨ ਦਾ ਮਨੋਰਥ ਬਿਲਕੁਲ ਵੀ ਪ੍ਰਤੀਕ ਨਹੀਂ ਹੁੰਦਾ। ਇਸ ਦੇ ਵਿਪਰੀਤ ਆਲੋਚਕ ਦੀ ਮਨਸ਼ਾ ਕੰਵਲ ਦੇ ਨਾਵਲੀ, ਬਿਰਤਾਂਤ ਵਿਚ ਚਿਰ-ਸਥਾਪਿਤ ਆਦਰਸ਼ਵਾਦੀ ਕੀਮਤਾਂ ਦਾ ਨਵੀਂ ਇਤਿਹਾਸਕ ਸਥਿਤੀ ਵਿਚ ਆਪਣੀ ਹੰਢਾ ਚੁੱਕੀ ਸਾਰਥਿਕਤਾ ਦਾ ਅਹਿਸਾਸ ਕਰਵਾਉਣਾ ਹੈ। ਇਹ ਅਹਿਸਾਸ ਕਰਵਾਉਣਾ ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਸੰਕ੍ਰਾਂਤੀ ਦੇ ਸਮੇਂ ਉਪਰੰਤ ਅਜਿਹਾ ਖ਼ਮੀਰ ਪੈਦਾ ਹੋ ਚੁੱਕਾ ਸੀ, ਜਿਸ ਦੀ ਵਜ੍ਹਾ ਕਰਕੇ ਯੁਗ ਅਨੁਕੂਲ ਪੈਦਾ ਹੋਈ ਨਵੀਨ ਵਿਚਾਰਧਾਰਾ ਵਿਚੋਂ ਉਦੈ ਹੋਈ ਨਵੀਨ ਚੇਤਨਾ ਮਧਕਾਲੀਨ ਜੀਵਨ-ਦ੍ਰਿਸ਼ਟੀ ਦੀ ਥਾਂ ਲੈਣ ਲੱਗ ਪਈ ਸੀ। ਮਧਕਾਲੀਨ ਆਦਰਸ਼ਵਾਦੀ ਵਿਚਾਰਾਂ, ਵਿਸ਼ਵਾਸਾਂ ਅਤੇ ਕੀਮਤਾਂ ਪ੍ਰਤੀ ਜੋ ਸ਼ੰਕੇ ਪੈਦਾ ਹੋ ਰਹੇ ਸਨ, ਡਾ. ਰਜਨੀਸ਼ ਨੇ ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ। ਮੱਧਕਾਲੀਨ ਵਿਸ਼ਵਾਸ-ਪ੍ਰਬੰਧ ਉਪਰ ਵਿਸ਼ਵਾਸ ਅਤੇ ਅਵਿਸ਼ਵਾਸ ਦਾ ਇਹ ਪਰਉਸਾਰ ਦੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਇਕ ਵਡਮੁੱਲੀ ਪ੍ਰਾਪਤੀ ਹੈ। 'ਰਾਤ ਬਾਕੀ ਹੈ' ਨਾਵਲ ਦਾ ਵਿਸ਼ਲੇਸ਼ਣ ਕਰਦਿਆਂ ਆਲੋਚਕ ਨੇ ਸਟੇਟ ਦੀ ਹਿੰਸਾਤਮਕ ਬਿਰਤੀ ਤਹਿਤ ਉਸਰੇ ਅਵਿਸ਼ਵਾਸ ਅਤੇ ਸਹਿਮ ਦੇ ਵਾਤਾਵਰਣ ਨੂੰ ਇਕ ਵਿਕਰਾਲ ਸੰਕਟ ਦੇ ਰੂਪ ਵਿਚ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਵਿਵਸਥਾ ਵਿਚੋਂ ਪੈਦਾ ਹੋਇਆ ਇਹ ਅਵਿਸ਼ਵਾਸ਼ ਅਤੇ ਸਹਿਮ ਲੋਕ-ਸੰਘਰਸ਼ ਦੀ ਤੀਬਰ ਗਤੀ ਨੂੰ ਸੱਤਿਆ ਕਰਦਾ ਹੈ। ਜਾਰਜ ਲੂਕਾਸ਼ ਅਨੁਸਾਰ, "ਅਵਿਵਸਥਾ ਅਤੇ ਸਹਿਮ ਉੱਤੇ ਆਧਾਰਿਤ ਵਿਸ਼ਵ-ਦ੍ਰਿਸ਼ਟੀ ਸਭ ਸਮਾਜਿਕ ਕੋਟੀਆਂ ਨੂੰ ਅਨੁਭਵ ਵਿਚੋਂ ਖਾਰਜ ਕਰ ਦੇਣ ਦੀ ਗੱਲ ਪਹਿਲਾਂ ਮਿੱਥ ਕੇ ਤੁਰਦੀ ਹੈ। ਵਸਤੂ... ਯਥਾਰਥ ਦਾ ਆਤਮੀਕਰਣ ਹੁੰਦਾ ਹੈ ਅਤੇ ਇਸਨੂੰ ਇਤਿਹਾਸਕਤਾ ਤੋਂ ਵੰਚਿਤ ਕਰ ਦਿੱਤਾ ਜਾਂਦਾ ਹੈ।" The meaning of contemporary realism, **(P. 70)**

ਯਥਾਰਥ ਦੇ ਦ੍ਵੰਦਦੀ ਵਿਕਰਾਲ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਡਾ. ਰਜਨੀਸ਼ 'ਰਾਤ ਬਾਕੀ ਹੈ' ਨਾਵਲ ਵਿਚਲੇ ਆਤਮਪਰਕ ਚਰਿੱਤਰ ਸੰਬੰਧੀ ਇਕ ਮਹੱਤਵਪੂਰਨ ਸਿੱਟੇ 'ਤੇ ਪਹੁੰਚਣ ਉਪਰੰਤ ਉਲੇਖ ਕਰਦਾ ਹੈ ਕਿ "ਕੰਵਲ ਦੇ ਨਾਵਲਾਂ ਦਾ ਰੋਮਾਂਟਿਕ ਪੱਖ ਸਾਹਸ ਅਤੇ ਸੁਹਿਰਦਤਾ ਉੱਤੇ ਖੜ੍ਹਾ ਹੈ। ਦੋਵੇਂ ਰੁਮਾਂਸ ਦੀ ਊਰਜਾ ਨੂੰ ਵੱਖ-ਵੱਖ ਰਾਹਾਂ ਉੱਤੇ ਢਾਲ ਲੈਂਦੇ ਹਨ। ਚਰਨ ਦਾ ਰੋਮਾਂਸ ਰਾਜਸੀ ਸਰਗਰਮੀਆਂ ਵਿਚ ਢਲ ਜਾਂਦਾ ਹੈ।...ਦੂਜੇ ਪਾਸੇ ਰਾਜ ਦਾ ਸੰਘਰਸ਼ ਅੰਦਰ ਵਲ ਨੂੰ ਮੁੜਦਾ ਹੈ। ਉਹ ਚਰਨ ਨਾਲੋਂ ਟੁੱਟ ਕੇ ਜੀਵਨ ਦਾ ਮੋਹ ਤਿਆਗ

ਦਿੰਦੀ ਹੈ। ਉਹ ਤਪਦਿਕ ਦਾ ਸ਼ਿਕਾਰ ਹੋ ਜਾਂਦੀ ਹੈ। ਬਿਮਾਰੀ ਨੂੰ ਛੁਪਾ ਕੇ ਮੌਤ ਦੇ ਰਾਹ ਤੁਰ ਪੈਂਦੀ ਹੈ। ਇਹ ਕੁਰਬਾਨੀ ਦੇਣ ਦਾ ਆਪਣਾ ਢੰਗ ਹੈ। ਇਹ ਰਿਸ਼ਤੇ ਦੀ ਸੁਹਿਰਦਤਾ ਹੈ।... ਰਾਜ ਅਤੇ ਚਰਨ ਇਸ ਰਿਸ਼ਤੇ ਨੂੰ ਸੁਹਿਰਦਤਾ ਨਾਲ ਪਾਲਦੇ ਅਤੇ ਸਾਹਸ ਨਾਲ ਨਿਭਾਉਂਦੇ ਹਨ।" ਪੰਜਾਬੀ ਨਾਵਲ-ਵਿਰਾਸਤ ਤੇ ਵਰਤਮਾਨ, **ਪੰਨਾ 86**

ਨਿਰਸੰਦੇਹ ਡਾ. ਰਜਨੀਸ਼ ਨਾਵਲ ਦੇ ਸਮੁੱਚੇ ਵਾਤਾਵਰਣ ਨੂੰ ਉਪਰੋਕਤ ਵਿਆਖਿਆ ਰਾਹੀਂ ਉਸਦੇ ਮੂਲ-ਭਾਵ ਵਿਚ ਪਕੜਨ ਦਾ ਯਤਨ ਕਰਦਾ ਹੈ। ਚੇਤਨਾ ਦੀ ਪੱਧਰ 'ਤੇ ਉਹ ਚਰਨ ਅਤੇ ਰਾਜ ਦੇ ਆਤਮਪਰਕ ਚਰਿੱਤਰ ਦੀ ਪ੍ਰੇਰਨਾ ਅਧੀਨ ਯਥਾਰਥ ਦੇ ਦ੍ਵੰਦਾਤਮਕ ਵਿਵੇਕ ਨੂੰ ਸਮਝਣ ਦਾ ਯਤਨ ਵੀ ਕਰਦਾ ਹੈ। ਉਸਨੂੰ ਅਜਿਹੀ ਆਲੋਚਨਾਤਮਕ ਦ੍ਰਿਸ਼ਟੀ ਰਹਿਤ ਨਾਵਲ ਦੇ ਸਮੁੱਚੇ ਵਾਤਾਵਰਣ ਵਿਚ ਵਿਆਪਕ ਅੰਤਰ-ਵਿਰੋਧ ਪਾਤਰਾਂ ਦੀ ਚੇਤਨਾ ਵਿਚ ਵਿਕਰਾਲ ਯਥਾਰਥ ਦੇ ਰੂਪ ਵਿਚ ਫੈਲਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਕ ਪਾਸੇ ਪਾਤਰਾਂ ਦੇ ਅੰਤਹਕਰਣ ਵਿਚ ਰੁਮਾਂਟਿਕ ਪ੍ਰਾਪਤੀਆਂ ਦਾ ਅਨੁਭਵ ਹੈ ਅਤੇ ਦੂਸਰੇ ਪਾਸੇ ਵਿਨਾਸ਼ਕਾਰੀ ਸੰਭਾਵਨਾਵਾਂ ਦਾ ਨਿਰੰਤਰ ਤ੍ਰਾਸ ਹਰ ਪਲ ਚੇਤਨਾ ਵਿਚ ਤੈਰਦਾ ਰਹਿੰਦਾ ਹੈ। ਇਕ ਪਾਸੇ ਸਮਾਜਵਾਦੀ ਅਮਲ ਅਤੇ ਉੱਜਲ ਭਵਿੱਖ ਦੇ ਸੁਪਨਿਆਂ ਦਾ ਸੰਸਾਰ ਹੈ ਅਤੇ ਦੂਜੇ ਪਾਸੇ ਜਗੀਰਦਾਰੀ ਪ੍ਰਬੰਧ ਦੀ ਅਪਾਰ ਲਾਲਸਾ ਹੈ, ਜੋ ਹਰ ਹਰਬੇ ਨਾਲ ਆਪਣੇ ਸਵਾਰਥ ਦੀ ਪੂਰਤੀ ਲਈ ਹਰ ਤਰ੍ਹਾਂ ਨਾਲ ਲਾਮਬੰਦ ਵੀ ਹੈ ਅਤੇ ਤਤਪਰ ਵੀ। ਨਿਸ਼ਚੇ ਹੀ ਯਥਾਰਥ ਦੇ ਦ੍ਵੰਦ ਦੀ ਇਹ ਸਥਿਤੀ ਬੜੀ ਵਿਕਰਾਲ ਹੈ। ਪ੍ਰੰਤੂ ਦੁਖਾਂਤ ਇਹ ਹੈ ਕਿ ਪਾਤਰਾਂ ਦੀ ਚੇਤਨਾ ਆਪਣੇ ਆਤਮ-ਮੁਖ ਚਰਿੱਤਰ ਦੇ ਫਲਸਰੂਪ ਵਿਕਰਾਲ ਸਥਿਤੀ ਦੀ ਵੰਗਾਰ ਨੂੰ ਪ੍ਰਵਾਨ ਕਰਨ ਅਤੇ ਉਸ ਨਾਲ ਨਜਿੱਠਣ ਦੇ ਸਮਰੱਥ ਨਜ਼ਰ ਨਹੀਂ ਆਉਂਦੀ। ਸਿੱਟੇ ਵਜੋਂ ਡਰ ਅਤੇ ਸਹਿਮ ਦਾ ਵਾਤਾਵਰਨ ਸਮਾਜਵਾਦੀ ਪ੍ਰਬੰਧ ਦੇ ਸੁਪਨਿਆਂ ਨੂੰ ਚਕਨਾਚੂਰ ਕਰਦਾ ਹੈ। ਇਸ ਸਥਿਤੀ ਵਿਚ ਪਹੁੰਚ ਕੇ ਸਹਿਮ ਦੀ ਅੰਤਰਮੁਖਤਾ ਵਿਚ ਪ੍ਰਾਪਤੀ ਦੀ ਨਾਕਾਰਤਮਕ ਸੰਭਾਵਨਾ ਤ੍ਰਾਸ ਦੀ ਚੇਤਨਤਾ ਨੂੰ ਹੋਰ ਵੀ ਡੂੰਘੇਰਾ ਕਰਦੀ ਹੈ। ਅਨੁਭਵ ਦੀ ਤੀਬਰਤਾ ਵਿਚ ਕੰਵਲ ਸੁਭਾਵਕ ਹੀ ਅਨਾਤਮ ਯਥਾਰਥ ਦੀ ਵਿਕਰਾਲਤਾ ਤੋਂ ਪਲਾਇਨ ਕਰਕੇ ਆਪਣੇ ਪਾਤਰਾਂ ਰਾਹੀਂ ਆਤਮ ਯਥਾਰਥ ਦੀ ਸ਼ਰਨ ਵਿਚ ਆਉਂਦਾ ਹੈ। ਇਹ ਅਵਸਥਾ ਯਥਾਰਥ ਤੋਂ ਪਲਾਇਨ ਕਰਨ ਦੀ ਅੰਤਰਮੁਖ ਅਵਸਥਾ ਹੈ ਜੋ ਆਪਣੇ ਆਪ ਵਿਚ ਯਥਾਰਥ ਦੇ ਆਤਮੀਕਰਨ ਦੀ ਪ੍ਰੇਰਕ ਬਣਦੀ ਹੈ। ਆਤਮੀਕਰਨ ਦੀ ਇਹ ਸਥਿਤੀ ਯਥਾਰਥ ਦੀ ਖੜੋਤ ਦਾ ਅਨੁਭਵ ਪੈਦਾ ਕਰਦੀ ਹੈ ਜੋ ਵਾਸਤਵਿਕ ਜਗਤ ਦੀਆਂ ਪ੍ਰਸਥਿਤੀਆਂ ਵਿਚਲੇ ਲੁਕਵੇਂ ਪਾਸਾਰ ਨੂੰ ਵਿਵੇਕ ਦੀ ਪੱਧਰ ਉੱਤੇ ਗ੍ਰਹਿਣ ਨਹੀਂ ਕਰਦੀ। ਸਿੱਟੇ ਵਜੋਂ ਸਮੁੱਚੀ ਪ੍ਰਿਸ਼ਠ-ਭੂਮੀ ਵਿਚ ਮਾਤਰ ਕੋਲ ਆਪਣੀ ਦੁਖ-ਗ੍ਰਸਿਤ ਹੋਣੀ ਨੂੰ ਭੋਗਣ ਅਤੇ ਆਤਮ ਦੀ ਪੱਧਰ 'ਤੇ ਇਸ ਨਾਲ ਜੂਝਣ ਲਈ ਤਤਪਰ ਹੋਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਇਸ ਸੰਦਰਭ ਵਿਚ ਨਾਵਲਕਾਰ ਸੰਬੰਧੀ ਡਾ. ਰਜਨੀਸ਼ ਦੀ ਟਿੱਪਣੀ ਬੜੀ ਭਾਵਪੂਰਤ ਹੈ ਕਿ-"ਉਹ ਵਰਗ ਸੰਘਰਸ਼ ਤੋਂ ਸ਼ੁਰੂ ਹੋ ਕੇ ਧਰਮ ਮੂਲਕ ਸਟੇਟ ਦੇ ਸੰਕਲਪ ਵੱਲ ਨੂੰ ਮੁੜਦਾ ਹੈ। ਆਮ ਤੌਰ ਤੇ ਇਸ ਮੁਕਾਮ ਉੱਤੇ ਪਹੁੰਚਿਆ ਲੇਖਕ ਇਕ ਬਿੰਦੂ ਤੋਂ ਬਾਹਰ ਵਲ ਫੋਲਦਾ ਹੈ ਪ੍ਰੰਤੂ ਕੰਵਲ ਅੰਦਰ ਵਲ ਨੂੰ ਮੁੜਿਆ ਹੈ।" **ਪੰਨਾ 89**

'ਪੰਜਾਬੀ ਨਾਵਲ ਦੀ ਪਹਿਲੀ ਪੈੜਃ ਸੁੰਦਰੀ' ਜੋ ਭਾਈ ਵੀਰ ਸਿੰਘ ਦੀ ਇਕ ਪ੍ਰਮੁੱਖ ਰਚਨਾ ਹੈ, ਉਸਨੂੰ ਡਾ. ਰਜਨੀਸ਼ ਨੇ ਇਤਿਹਾਸਕ-ਸਾਂਸਕ੍ਰਿਤਕ ਸੰਦਰਭ ਵਿਚ ਵਾਚਣ ਦਾ

ਯਤਨ ਕੀਤਾ ਹੈ। ਉਸਦਾ ਮੰਨਣਾ ਹੈ ਕਿ "ਭਾਈ ਵੀਰ ਸਿੰਘ ਇਤਿਹਾਸਕ ਘਟਨਾਵਾਂ ਨੂੰ ਲੈ ਕੇ ਆਪਣੇ ਆਦਰਸ਼ ਪਾਤਰਾਂ ਰਾਹੀਂ ਇਸ ਨਾਵਲ ਦੀ ਉਸਾਰੀ ਕਰਦਾ ਹੈ। ਇਸ ਨਾਵਲੀ ਉਸਾਰੀ ਵਿਚੋਂ ਹੀ ਭਾਈ ਵੀਰ ਸਿੰਘ ਦੀ ਗਲਪੀ ਦ੍ਰਿਸ਼ਟੀ ਉਭਰਦੀ ਹੈ। ਇਸ ਗਲਪੀ ਦ੍ਰਿਸ਼ਟੀ ਲਈ ਉਹ ਆਪਣੀ ਕਥਾ ਦਾ ਵਸਤੂ-ਜਗਤ ਉਸਾਰਦਾ ਹੈ, ਜਿਸ ਸਮੇਂ ਭਾਈ ਵੀਰ ਸਿੰਘ ਇਸ ਨਾਵਲ ਦੀ ਸਿਰਜਣਾ ਕਰ ਰਿਹਾ ਸੀ, ਉਹ ਸਮਾਂ ਉਨਵੀਂ ਸਦੀ ਦਾ ਅਖ਼ੀਰ ਸੀ।" (**ਪੰਨਾ 39**)

ਨਿਰਸੰਦੇਹ ਜਦੋਂ ਭਾਈ ਵੀਰ ਸਿੰਘ ਇਸ ਨਾਵਲ ਦੀ ਸਿਰਜਣਾ ਕਰ ਰਿਹਾ ਸੀ ਤਾਂ ਉਹ ਬਹੁ-ਸਾਂਸਕ੍ਰਿਤਕ ਚਰਿਤਰ ਵਾਲੀ ਪੰਜਾਬੀ ਸਾਹਿਤਕ ਪਰੰਪਰਾ ਤੋਂ ਦੂਰ ਚਲਿਆ ਜਾਂਦਾ ਹੈ। ਇਸ ਤੋਂ ਵੀ ਅੱਗੇ ਉਹ ਇਕਹਿਰੇ ਜਿਹੇ ਸੰਪਰਦਾਇਕ ਚਰਿਤਰ ਵਿਚ ਸਿਮਟਣ ਦੀ ਚੇਸ਼ਟਾ ਅਧੀਨ ਵਿਸ਼ੇਸ਼ ਵਰਗ ਦੇ ਬੁਲਾਰੇ ਦੇ ਤੌਰ 'ਤੇ ਆਪਣਾ ਸਾਹਿਤਕ ਬਿੰਬ ਸਥਾਪਿਤ ਕਰ ਲੈਂਦਾ ਹੈ। ਇਸ ਵਕਤ ਤੱਕ ਭਾਈ ਵੀਰ ਸਿੰਘ ਭਾਵੇਂ ਪੱਛਮ ਦੇ ਗਿਆਨ-ਵਿਗਿਆਨ ਦੇ ਵਿਵੇਕ ਪਰੁੱਤੇ ਸਾਹਿਤਕ ਪ੍ਰਤਿਮਾਨਾਂ ਨੂੰ ਵੀ ਗ੍ਰਹਿਣ ਕਰਨ ਦੀ ਪੇਤਲੀ ਜਿਹੀ ਬਿਰਤੀ ਰਹਿਤ ਵਿਚਰਦਾ ਹੈ, ਪ੍ਰੰਤੂ ਉਹ ਸਿੱਖ ਨਵ-ਜਾਗ੍ਰਿਤੀ ਦੇ ਆਪਣੇ ਮੂਲ ਸੁਭਾਅ ਤੋਂ ਦੂਰ ਨਹੀਂ ਜਾਂਦਾ। ਇਸ ਸਮੁੱਚੇ ਪਰਕਣ ਨੂੰ ਡਾ. ਰਜਨੀਸ਼ ਨੇ 'ਪੰਜਾਬੀ ਨਾਵਲ ਦੀ ਪਹਿਲੀ ਪੈੜ: ਸੁੰਦਰੀ' ਵਾਲੇ ਅਧਿਆਇ ਵਿਚ ਸਪਸ਼ਟ ਕਰਦਿਆਂ ਪੰਜਾਬੀ ਨਾਵਲ ਦੀ ਆਧਾਰ-ਸ਼ਿਲਾ ਨੂੰ ਇਤਿਹਾਸਕ-ਸਾਂਸਕ੍ਰਿਤਕ ਅਤੇ ਸਮਾਜਿਕ-ਰਾਜਨੀਤਕ ਸੰਦਰਭ ਵਿਚ ਨਿਖਾਰਨ ਦੀ ਵਡਮੁੱਲੀ ਕੋਸ਼ਿਸ਼ ਕੀਤੀ ਹੈ।

'ਮੱਧ-ਵਰਗ ਦਾ ਸੁਧਾਰਮੁਖੀ ਹਿੰਸਾਮਈ ਬਿਰਤਾਂਤ: ਚਿੱਟਾ ਲਹੂ' ਅਧਿਆਇ ਡਾ. ਰਜਨੀਸ਼ ਧਾਰਨਾ ਵਿਅਕਤ ਕਰਦਾ ਹੈ ਕਿ "ਪੰਜਾਬੀ ਨਾਵਲ ਆਧੁਨਿਕ ਪੰਜਾਬੀ ਸਾਹਿਤ ਵਾਂਗ ਪ੍ਰਵਿਰਤੀ ਮੂਲਕ ਰਿਹਾ ਹੈ। ਇਹ ਪ੍ਰਵਿਰਤੀਆਂ ਕੌਮਾਂਤਰੀ ਪ੍ਰਸਥਿਤੀਆਂ ਤੋਂ ਲੈ ਕੇ ਸਥਾਨਕਤਾ ਤੱਕ ਤੋਂ ਪ੍ਰਭਾਵ ਗ੍ਰਹਿਣ ਕਰਦੀਆਂ ਰਹੀਆਂ ਹਨ। ਇਸ ਤਰ੍ਹਾਂ ਸਥਿਤੀਆਂ ਦੇ ਬਦਲਣ ਨਾਲ ਪ੍ਰਵਿਰਤੀ ਵੀ ਇਕ ਸੀਮਾ ਵਿਚ ਘਿਰਨ ਲਗ ਪੈਂਦੀ ਹੈ ਅਤੇ ਨਵੀਆਂ ਸਥਿਤੀਆਂ ਨਵੀਂ ਪ੍ਰਵਿਰਤੀ ਲਈ ਸਪੇਸ ਪੈਦਾ ਕਰ ਦਿੰਦੀਆਂ ਹਨ।" (**ਪੰਨਾ 5**)

ਨਿਰਸੰਦੇਹ ਡਾ. ਰਜਨੀਸ਼ ਦੀ ਉਪਰੋਕਤ ਧਾਰਨਾ ਬਹੁਪਰਤੀ ਹੈ ਅਤੇ ਇਹ ਬਾਰ ਦੀਆਂ ਨੌ-ਆਬਾਦੀਆਂ ਵਿਚ ਉਤਪੰਨ ਹੋਈ ਕਿਸਾਨ ਲਹਿਰ, ਕੈਨੇਡਾ ਅਤੇ ਅਮਰੀਕਾ ਵਿਚ ਗ਼ਦਰ ਲਹਿਰ, ਗੁਰਦੁਆਰਾ ਸੁਧਾਰ ਤੇ ਪਰਜਾ ਮੰਡਲ ਆਦਿ ਲਹਿਰਾਂ ਵਲ ਦੀ ਸੰਕੇਤ ਕਰਦੀ ਹੈ। ਅਸਲ ਵਿਚ ਭਾਰਤੀ ਸੰਦਰਭ ਵਿਚ ਸਥਾਨਕ ਪੱਧਰ 'ਤੇ ਅਤੇ ਵਿਸ਼ੇਸ਼ ਕਰਕੇ ਪੰਜਾਬ ਦੀ ਸਥਾਨਿਕ ਪ੍ਰਿਸ਼ਠ ਭੂਮੀ ਤੋਂ ਨਾਨਕ ਸਿੰਘ ਤਕ ਪਹੁੰਚਦਿਆਂ ਧਾਰਮਿਕ ਪੁਨਰ-ਸੁਰਜਤੀ ਦੇ ਬਰਾਬਰ ਹੀ ਇਕ ਵਿਸ਼ਾਲ ਸਭਿਆਚਾਰਕ ਪੁਨਰ-ਸੁਰਜੀਤੀ ਦੀ ਲਹਿਰ ਚੱਲ ਰਹੀ ਸੀ। ਇਹ ਸੰਕ੍ਰਾਂਤੀ ਦਾ ਯੁਗ ਸੀ, ਜਿਸ ਵਿਚ ਪ੍ਰਗਤੀਵਾਦੀ ਅਤੇ ਪ੍ਰਤਿਗਾਮੀ ਸ਼ਕਤੀਆਂ ਪਰਸਪਰ ਦਸਤਪੰਜਾ ਲੈ ਰਹੀਆਂ ਸਨ। ਦੂਸਰੀਆਂ ਭਾਰਤੀ ਭਾਸ਼ਾਵਾਂ ਦੇ ਸਮਰੱਥ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਪ੍ਰਭਾਵ ਅਤੇ ਆਪਣੇ ਜਜ਼ਬਾਤੀ ਸੁਭਾਅ ਸਦਕਾ ਨਾਨਕ ਸਿੰਘ ਸਮਾਜਿਕ ਨਾ-ਬਰਾਬਰੀ ਅਤੇ ਬੇਇਨਸਾਫੀ ਦੇ ਜ਼ਹਿਰੀਲੇ ਖ਼ਮੀਰ ਦੇ ਵਿਰੁੱਧ ਪ੍ਰਗਤੀਵਾਦੀ ਸ਼ਕਤੀਆਂ ਦੀ ਧਿਰ ਬਣਦਾ ਹੈ। ਪ੍ਰੰਤੂ ਆਪਣੇ ਅੰਤਮ ਰੂਪ ਵਿਚ ਡਾ. ਜੋਗਿੰਦਰ ਸਿੰਘ ਰਾਹੀ ਦੀ ਟਿੱਪਣੀ ਹੈ ਕਿ "ਚਿੱਟਾ ਲਹੂ" ਧਾਰਮਿਕ ਆਦਰਸ਼ਵਾਦ ਕਾਇਆ-ਕਲਪ ਦੇ ਸਿਧਾਂਤ ਦੀ ਮੱਧ-ਕਾਲੀਨ

ਦਾਰਸ਼ਨਿਕ ਰੂੜੀ ਦਾ ਲਗ-ਲਬੇੜ ਹੈ।" (**ਪੰਨਾ** 70) ਪ੍ਰੰਤੂ ਡਾ. ਰਜਨੀਸ਼ ਦਾ ਮੰਨਣਾ ਹੈ ਕਿ "ਚਿੱਟਾ ਲਹੂ, ਨਾਵਲ ਪੰਜਾਬੀ ਨਾਵਲੀ ਇਤਿਹਾਸ ਵਿਚ ਸੁਧਾਰਮੂਲਕ ਪ੍ਰਵਿਰਤੀ ਦੀ ਪ੍ਰਮੁੱਖ ਰਚਨਾ ਹੈ।" (**ਪੰਨਾ** 70)

"ਨੌ ਦੇਹੀਆਂ ਦੀ ਤਲਾਸ਼ ਦਾ ਸੰਕਟ: ਮੜ੍ਹੀ ਦਾ ਦੀਵਾ" ਅਧਿਆਇ ਵਿਚ ਡਾ. ਰਜਨੀਸ਼ ਨੇ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਉਪਰ ਬੜੀ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਉਸ ਦੀ ਇਹ ਚਰਚਾ ਗੁਰਦਿਆਲ ਸਿੰਘ ਦੇ ਨਾਵਲਾਂ ਉਪਰ ਹੋਈ ਹੁਣ ਤਕ ਦੀ ਆਲੋਚਨਾ ਤੋਂ ਇਸ ਕਰਕੇ ਅਲੱਗ ਹੈ ਕਿ ਉਸਨੇ ਨਾਵਲ 'ਮੜ੍ਹੀ ਦਾ ਦੀਵਾ' ਦੀ ਪਰਖ ਕਰਦਿਆਂ ਸਾਂਸਕ੍ਰਿਤਕ ਸਥਿਤੀ-ਬੋਧ ਨੂੰ ਆਧਾਰ ਬਣਾਇਆ ਹੈ। ਅਜਿਹੇ ਆਲੋਚਨਾਤਮਕ ਦ੍ਰਿਸ਼ਟੀਕੋਣ ਸਦਕਾ ਚਿੰਤਨ ਆਧਾਰਿਤ ਵਿਸ਼ਲੇਸ਼ਣ ਦਾ ਇਕ ਨਿਗਰ ਆਧਾਰ ਤਿਆਰ ਹੁੰਦਾ ਹੈ। ਇਸੇ ਆਧਾਰ ਸਦਕਾ ਡਾ. ਰਜਨੀਸ਼ ਸਾਹਿਤਕ ਵਿਹਾਰ ਅਤੇ ਸਮਾਜਿਕ ਸਥਿਤੀ ਦੇ ਵਖਰੇਵੇਂ ਨੂੰ 'ਮੜ੍ਹੀ ਦਾ ਦੀਵਾ' ਦੇ ਸੰਦਰਭ ਵਿਚ ਪਕੜਨ ਦੇ ਸਮਰੱਥ ਹੋ ਸਕਿਆ ਹੈ। ਉਸਦਾ ਵਿਚਾਰ ਹੈ ਕਿ "ਮੜ੍ਹੀ ਦਾ ਦੀਵਾ' ਨਾਵਲ ਦੇ ਸੰਕਟ ਆਧਾਰਿਤ ਜੀਵਨ ਦੀ ਪੇਸ਼ਕਾਰੀ ਮਨੁੱਖ ਦੇ ਮੂਲ ਸੰਕਟਾਂ ਨੂੰ ਸੰਬੋਧਿਤ ਹੈ। ਇਨ੍ਹਾਂ ਸੰਕਟਾਂ ਦਾ ਇਕ ਸਾਂਸਕ੍ਰਿਤਕ ਦਰਸ਼ਨ ਹੈ। ਇਸ ਦੇ ਕੇਂਦਰ ਵਿਚ ਭੂਗੋਲਿਕ ਤੌਰ 'ਤੇ ਪੰਜਾਬ ਵਿਚ ਵਿਚਰਦਾ ਮਨੁੱਖ ਹੈ। ਇਹ ਮਨੁੱਖ ਇਕ ਪਾਸੇ ਪ੍ਰਾਕ੍ਰਿਤਕ ਤੋਂ ਸਮਾਜਿਕ ਜੀਵਨ ਦੇ ਇਤਿਹਾਸ ਵਰਤਾਰੇ ਦੇ ਮੂਲ ਪ੍ਰਸ਼ਨਾਂ ਦੇ ਸਨਮੁਖ ਹੈ। ਦੂਜੇ ਪਾਸੇ ਭਾਰਤੀ ਦਰਸ਼ਨ ਦੀ ਇਕ ਗਤੀਸ਼ੀਲ ਇਕਾਈ ਦਾ ਹਿਸਾ ਹੈ। ਇਸ ਲਈ ਉਸ ਦੀ ਜੀਵਨ ਜਾਚ ਮੂਲ ਤੋਂ ਇਤਿਹਾਸਕ ਪਰਿਪੇਖ ਤੱਕ ਫੈਲੀ ਹੋਈ ਹੈ।" **ਪੰਨਾ 109**

ਡਾ. ਰਜਨੀਸ਼ ਨੇ ਵੱਖ-ਵੱਖ ਅਧਿਆਏ ਵਿਚ 'ਕੰਜਕਾਂ', 'ਕਾਲ ਕਥਾ' ਅਤੇ 'ਬਹੁਤ ਸਾਰੇ ਚੁੱਰਸਤੇ' ਨਾਵਲਾਂ ਉਪਰ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਨਿਸ਼ਚੈ ਹੀ ਨਵੇਂ ਪ੍ਰਤਿਮਾਨ ਸਿਰਜੇ ਹਨ। ਵੱਖ-ਵੱਖ ਰਚਨਾਵਾਂ ਦੀ ਪਰਖ ਕਰਦਿਆਂ ਡਾ. ਰਜਨੀਸ਼ ਦੀ ਪਹੁੰਚ-ਵਿਧੀ ਦੀ ਮੁਖ ਚੂਲ ਇਹ ਹੈ ਕਿ ਉਸਨੇ ਸਾਹਿਤਕ ਕਿਰਤ ਆਧਾਰਿਤ ਮਨੁੱਖੀ ਚੇਤਨਾ ਨੂੰ ਜ਼ਿੰਦਗੀ ਦੇ ਅੰਤਮ ਸੱਚ ਦੀ ਸਾਧਨਾ ਦੇ ਆਦਰਸ਼ ਨਾਲ ਜੋੜਨ ਦਾ ਯਤਨ ਕੀਤਾ ਹੈ। ਵੱਖ-ਵੱਖ ਨਾਵਲੀ ਰਚਨਾਵਾਂ ਵਿਚ ਸਾਂਸਕ੍ਰਿਤਕ-ਸਮਾਜਿਕ, ਰਾਜਨੀਤਕ-ਆਰਥਿਕ ਗੁਲਾਮੀ ਤੋਂ ਸੁਤੰਤਰਤਾ ਲਈ ਨਿਰੰਤਰ ਸੰਘਰਸ਼ ਤੋਂ ਅਗਾਂਹ ਅੰਤਮ ਸੱਚ ਦੀ ਖੋਜ ਨਾਵਲ ਵਰਗੀਆਂ ਵਿਸ਼ਾਲ ਸਾਹਿਤਕ ਵਿਧਾਵਾਂ ਦਾ ਪ੍ਰਯੋਜਨ ਹੋਇਆ ਕਰਦਾ ਹੈ। ਇਸ ਸਮਰੱਥ ਸਾਹਿਤਕ ਵਿਧਾ ਦੁਆਰਾ ਪ੍ਰਕਿਰਤੀ, ਇਤਿਹਾਸ ਤੇ ਸੰਸਕ੍ਰਿਤੀ ਦੀ ਨਿਰੰਤਰ ਸਾਧਨਾ ਦਾ ਰੂਪ ਵਿਚ ਅੰਤਮ ਸੱਚ ਦਾ ਇਹ ਆਦਰਸ਼ ਸੁਤੰਤਰਤਾ ਦੀ ਆਦਿਮ ਤੇ ਅਮੁੱਕ ਪ੍ਰਵਿਰਤੀ ਵਿਚ ਫੈਲਦਾ ਹੈ। ਸਾਂਸਕ੍ਰਿਤਕ ਸਮੁੱਚ ਦੇ ਇਸ ਫੈਲਾਅ ਨੂੰ ਡਾ. ਰਜਨੀਸ਼ ਸਮਝਣ ਤੇ ਸਮਝਾਉਣ ਵਿਚ ਨਿਰਸੰਦੇਹ ਸਫ਼ਲ ਰਿਹਾ ਹੈ। ਇਸ ਪੱਖ ਤੋਂ ਉਸਨੇ 'ਪੰਜਾਬੀ ਨਾਵਲ: ਸਥਿਤੀ ਤੇ ਸੀਮਾਵਾਂ' ਅਧਿਆਇ ਵਿਚ ਬਹੁਤ ਮਹੱਤਵਪੂਰਨ ਟਿੱਪਣੀਆਂ ਕੀਤੀਆਂ ਹਨ। ਨਿਰਸੰਦੇਹ 'ਪੰਜਾਬੀ ਨਾਵਲ-ਵਿਰਾਸਤ ਤੇ ਵਰਤਮਾਨ' ਪੁਸਤਕ ਪੰਜਾਬੀ ਨਾਵਲ ਸੰਬੰਧੀ ਆਲੋਚਨਾ ਦੇ ਇਤਿਹਾਸ ਵਿਚ ਇਕ ਵਡਮੁੱਲਾ ਯੋਗਦਾਨ ਹੈ।

***

# 'ਦਾਸਤਾਨ': ਸਮਾਜਕ ਸਰਾਪ ਤੋਂ ਮੁਕਤੀ ਦਾ ਸੰਘਰਸ਼

-ਲਖਵੀਰ ਸਿੰਘ

ਲਾਲ ਸਿੰਘ ਦਿਲ ਦੀ ਸਵੈ-ਜੀਵਨੀ 'ਦਾਸਤਾਨ' ਅੰਦਰ ਪੇਸ਼ ਸਮਾਜਕ ਸਥਿਤੀਆਂ, ਸੰਘਰਸ਼ ਅਤੇ ਜਾਤ-ਪਾਤ ਦੇ ਸਮਾਜਕ ਸਰਾਪ ਤੋਂ ਮੁਕਤੀ ਦਾ ਰਾਹ ਤਲਾਸ਼ਣ ਦੇ ਜ਼ਜ਼ਬੇ ਆਦਿ ਨੂੰ ਘੋਖਣ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਸਾਡੀ ਸਮਾਜਕ ਸੰਰਚਨਾ ਦੇ ਪਿਛੋਕੜ ਵਿਚ ਕਿਹੜੇ ਅਹਿਮ ਨੁਕਤੇ ਕਾਰਜਸ਼ੀਲ ਹਨ, ਇਨ੍ਹਾਂ ਦੀ ਸਾਡੀ ਸਮਾਜਕ ਬਣਤਰ ਨੂੰ ਘੜਨ ਵਿਚ ਕੀ ਦੇਣ ਹੈ, ਤਾਂ ਹੀ ਸਵੈ-ਜੀਵਨੀ 'ਦਾਸਤਾਨ' ਵਿਚਲੇ ਤਨਾਓ ਦੇ ਸੰਦਰਭ ਅਤੇ ਸੰਘਰਸ਼ ਨੂੰ ਸਹੀ ਅਰਥਾਂ ਵਿਚ ਫੜਿਆ ਜਾ ਸਕਦਾ ਹੈ।

ਸਾਹਿਤ ਅਤੇ ਸਮਾਜ ਦਾ ਰਿਸ਼ਤਾ ਸਮਾਜ ਦੀਆਂ ਉਹਨਾਂ ਪਰਸਥਿਤੀਆਂ ਦੀ ਪੇਸ਼ਕਾਰੀ ਦੇ ਆਹਰ ਵਿਚ ਬੱਝਿਆ ਹੁੰਦਾ ਹੈ, ਜੋ ਪਰਸਥਿਤੀਆਂ ਸੰਬੰਧਤ ਸਮਾਜ ਵਿਚ ਵਸਦੇ ਲੋਕਾਂ ਦੀ ਹੋਂਦ ਨੂੰ ਹਰ ਹੀਲੇ ਪ੍ਰਭਾਵਿਤ ਕਰਦੀਆਂ ਹਨ। ਚੰਗੇ ਸਾਹਿਤ ਵਿਚ ਇਹਨਾਂ ਪਰਸਥਿਤੀਆਂ ਦੀ ਪੇਸ਼ਕਾਰੀ ਸੁਚੇਤ ਯਤਨ ਨਾਲ ਘੱਟ ਸਗੋਂ ਸਹਿਜ ਸੁਭਾਅ ਜਿਆਦਾ ਆ ਜਾਂਦੀ ਹੈ। ਇਹ ਪਰਸਥਿਤੀਆਂ ਸਮਾਜਕ ਸੰਰਚਨਾ ਵਿਚੋਂ ਪੈਦਾ ਹੁੰਦੀਆਂ ਹਨ ਫ਼ਲਸਰੂਪ ਬੜੀਆਂ ਗੁੰਝਲਦਾਰ ਸਮੀਕਰਣਾਂ ਨੂੰ ਜਨਮ ਦਿੰਦੀਆਂ ਹਨ। ਇਨ੍ਹਾਂ ਜਟਿਲ ਪਰਸਥਿਤੀਆਂ ਵਿਚ ਵਿਚਰਦਿਆਂ ਹੀ ਸੰਬੰਧਤ ਸਮਾਜ ਦੇ ਸੰਵੇਦਨਸ਼ੀਲ ਵਾਸੀ ਜ਼ਿੰਦਗੀ ਦੇ ਅਰਥ ਤਲਾਸ਼ਦੇ ਹਨ। ਹਰ ਸਮਾਜ ਦੀ ਸਰੰਚਨਾ ਆਪਣੇ ਆਪਣੇ ਭੂਗੋਲਿਕ, ਭੌਤਿਕ, ਇਤਿਹਾਸਕ, ਧਾਰਮਕ, ਰਾਜਨੀਤਿਕ, ਆਰਥਕ, ਸੱਭਿਆਚਾਰਕ ਆਦਿ ਵਰਤਾਰਿਆਂ ਵਿਚੋਂ ਆਪਣੀ ਹੋਂਦ ਅਤੇ ਸਰੂਪ ਗ੍ਰਹਿਣ ਕਰਦੀ ਹੈ। ਇਸੇ ਕਰਕੇ ਹਰ ਸਮਾਜ ਦੀ ਸੰਰਚਨਾ ਵੱਖ-ਵੱਖ ਹੁੰਦੀ ਹੈ ਫ਼ਲਸਰੂਪ ਸਮਾਜਕ ਪਰਸਥਿਤੀਆਂ ਵੀ ਵੱਖ ਵੱਖ ਹੁੰਦੀਆਂ ਹਨ। ਸਾਹਿਤ ਰਚਨਾ ਦੇ ਸੰਬੰਧ ਵਿਚ ਦੇਖਿਆ ਜਾਵੇ ਤਾਂ ਇਤਿਹਾਸਕ, ਧਾਰਮਕ, ਰਾਜਨੀਤਿਕ, ਸੱਭਿਆਚਾਰਕ ਵਰਤਾਰੇ ਬਹੁਤ ਮਹੱਤਵਪੂਰਨ ਹੁੰਦੇ ਹਨ। ਕਿਉਂਕਿ ਸਮਾਜਕ ਪ੍ਰਾਣੀਆਂ ਦੇ ਜੀਵਨ ਨੂੰ ਇਹ ਵਰਤਾਰੇ ਨਿਰੰਤਰ ਆਪਣੇ ਪ੍ਰਭਾਵ ਅਧੀਨ ਰੱਖਦੇ ਹਨ। ਭਾਰਤੀ/ਪੰਜਾਬੀ ਸਮਾਜ ਦੀ ਜਿੱਥੋਂ ਤੱਕ ਗੱਲ ਹੈ ਇਸਦੀ ਸੰਰਚਨਾ ਵਿਚ ਧਰਮ ਦਾ ਸਭ ਤੋਂ ਵੱਡਾ ਦਖਲ ਰਿਹਾ ਹੈ, ਮੁੱਖ ਰੂਪ ਵਿਚ ਸਨਾਤਨ ਬ੍ਰਾਹਮਣ ਧਰਮ ਦਾ। ਸਿੰਧੂ ਘਾਟੀ ਦੀ ਸੱਭਿਅਤਾ ਦੇ ਵਾਸੀਆਂ, ਰਿਗ ਵੇਦ ਦੇ 'ਪੁਰਸ਼ ਸੂਕਤ' ਵਿਚ ਪਏ ਵਰਣ ਵਿਵਸਥਾ ਦੇ ਬੀਜਾਂ ਤੋਂ ਲੈ ਕੇ, ਤੁਰਕਾਂ, ਮੁਗਲਾਂ ਅਤੇ ਅੰਗਰੇਜ਼ਾਂ ਦੇ ਭਾਰਤ ਉੱਪਰ ਰਾਜ ਕਰਨ ਤੱਕ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਮੇਂ ਦੇ ਨਾਲ ਨਾਲ ਬਹੁਤ ਸਾਰੇ ਬਦਲਾਅ ਸਮਾਜਕ ਹਾਲਾਤਾਂ ਵਿਚ ਆਏ। ਪਰ ਕੁੱਝ ਸਮਾਜਕ ਮਾਨਤਾਵਾਂ ਅਜਿਹੀਆਂ ਵੀ ਹਨ ਜੋ ਕਿ ਉਪਰੋਕਤ ਬਹੁਤ ਸਾਰੇ ਸੱਤਾ ਪਰਿਵਰਤਨਾਂ ਦੇ ਬਾਵਜੂਦ ਵੀ ਆਪਣਾ ਵਜੂਦ ਸਮਕਾਲ ਤੱਕ ਕਾਇਮ ਰੱਖ ਸਕੀਆਂ ਹਨ । ਸਭ ਤੋਂ ਵੱਧ ਡੂੰਘੀ ਜੜ੍ਹ, ਵਰਣ ਵਿਵਸਥਾ ਅਤੇ ਜਾਤੀ ਪ੍ਰਥਾ ਦੀ ਰਹੀ ਹੈ । ਸਮੁੱਚੇ ਭਾਰਤੀ ਸਮਾਜ ਅੰਦਰ ਪ੍ਰਾਚੀਨ ਸਮੇਂ ਤੋਂ ਲੈ ਕੇ ਚਾਰ ਵਰਣ, ਪੰਜਵੇਂ ਅਛੂਤ ਅਤੇ ਅੱਗਿਓਂ ਅਨੁਲੋਮ-ਪ੍ਰਤੀਲੋਮ ਜਾਤਾਂ ਦੀਆਂ ਮਾਨਤਾਵਾਂ ਪ੍ਰਾਚੀਨ ਕਾਲ ਤੋਂ ਪ੍ਰਚਲਿਤ ਹਨ। ਇਤਿਹਾਸ ਦੇ ਚਾਹੇ ਕਿਸੇ ਵੀ ਪੜਾਅ ਉੱਪਰ ਝਾਤ ਮਾਰੀਏ, ਉਪਰੋਕਤ ਵਰਣ ਵਿਵਸਥਾ ਨਾਲ ਸੰਬੰਧਤ ਧਾਰਨਾਵਾਂ

ਖੋਜਾਰਥੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

ਨੂੰ ਆਧਾਰ ਬਣਾ ਕੇ ਸਮਾਜ ਦੇ ਇੱਕ ਵੱਡੇ ਵਰਗ ਨਾਲ ਉਸੇ ਸਮਾਜ ਦੇ ਅਖੌਤੀ ਉੱਚ ਵਰਗ ਨੇ ਜੀਵਨ ਦੇ ਹਰ ਪੱਧਰ ਉੱਪਰ ਅਮਾਨਵੀ ਵਰਤਾਓ ਅਤੇ ਸ਼ਰਮਨਾਕ ਵਿਤਕਰਾ ਨਿਰੰਤਰ ਕੀਤਾ ਹੈ। ਇਸ ਵਿਤਕਰੇ ਦਾ ਸਭ ਤੋ ਵੱਧ ਸ਼ਿਕਾਰ ਚੌਥੇ ਵਰਣ ਸ਼ੂਦਰ ਅਤੇ ਵਰਣ ਵਿਵਸਥਾ ਤੋਂ ਬਾਹਰ ਰੱਖੇ ਗਏ ਅਛੂਤਾਂ (ਅਤਿ-ਸ਼ੂਦਰਾਂ) ਨੂੰ ਭੁਗਤਨਾ ਪਿਆ ਜੋ ਹੁਣ ਵੀ ਜਾਰੀ ਹੈ। ਫਲਸਰੂਪ ਭਾਰਤੀ ਉਪ-ਮਹਾਂਦੀਪ ਦੀ ਆਬਾਦੀ ਦਾ ਇੱਕ ਬਹੁਤ ਵੱਡਾ ਹਿੱਸਾ ਸਦੀਆਂ ਤੋਂ ਸਨਾਤਨ ਹਿੰਦੂ ਧਰਮ ਦੇ ਮਾਡਲ ਅਧੀਨ ਹਾਸ਼ੀਆਗਤ ਜੀਵਨ ਜੀਅ ਰਿਹਾ ਹੈ। ਨਤੀਜਨ, ਇਹ ਹਿੱਸਾ ਸਦੀਆਂ ਤੋਂ 'ਅਣਹੋਇਆਂ' ਵਾਂਗ ਇਸ ਧਰਤੀ ਅਤੇ ਇਸ ਧਰਤੀ ਦੇ ਅਖੌਤੀ ਉੱਚ ਵਰਣ ਦੇ ਹਿੰਦੂਆਂ ਦੀ ਸੇਵਾ ਵਿਚ ਸਮਰਪਿਤ ਰਿਹਾ ਹੈ ਅਤੇ ਹੁਣ ਵੀ ਹੈ। ਅਸਲ ਵਿਚ ਇਸ ਸਾਮਾਜਕ ਸੰਰਚਨਾ ਦੀਆਂ ਜੜ੍ਹਾਂ, ਆਰੀਅਨਾਂ ਦੁਆਰਾ ਰਚੇ ਗਏ, ਇਸ ਖਿੱਤੇ ਦੇ ਸਭ ਤੋਂ ਪ੍ਰਾਚੀਨ ਗ੍ਰੰਥ 'ਰਿਗ ਵੇਦ' ਦੇ ਪੁਰਸ਼ ਸੂਕਤ ਵਿਚ ਹਨ। ਜਿਸ ਵਿਚ ਮਨੁੱਖ ਦੀ ਉਤਪੱਤੀ ਨੂੰ ਚਾਰ ਹਿੱਸਿਆਂ (ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ) ਵਿਚ ਵੰਡ ਕੇ ਪ੍ਰਸਤੁਤ ਕੀਤਾ ਗਿਆ ਹੈ। ਇਸ ਅਨੁਸਾਰ ਬ੍ਰਾਹਮਣਾਂ ਦਾ ਜਨਮ ਬ੍ਰਹਮਾ ਦੇ ਮੂੰਹ ਵਿੱਚੋਂ, ਕਸ਼ੱਤਰੀਆਂ ਦਾ ਜਨਮ ਬ੍ਰਹਮਾ ਦੀਆਂ ਬਾਹਾਂ ਵਿੱਚੋਂ, ਵੈਸ਼ਾਂ ਦਾ ਜਨਮ ਬ੍ਰਹਮਾ ਦੇ ਪੱਟਾਂ ਵਿੱਚੋਂ ਅਤੇ ਸ਼ੂਦਰਾਂ ਦਾ ਜਨਮ ਬ੍ਰਹਮਾ ਦਿਆਂ ਪੈਰਾਂ ਵਿੱਚੋਂ ਹੋਇਆ। 'ਰਿਗ ਵੇਦ' ਦੀ ਇਸ ਧਾਰਣਾ ਦੀ ਪ੍ਰੋੜਤਾ ਕਰਨ ਵਾਲਾ ਧਰਮ ਸ਼ਾਸਤਰ 'ਮਨੂ ਸਿਮ੍ਰਿਤੀ' ਵੀ ਦਲਿਤ ਸਮਾਜ ਦਾ ਸ਼ੋਸਣ ਕਰਨ ਵਾਲੀਆਂ ਧਾਰਣਾਵਾਂ ਦਾ ਸਮਰਥਨ ਕਰਦਾ ਅਤੇ ਉਨ੍ਹਾਂ ਉੱਪਰ ਮੋਹਰ ਲਗਾਉਂਦਾ ਹੈ। 'ਮਨੂ ਸਿਮ੍ਰਿਤੀ' ਅਨੁਸਾਰ:

ਬ੍ਰਹਮਾ ਨੇ ਸ਼ੂਦਰਾਂ ਲਈ ਬਿਨਾਂ ਕਿਸੇ ਦੀ ਨਿੰਦਾ ਚੁਗਲੀ ਦੇ, ਤਿੰਨਾਂ ਵਰਣਾਂ ਦੇ ਲੋਕਾਂ ਦੀ ਸੇਵਾ ਕਰਨਾ, ਇਹੋ ਕਰਮ ਨਿਸ਼ਚਤ ਕੀਤਾ।-9 (ਮਨੂ ਸਮ੍ਰਿਤੀ, ਮੋਹਨ ਲਾਲ ਸ਼ਰਮਾ(ਅਨੁ.), ਭਾਸ਼ਾ ਵਿਭਾਗ ਪੰਜਾਬ, ਪੰਨਾ-8)

ਜੋ ਰਾਜ ਸ਼ੂਦਰਾਂ ਤੇ ਨਾਸਤਿਕਾਂ ਨਾਲ ਭਰਿਆ ਹੁੰਦਾ ਹੈ ਅਤੇ ਬ੍ਰਾਹਮਣਾਂ ਤੋਂ ਖਾਲੀ ਹੁੰਦਾ ਹੈ ਉਸ ਰਾਜ ਨੂੰ ਅਕਾਲ ਅਤੇ ਬਿਮਾਰੀਆਂ ਜਲਦੀ ਹੀ ਨਸ਼ਟ ਕਰ ਦਿੰਦੀਆਂ ਹਨ।-22 (ਮਨੂ ਸਮ੍ਰਿਤੀ, ਮੋਹਨ ਲਾਲ ਸ਼ਰਮਾ(ਅਨੁ.), ਭਾਸ਼ਾ ਵਿਭਾਗ ਪੰਜਾਬ, ਪੰਨਾ-148)

ਬ੍ਰਾਹਮਣ ਨੂੰ ਕਠੋਰ ਬਚਨ ਕਹਿਣ ਵਾਲੇ ਸ਼ੂਦਰ ਦੀ ਜੀਭ ਕੱਟ ਦੇਣੀ ਚਾਹੀਦੀ ਹੈ। ਕਿਉਂਕਿ ਉਹ ਨੀਚ ਹੈ, ਪੈਰਾਂ ਤੋਂ ਉਤਪਨ ਹੈ।-270 ਇਨ੍ਹਾਂ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਵਰਣਾਂ ਦਾ ਨਾਂ ਲੈ ਕੇ ਗਾਲ ਕੱਢਣ ਵਾਲੇ ਜਾਂ ਕੌੜੇ ਬੋਲ ਬੋਲਣ ਵਾਲੇ ਸ਼ੂਦਰ ਦੇ ਮੂੰਹ ਵਿਚ ਅੱਗ ਵਿਚ ਤਪੀ ਦਸ ਉਂਗਲ ਲੰਬੀ ਲੋਹੇ ਦੀ ਕੀਲ ਪਾ ਦੇਣੀ ਚਾਹੀਦੀ ਹੈ।-271 (ਮਨੂ ਸਮ੍ਰਿਤੀ, ਮੋਹਨ ਲਾਲ ਸ਼ਰਮਾ(ਅਨੁ.), ਭਾਸ਼ਾ ਵਿਭਾਗ ਪੰਜਾਬ, ਪੰਨਾ-174)

ਧਨ ਇਕੱਠਾ ਕਰਨ ਦੇ ਯੋਗ ਹੋਣ ਤੇ ਵੀ ਸ਼ੂਦਰ ਨੂੰ ਧਨ-ਸੰਗ੍ਰਹਿ ਨਹੀਂ ਕਰਨਾ ਚਾਹੀਦਾ ਕਿਉਂਕਿ ਧਨ ਪ੍ਰਾਪਤ ਕਰਕੇ ਉਹ ਸ਼ਾਸਤਰ ਮਰਯਾਦਾ ਦੇ ਵਿਰੁਧ ਆਚਰਣ ਕਰਦਾ ਹੈ ਅਤੇ ਬ੍ਰਾਹਮਣਾਂ ਨੂੰ ਦੁਖੀ ਕਰਦਾ ਹੈ।-129 (ਮਨੂ ਸਮ੍ਰਿਤੀ, ਮੋਹਨ ਲਾਲ ਸ਼ਰਮਾ(ਅਨੁ.), ਭਾਸ਼ਾ ਵਿਭਾਗ ਪੰਜਾਬ, ਪੰਨਾ-239)

'ਮਨੂ ਸਮ੍ਰਿਤੀ' ਵਿਚ ਸ਼ੂਦਰ ਮਰਦ ਅਤੇ ਨਾਰੀ ਲਈ ਸਵਰਣ ਜਾਤੀਆਂ ਨਾਲੋਂ ਵੱਖਰੇ ਜੀਵਨ-ਮੁੱਲਾਂ ਨੂੰ ਪ੍ਰਮੁੱਖਤਾ ਨਾਲ ਉਲੀਕਿਆ ਗਿਆ ਹੈ। ਮਨੁੱਖੀ ਅਧਿਕਾਰਾਂ ਦਾ ਮਜ਼ਾਕ ਉਡਾਉਂਦੇ ਉਪਰੋਕਤ ਜੀਵਨ ਮੁੱਲ ਜਿਸ ਕਿਸੇ ਵੀ ਵਰਗ ਉੱਪਰ ਲਾਗੂ ਕੀਤੇ ਜਾਣ, ਉਸ ਵਰਗ ਦੀ ਸਮਾਜਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਹੋਂਦ ਨੂੰ ਮਲੀਆਮੇਟ

ਕਰਨ ਲਈ ਕਾਫੀ ਹਨ। ਇਸ ਅਤਾਰਕਿਕ ਵੰਡ ਦੇ ਆਧਾਰ ਉੱਪਰ ਹੀ ਸਦੀਆਂ ਤੋਂ ਸ਼ੂਦਰਾਂ (ਦਲਿਤਾਂ) ਦਾ ਸਮਾਜ ਵਿਚ ਸਥਾਨ ਬਹੁਤ ਨੀਵਾਂ ਰਿਹਾ ਹੈ। ਇੰਨਾ ਹੀ ਨਹੀਂ, ਇਨ੍ਹਾਂ ਚਾਰ ਵਰਣਾਂ ਤੋਂ ਬਾਹਰ ਰੱਖ ਕੇ ਵੀ ਆਬਾਦੀ ਦੇ ਇੱਕ ਹਿੱਸੇ ਦੇ ਉੱਪਰ ਧੁਰੋਂ ਅਸ਼ੁੱਧ ਹੋਣ ਦਾ ਠੱਪਾ ਲਗਾਇਆ ਗਿਆ, ਆਬਾਦੀ ਦੇ ਇਸ ਹਿੱਸੇ ਦੀ ਹਾਲਤ ਸ਼ੂਦਰਾਂ ਤੋਂ ਵੀ ਜਿਆਦਾ ਜਿੱਲਤ ਭਰੀ ਸੀ, ਸੰਸਕ੍ਰਿਤ ਵਿਚ ਇਸ ਵਰਗ ਲਈ 'ਚੰਡਾਲ' ਸ਼ਬਦ ਪ੍ਰਚਲਿਤ ਹੈ, ਇਸ ਲਈ ਅਛੂਤ (Untouchable) ਸ਼ਬਦ ਵੀ ਵਰਤਿਆ ਜਾਂਦਾ ਹੈ, ਅਛੂਤਾਂ ਨੂੰ ਅਕਸਰ 'ਅਤਿ-ਸ਼ੂਦਰ' ਵੀ ਕਿਹਾ ਜਾਂਦਾ ਹੈ।

ਅਖੌਤੀ ਉੱਚ ਵਰਣ ਦੁਆਰਾ ਵਰਣ ਵਿਵਸਥਾ ਦੇ ਵਿਛਾਏ ਜਾਲ ਵਿਚ ਫਸੇ ਸ਼ੂਦਰਾਂ ਅਤੇ ਅਤਿ-ਸ਼ੂਦਰਾਂ ਨੂੰ, ਸਦੀਆਂ ਤੋਂ ਭਾਰਤੀ ਸਮਾਜ ਦੀਆਂ ਗੰਦੀਆਂ ਬਸਤੀਆਂ ਅਤੇ ਪਿੰਡਾਂ ਦੇ ਵਿਹੜਿਆਂ ਵਿਚ ਅਤਿ ਨੀਵੇਂ ਪੱਧਰ ਦਾ ਜੀਵਨ ਜਿਉਂਦਿਆਂ ਅੱਜ ਵੀ ਦੇਖਿਆ ਜਾ ਸਕਦਾ ਹੈ, ਸਮੁੱਚੇ ਰੂਪ ਵਿਚ ਇਨ੍ਹਾਂ ਸ਼ੋਸਿਤਾਂ ਨੂੰ 'ਦਲਿਤ' ਨਾਂਵ (Noun) ਨਾਲ ਜਾਣਿਆ ਜਾਂਦਾ ਹੈ। ਅਜਿਹਾ ਨਹੀਂ ਹੈ ਕਿ ਇਤਿਹਾਸ ਦੀ ਧਰਾਤਲ ਉੱਪਰ ਵਰਣ ਵਿਵਸਥਾ ਦੀ ਇਸ ਕਰੂਪਤਾ ਦਾ ਵਿਰੋਧ ਨਾ ਹੋਇਆ ਹੋਵੇ, ਮਹਾਤਮਾ ਬੁੱਧ, ਭਗਤੀ ਅਤੇ ਸੰਤ ਲਹਿਰ ਦੇ ਰਚਨਾਕਾਰ ਭਗਤ ਕਬੀਰ, ਭਗਤ ਰਵਿਦਾਸ, ਗੁਰੂ ਨਾਨਕ ਦੇਵ ਤੋਂ ਲੈ ਕੇ, ਜੋਤੀ ਰਾਓ ਫੂਲੇ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਤੱਕ ਦੇ ਇਤਿਹਾਸ ਵਿਚ ਇਸ ਵਿਰੋਧ ਦੀ ਪੈੜ-ਚਾਲ ਦੇਖੀ ਜਾ ਸਕਦੀ ਹੈ। ਅਸਲ ਵਿਚ ਜਾਤ-ਪਾਤ ਦੀਆਂ ਮਾਨਤਾਵਾਂ ਭਾਰਤੀ ਉੱਚ ਵਰਗ ਦੇ ਅਵਚੇਤਨ ਵਿਚ ਇੰਨੀਆਂ ਡੂੰਘੀਆਂ ਚਲੀਆਂ ਗਈਆਂ ਹਨ ਕਿ ਉੱਚ ਵਰਗ ਦੀ ਇਸ ਮਾਨਸਿਕ ਹਾਲਤ ਨੂੰ ਉਨ੍ਹਾਂ ਦੀ ਮਾਨਸਿਕ ਬਿਮਾਰੀ ਵੀ ਕਿਹਾ ਜਾ ਸਕਦਾ ਹੈ। ਗੁਰਬਾਣੀ ਨੇ ਵੀ ਜਾਤ ਦਾ ਹੰਕਾਰ ਕਰਨ ਵਾਲੇ ਨੂੰ ਮੂਰਖ ਭਾਵ ਮਾਨਸਿਕ ਰੋਗੀ ਆਖਿਆ ਹੈ : ' ।ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ (ਸ਼੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ 3, ਅੰਗ 1127)'। ਜਿਸ ਤਰ੍ਹਾਂ ਮਾਨਸਿਕ ਬਿਮਾਰੀ ਦਾ ਇਲਾਜ ਸਰੀਰਕ ਬਿਮਾਰੀ ਤੋਂ ਕਿਤੇ ਮੁਸ਼ਕਿਲ ਹੁੰਦਾ ਹੈ, ਉਸੇ ਤਰ੍ਹਾਂ ਹਰ ਮਾਨਸਿਕਤਾ ਦਾ ਹਿੱਸਾ ਬਣ ਚੁੱਕੀ ਹੋਣ ਕਰਕੇ ਹੋਰ ਸਮਾਜਕ ਸਮੱਸਿਆਵਾਂ ਨਾਲੋਂ ਜਾਤ- ਪਾਤ ਦੀ ਸਮੱਸਿਆ ਸਭ ਤੋਂ ਵੱਧ ਜਟਿਲ, ਗੰਭੀਰ ਅਤੇ ਪੁਰਾਣੀ ਹੈ ਅਤੇ ਆਉਣ ਵਾਲੇ ਥੋੜੇ ਸਮੇਂ ਵਿਚ ਇਸਦਾ ਕੋਈ ਪੂਰਣ ਹੱਲ ਦਿਖਾਈ ਨਹੀਂ ਦਿੰਦਾ।

ਆਧੁਨਿਕ ਭਾਰਤ ਦੇ ਇਤਿਹਾਸ ਵਿਚ, ਆਧੁਨਿਕ ਗਿਆਨ ਦੀ ਕਸੌਟੀ 'ਤੇ ਅਤੇ ਅਨੁਭਵ ਦੀ ਰੌਸ਼ਨੀ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਇਸ ਅਣਮਨੁੱਖੀ ਢਾਂਚੇ ਉੱਪਰ ਇਸ ਤਰ੍ਹਾਂ ਹਮਲਾ ਬੋਲਿਆ ਕਿ ਇਸ ਢਾਂਚੇ ਦੀਆਂ ਜੜ੍ਹਾਂ ਪੁੱਟਣ ਦਾ ਇਕ ਤਰ੍ਹਾਂ ਨਾਲ ਨੀਂਹ ਪੱਥਰ ਧਰ ਦਿੱਤਾ, ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਬਾਬਾ ਸਾਹਿਬ ਨੇ ਹਿੰਦੂ ਧਰਮ ਅਤੇ ਸਮਾਜ ਨੂੰ ਲੰਮੇ ਹੱਥੀਂ ਲਿਆ:

"There is an utter lack among the Hindus of what the sociologists call "consciousness of kind." There is no Hindu consciousness of kind. In every Hindu the consciousness that exists is the consciousness of his caste."[1]

ਇਹਨਾਂ ਮਹਾਂਪੁਰਸ਼ਾਂ ਦੇ ਵਿਵਹਾਰਿਕ ਅਤੇ ਵਿਚਾਰਧਾਰਕ ਪੱਧਰ ਉੱਪਰ ਕੀਤੇ ਗਏ ਯਤਨਾਂ ਸਦਕਾ ਦਲਿਤ ਚੇਤਨਾ ਅਤੇ ਚਿੰਤਨ ਦੇ ਬੀਜ ਇਸ ਧਰਤੀ ਉੱਪਰ ਮਉਲੇ। ਫਲਸਰੂਪ

ਬਹੁਤੇ ਨਹੀਂ ਤਾਂ ਥੋੜ੍ਹੇ ਦਲਿਤਾਂ ਦੇ ਦਿਲੋ-ਦਿਮਾਗ ਅੰਦਰ ਸਵੈ-ਪਹਿਚਾਣ, ਸਵੈ-ਮਾਣ ਅਤੇ ਇਤਿਹਾਸ ਦੇ ਪੰਨਿਆਂ ਉੱਪਰ ਆਪਣੀ ਭੂਮਿਕਾ ਅਤੇ ਸਥਾਨ ਬਾਰੇ ਸਵਾਲ ਖੜ੍ਹੇ ਹੋਏ। ਇਹਨਾਂ ਸਵਾਲਾਂ ਦੇ ਉੱਤਰ ਲੱਭਦਿਆਂ ਅਤੇ ਨਿਰੋਲ ਦਲਿਤ-ਦ੍ਰਿਸ਼ਟੀ ਦੇ ਪੱਖ ਤੋਂ ਸਮਾਜ ਦੇ ਆਲੰਬਰਦਾਰਾਂ ਸਾਹਮਣੇ ਨਵੇਂ ਸਵਾਲ ਖੜ੍ਹੇ ਕਰਦਿਆਂ, ਦਲਿਤਾਂ ਨੇ ਵਰਤਮਾਨ ਸਮਾਜਕ ਪ੍ਰਬੰਧ ਅੱਗੇ, ਇਤਿਹਾਸ ਨੂੰ ਨਵੇਂ ਸਿਰੇ ਤੋਂ ਵਾਚਣ ਅਤੇ ਮੌਜੂਦਾ ਹਾਲਾਤਾਂ ਨੂੰ ਦਲਿਤ ਵਰਗ ਦੇ ਸੰਦਰਭ ਤੋਂ ਘੋਖਣ ਲਈ ਮਜਬੂਰ ਕੀਤਾ ਹੈ। ਵਸੀਹ ਪੈਮਾਨੇ ਉੱਪਰ ਹਾਸ਼ੀਆਗਤ ਕੀਤੇ ਗਏ ਦਲਿਤ ਵਰਗ ਨੇ ਹੁਣ ਸਮਾਜ ਦੇ ਹਰ ਖੇਤਰ ਅੰਦਰ ਆਪਣਾ ਮਹੱਤਵਪੂਰਨ ਸੰਦਰਭ ਸਥਾਪਤ ਕਰ ਲਿਆ ਹੈ, ਇਸ ਸੰਦਰਭ ਸਥਾਪਤੀ ਦੀ ਮੁੱਖ ਚੂਲ ਦਲਿਤ ਚਿੰਤਨ ਅਤੇ ਚੇਤਨਾ ਹੀ ਹੈ। ਪਰ ਸਨਾਤਨ ਧਰਮ ਦੇ ਇਸ ਗ਼ੈਰ-ਮਨੁੱਖੀ ਢਾਂਚੇ ਦੀਆਂ ਜੜ੍ਹਾਂ ਇੰਨੀਆਂ ਗਹਿਰੀਆਂ ਹਨ ਕਿ ਅੱਜ ਵੀ ਇਸ ਢਾਂਚੇ ਵਿੱਚੋਂ ਨਵੀਆਂ ਸੂਲ਼ਾਂ ਨਵੇਂ-ਨਵੇਂ ਰੂਪ ਧਾਰਣ ਕਰਕੇ ਅਕਸਰ ਫੁੱਟਦੀਆਂ ਦੇਖੀਆਂ ਜਾ ਸਕਦੀਆਂ ਹਨ।

ਜਾਤ-ਪਾਤ ਦੇ ਸਮਾਜਕ ਸਰਾਪ ਤੋਂ ਖਲਾਸੀ ਲਈ ਹੁੰਦੇ ਯਤਨਾਂ ਨੂੰ ਜੇਕਰ ਆਧੁਨਿਕ ਸਮੇਂ ਦੇ ਪਰਿਪੇਖ ਵਿਚ ਦੇਖਿਆ ਜਾਵੇ ਤਾਂ ਦਲਿਤਾਂ ਦੁਆਰਾ ਸਾਹਿਤ ਰਚਨਾ ਨੇ ਵੀ ਦਲਿਤਾਂ ਦੇ ਆਪਣੀ ਪਛਾਣ ਅਤੇ ਸਵੈਮਾਨ ਦੀ ਸਥਾਪਤੀ ਦੇ ਸੰਘਰਸ਼ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕਿਉਂਕਿ ਇੱਕ ਉਹ ਵੀ ਸਮਾਂ ਸੀ ਜਦੋਂ ਕਿਸੇ ਅਛੂਤ ਦੁਆਰਾ ਵੇਦ ਮੰਤਰ ਸੁਣਨ ਉੱਤੇ ਉਸਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ, ਬ੍ਰਾਹਮਣ ਨੂੰ ਕਠੋਰ ਬਚਨ ਕਹਿਣ ਵਾਲੇ ਅਛੂਤ ਦੀ ਜੀਭ ਕੱਟ ਦਿੱਤੀ ਜਾਂਦੀ ਸੀ। ਪਰ ਹੁਣ ਦਲਿਤਾਂ ਦੁਆਰਾ ਸਾਹਿਤ ਰੂਪ ਵਿੱਚ ਆਪਣੇ ਅਨੁਭਵ ਨੂੰ ਪੇਸ਼ ਕਰਨਾ ਅਤੇ ਆਪਣੇ ਹੱਕਾਂ ਦੀ ਦਾਅਵੇਦਾਰੀ ਪੇਸ਼ ਕਰਨਾ ਉਹਨਾਂ ਦੇ ਸੰਘਰਸ਼ ਦੀ ਆਵਾਜ਼ ਬਣ ਰਿਹਾ ਹੈ। ਇਹ ਸਾਹਿਤ ਭਾਂਵੇ ਕਿਸੇ ਵੀ ਭਾਰਤੀ ਭਾਸ਼ਾ ਜਿਵੇਂ ਮਰਾਠੀ, ਹਿੰਦੀ, ਤੇਲਗੂ, ਪੰਜਾਬੀ ਆਦਿ ਜਾਂ ਫਿਰ ਅੰਗਰੇਜ਼ੀ ਵਿਚ ਹੋਵੇ ਅਤੇ ਸਾਹਿਤ ਦੇ ਕਿਸੇ ਵੀ ਰੂਪਾਕਾਰ ਜਿਵੇਂ ਕਵਿਤਾ, ਕਹਾਣੀ, ਨਾਵਲ ਅਤੇ ਸਵੈ-ਜੀਵਨੀ ਆਦਿ ਦੇ ਵਿਚ, ਇਸ ਸਾਹਿਤ ਨਾਲ ਦਲਿਤ ਸੰਘਰਸ਼ ਨੂੰ ਨਵੀਂ ਊਰਜਾ ਮਿਲ ਰਹੀ ਹੈ।

ਪੰਜਾਬ ਵਿਚ ਦਲਿਤ ਸਮਾਜ ਕਾਫੀ ਵੱਡੀ ਗਿਣਤੀ ਵਿਚ ਵਸਦਾ ਹੈ। ਵਿਤਕਰੇ ਦੀ ਦ੍ਰਿਸ਼ਟੀ ਤੋਂ ਪੰਜਾਬ ਦੇ ਦਲਿਤ ਦੀ ਸਥਿਤੀ ਬਾਕੀ ਭਾਰਤ ਦੇ ਦਲਿਤਾਂ ਨਾਲੋਂ ਬਹੁਤ ਵੱਖਰੀ ਤਾਂ ਨਹੀਂ ਪਰ ਸਿੱਖ ਧਰਮ ਦੇ ਉੱਥਾਨ ਅਤੇ ਖੇਤੀਬਾੜੀ ਦੇ ਮੁੱਖ ਧੰਦੇ ਕਰਕੇ ਇੱਥੋ ਦੇ ਦਲਿਤ ਨੇ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਪੈਰਾਂ ਸਿਰ ਕਰਨ ਵਿਚ ਤੇਜੀ ਦਿਖਾਈ ਹੈ। ਜਿੱਥੋਂ ਤੱਕ ਪੰਜਾਬੀ ਦਲਿਤ ਸਾਹਿਤ ਦੀ ਗੱਲ ਹੈ ਹੁਣ ਇਹ ਪੰਜਾਬੀ ਸਾਹਿਤ ਦੇ ਹਰ ਰੂਪਾਕਾਰ ਵਿਚ ਆਪਣਾ ਮੁਹਾਂਦਰਾ ਗ੍ਰਹਿਣ ਕਰ ਰਿਹਾ ਹੈ। ਇਸ ਸੰਬੰਧ ਵਿਚ ਪ੍ਰਮੁੱਖ ਪੰਜਾਬੀ ਕਵੀ ( ਗੁਰਦਾਸ ਰਾਮ ਆਲਮ, ਚਾਨਣ ਗੋਬਿੰਦਪੁਰੀ, ਚਰਨਦਾਸ ਨਿਧੜਕ, ਚਾਨਣ ਲਾਲ ਮਾਣਕ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ ਆਦਿ ) ਨਾਵਲਕਾਰ (ਬਲਬੀਰ ਪਰਵਾਨਾ, ਗੁਰਮੇਲ ਮਡਾਹੜ, ਕਰਮਜੀਤ ਸਿੰਘ ਔਜਲਾ, ਪਰਮਜੀਤ ਜੱਜ, ਨਿੰਦਰ ਗਿੱਲ, ਦੇਸ ਰਾਜ ਕਾਲੀ ਆਦਿ), ਕਹਾਣੀਕਾਰ (ਸਰੂਪ ਸਿਆਲਵੀ, ਐਸ. ਤਰਸੇਮ, ਗੁਰਮੀਤ ਕੜਿਆਲਵੀ, ਭਗਵੰਤ ਰਸੂਲਪੁਰੀ ਆਦਿ) ਜ਼ਿਕਰਯੋਗ ਹਨ।

ਪੰਜਾਬੀ ਵਾਰਤਕ ਸਾਹਿਤ, ਪੰਜਾਬੀ ਸਾਹਿਤ ਦਾ ਮਹੱਤਵਪੂਰਨ ਅੰਗ ਹੈ ਜੋ ਕਿ ਜਨਮ-ਸਾਖੀਆਂ, ਪਰਚੀਆਂ ਆਦਿ ਤੋਂ ਲੈ ਕੇ ਆਧੁਨਿਕ ਦੌਰ ਵਿਚ ਨਿਬੰਧ, ਜੀਵਨੀ, ਸਵੈ-ਜੀਵਨੀ,

ਸਫ਼ਰਨਾਮੇ, ਰੇਖਾ-ਚਿਤਰ. ਯਾਦਾਂ ਆਦਿ ਦੇ ਰੂਪ ਵਿਚ ਪ੍ਰਫੁਲਿੱਤ ਹੋਇਆ ਹੈ। ਇਸ ਸੰਬੰਧ ਵਿਚ ਪੰਜਾਬੀ ਦਲਿਤ ਲੇਖਕਾਂ ਦੁਆਰਾ ਲਿਖੀਆਂ ਸਵੈ-ਜੀਵਨੀਆਂ ਗਿਣਤੀ ਪੱਖੋਂ ਭਾਵੇਂ ਬਹੁਤ ਘੱਟ ਹਨ ਪਰ ਇਨ੍ਹਾਂ ਵਿਚ ਦਲਿਤ ਜੀਵਨ-ਅਨੁਭਵ, ਦਲਿਤ-ਸੰਘਰਸ਼, ਦਲਿਤ ਚੇਤਨਾ ਦੀਆਂ ਪਰਤਾਂ ਬਹੁਤ ਹੀ ਸੰਘਣੇ ਅਤੇ ਸਾਰਥਕ ਰੂਪ ਵਿਚ ਪੇਸ਼ ਹੋਈਆਂ ਹਨ। 'ਦਾਸਤਾਨ' ਤੋਂ ਇਲਾਵਾ ਪੰਜਾਬੀ ਦੀਆਂ ਪ੍ਰਮੁੱਖ ਦਲਿਤ ਸਵੈ-ਜੀਵਨੀਆਂ ਅਤਰਜੀਤ ਦੀ 'ਅੱਕ ਦਾ ਦੁੱਧ', ਬਲਬੀਰ ਮਾਧੋਪੁਰੀ ਦੀ 'ਛਾਂਗਿਆ ਰੁੱਖ', ਡਾ. ਮੀਤ ਖਟੜਾ ਦੀ 'ਤਿਣਕਾ ਤਿਣਕਾ ਆਲ੍ਹਣਾ' ਅਤੇ ਗੁਰਨਾਮ ਅਕੀਦਾ ਦੀ 'ਕੱਖ ਕੰਡੇ' ਹਨ। ਮੌਲਿਕ ਪੰਜਾਬੀ ਰਚਨਾਵਾ ਤੋਂ ਬਿਨਾਂ ਹੋਰਨਾਂ ਭਾਸ਼ਾਵਾਂ ਦੀਆਂ ਕਈ ਪ੍ਰਸਿੱਧ ਦਲਿਤ ਸਵੈ-ਜੀਵਨੀਆਂ ਪੰਜਾਬੀ ਵਿਚ ਅਨੁਵਾਦ ਵੀ ਹੋਈਆਂ ਹਨ ਜਿਵੇਂ 'ਅੱਕਰਮਾਸ਼ੀ' (ਸ਼ਰਨ ਕੁਮਾਰ ਲਿੰਬਾਲੇ), 'ਜਿਊਣ ਅਸਾਡੀ' ( ਏ. ਬੀ. ਕਾਂਬਲੇ) ਅਤੇ 'ਜੂਠਨ' (ਓਮ ਪ੍ਰਕਾਸ਼ ਵਾਲਮੀਕੀ) ਉਪਰੋਕਤ ਸਵੈ-ਜੀਵਨੀਆਂ ਬਾਰੇ ਡਾ. ਬਲਦੇਵ ਸਿੰਘ ਛਾਜਲੀ ਲਿਖਦੇ ਹਨ: "ਪੰਜਾਬੀ ਸਾਹਿਤ ਵਿਚ ਲਿਖੀਆਂ ਸਵੈ-ਜੀਵਨੀਆਂ ਨੇ ਸਮੁੱਚੇ ਸਮਾਜ ਵਿਚ ਪ੍ਰਚਲਿਤ ਜਾਤ ਆਧਾਰਿਤ ਵਿਤਕਰੇ ਨੂੰ ਲੋਕਾਂ ਸਾਹਮਣੇ ਰੱਖ ਕੇ ਸਮਾਜਕ ਸਮਾਨਤਾ ਦਾ ਹੋਕਾ ਦੇਣ ਵਾਲੀ ਧਰਤੀ ਉੱਤੇ ਸਮਾਜ ਵੱਲੋਂ ਕੀਤੇ ਜਾਂਦੇ ਅਜਿਹੇ ਵਤੀਰੇ ਕਰਕੇ ਸਮਾਜ ਨੂੰ ਫਿਟਕਾਰਾਂ ਪਾਈਆਂ ਹਨ। ਇਹ ਪੜ੍ਹ ਸੁਣ ਕੇ ਸਮੁੱਚਾ ਸਮਾਜ ਸ਼ਰਮਸਾਰ ਹੋਇਆ ਹੈ।"[2]

ਪੰਜਾਬੀ ਦੇ ਜੁਝਾਰਵਾਦੀ ਕਵੀ ਲਾਲ ਸਿੰਘ ਦਿਲ ਦੀ ਸਵੈ-ਜੀਵਨੀ 'ਦਾਸਤਾਨ' ਕੇਵਲ ਦਿਲ ਦੇ ਨਿੱਜੀ ਜੀਵਨ ਦੀ ਪੇਸ਼ਕਾਰੀ ਹੀ ਨਹੀਂ ਕਰਦੀ ਸਗੋਂ ਉਹ ਦਲਿਤ ਸਮਾਜ ਦੇ ਜੀਵਨ ਦੇ ਉਸ ਸੱਚ ਦੀ ਪੇਸ਼ਕਾਰੀ ਵੀ ਕਰਦੀ ਜਾਂਦੀ ਹੈ ਜੋ ਸਮੂਹ ਦਲਿਤ ਸਮਾਜ ਦਾ ਸਾਂਝਾ ਸੱਚ ਹੈ। ਇਸ ਸਵੈ-ਜੀਵਨੀ ਦੇ ਸਮਾਜਕ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਲਈ ਸਾਨੂੰ ਇਸ ਸਵੈ-ਜੀਵਨੀ ਦੇ ਕੇਂਦਰ ਲਾਲ ਸਿੰਘ ਦਿਲ ਦੀ ਮਨੁੱਖ ਹੋਣ ਦੇ ਨਾਤੇ ਸਮਾਜਕ ਸਥਿਤੀ ਸਮਝਣੀ ਪਵੇਗੀ। ਇਸ ਲਈ, ਉਸ ਦੀ ਸਮਾਜਕ ਸਥਿਤੀ ਦੇ ਕਾਰਣ, ਉਸਦੇ ਸਮਕਾਲ ਵਿਚ ਪੈਦਾ ਹੋਈਆਂ ਖਾਸ ਸਥਿਤੀਆਂ ਅਤੇ ਆਪਣੇ ਜੀਵਨ ਦੌਰਾਨ ਇਨ੍ਹਾਂ ਸਮਾਜਕ ਸਥਿਤੀਆਂ ਨੂੰ ਲਾਲ ਸਿੰਘ ਦਿਲ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਲੈ ਕੇ ਰੂਬਰੂ ਹੁੰਦਾ ਹੈ ਆਦਿ ਵਰਤਾਰੇ ਨੂੰ ਘੋਖਣਾ ਪਵੇਗਾ।

'ਦਾਸਤਾਨ' ਵਿਚ ਪੇਸ਼ ਲਾਲ ਸਿੰਘ ਦਿਲ ਦੇ ਜੀਵਨ ਨੂੰ ਤਿੰਨ ਪੜਾਵਾਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ, ਬਚਪਨ, ਜਵਾਨੀ ਅਤੇ ਯੂ.ਪੀ. ਤੋਂ ਵਾਪਸੀ। ਇਹਨਾਂ ਤਿੰਨੋਂ ਹੀ ਪੜਾਵਾਂ ਵਿਚ ਉਹ ਸਮਾਜਕ ਸਥਿਤੀਆਂ ਦੇ ਰੂਬਰੂ ਹੁੰਦਿਆਂ, ਹਰ ਓਸ ਵਿਤਕਰੇ ਨੂੰ ਝੱਲਦਾ ਹੈ ਜੋ ਹਰ ਦਲਿਤ ਦੇ ਹਿੱਸੇ ਥੋੜੇ ਜਾਂ ਬਹੁਤੇ ਰੂਪ ਵਿਚ ਆਉਂਦਾ ਹੈ। ਕਿਸੇ ਮਨੁੱਖ ਦੀ ਬਾਲ ਅਵਸਥਾ ਦੇ ਅਨੁਭਵ ਸਾਰੀ ਉਮਰ ਉਸਦੀ ਸ਼ਖ਼ਸ਼ੀਅਤ ਅਤੇ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਲਾਲ ਸਿੰਘ ਦਿਲ ਦੇ ਬਚਪਨ ਦੇ ਜੋ ਅਨੁਭਵ ਇਸ ਸਵੈ-ਜੀਵਨੀ ਵਿਚ ਆਏ ਹਨ ਉਨ੍ਹਾਂ ਵਿਚ ਜਿੱਥੇ ਇਕ ਪਾਸੇ ਲਾਲ ਸਿੰਘ ਦਿਲ ਦੀ ਸ਼ਖ਼ਸ਼ੀਅਤ ਉਸਾਰੀ ਦੇ ਕਾਰਕਾਂ ਦਾ ਪਤਾ ਲੱਗਦਾ ਹੈ ਉਥੇ ਨਾਲ ਹੀ ਸਾਡੇ ਸਮਾਜ ਦਾ ਬਹੁਤ ਸਾਰਾ ਕੋਹਜ ਵੀ ਕਲਮਬੱਧ ਹੁੰਦਾ ਜਾਂਦਾ ਹੈ। ਉਹ ਆਪਣੀ 'ਦਾਸਤਾਨ' ਦਾ ਆਰੰਭ ਹੀ ਵਿਤਕਰੇ ਦੀ ਇਕ ਘਟਨਾ ਨਾਲ ਕਰਦਾ ਹੈ, ਉਹ ਲਿਖਦਾ ਹੈ :

"ਮਿਸਾਲ ਦੇ ਤੌਰ 'ਤੇ ਬ੍ਰਹਾਮਣ ਦੀ ਰੀਸ ਨਾਲ, ਜਿਹੜਾ ਟੈਗੋਰ ਦੀ ਸ਼ਕਲ ਦਾ ਸੀ,

ਜੱਟਾਂ ਦੇ ਔਲੂ ਵਿਚ ਜਾ ਵੜਿਆ ਸਾਂ। ਉਦੋਂ ਮੈਂ ਦੂਜੀ ਤੀਜੀ 'ਚ ਪੜ੍ਹਦਾ ਸੀ। ਮੈਲਾ ਕੱਛਾ ਅਤੇ ਕੁੜਤਾ ਪਹਿਨਿਆ ਹੁੰਦਾ ਸੀ। ਮੈ ਜਦੋਂ ਪਾੜਸੇ ਹੇਠ ਸਿਰ ਕਰੀ ਬੈਠਾ ਸਾਂ ਕਿ ਜੱਟਾਂ ਦੇ ਮੁੰਡੇ ਨੇ ਮੇਰੇ ਤਿੰਨ ਪਰਾਣੀਆਂ ਜੜ ਦਿੱਤੀਆਂ ਅਤੇ ਬਾਹੋਂ ਫੜ ਕੇ ਔਲੂ ਤੋਂ ਬਾਹਰ ਖਿੱਚ ਲਿਆ। ਇਹ ਔਲੂ ਗੋਡੇ ਜਿੰਨਾ ਉੱਚਾ ਸੀ। ਉਲਟਾ ਮੇਰੀ ਮਾਂ ਨੇ ਇਸਦੀ ਮਾਂ ਕੋਲੋਂ ਮਾਫੀ ਮੰਗੀ ਮੈਨੂੰ ਅੱਗਿਓਂ ਅਜਿਹਾ ਕਲੇਸ਼ ਨਾ ਸਹੇੜਣ ਲਈ ਕਿਹਾ।"[3]

ਆਪਣੇ ਸਕੂਲ ਦੇ ਮਾਹੌਲ ਦਾ ਵੀ ਉਸਨੇ ਉਹ ਪੱਖ ਸਾਹਮਣੇ ਲਿਆਂਦਾ ਹੈ ਜੋ ਦਰੋਣਾਚਾਰੀਆ ਦੁਆਰਾ ਏਕਲਵਿਆ ਨਾਲ ਕੀਤੇ ਵਿਵਹਾਰ ਦੀ ਯਾਦ ਦਿਲਾਉਂਦਾ ਹੈ :

"ਸਕੂਲ ਵਿਚ ਕੋਈ ਅਜਿਹਾ ਮਾਹੌਲ ਨਹੀਂ ਸੀ ਜੋ ਮੇਰੇ ਲਈ ਹੁੰਦਾ। ਉਥੇ ਖੇਡਾਂ, ਸਾਹਿਤਕ ਇਕੱਠਾਂ ਆਦਿ ਵਿਚ ਜਰੂਰੀ ਤੌਰ 'ਤੇ ਦੂਰ ਰੱਖਿਆ ਜਾਂਦਾ। ਕੁੱਝ ਇਕ ਅਧਿਆਪਕ ਅਜਿਹੇ ਸਨ, ਜਿਹੜੇ ਬਰਾਬਰ ਦਾ ਸਲੂਕ ਕਰਦੇ ਸਨ, ਨਹੀਂ ਤਾਂ ਆਪਣੀ ਜਾਤ ਪ੍ਰਤੀ ਘਟੀਆਪਣ ਦੇ ਅਹਿਸਾਸ ਵਿਚ ਹੀ ਫਸੇ ਰਹਿਣੇ ਲਈ ਸਕੂਲ ਦਾ ਕੋਈ ਮਤਲਬ ਸੀ।"[4]

ਇਸ ਤਰ੍ਹਾਂ ਦੇ ਮਾਹੌਲ ਵਿਚ ਛੋਟੀਆਂ ਜਮਾਤਾਂ ਵਿਚ ਟਰੇਸ ਕਰਕੇ ਬਣਾਈ ਗੁਰੂ ਰਵਿਦਾਸ ਦੀ ਤਸਵੀਰ ਕਰਕੇ ਮਜਾਕ ਦਾ ਪਾਤਰ ਬਨਣਾ, ਬੱਚਿਆਂ ਦੁਆਰਾ ਖੇਡੇ ਡਰਾਮੇ ਵਿਚ ਨਾ ਲਿਆ ਜਾਣਾ, ਬ੍ਰਾਹਮਣ ਲੜਕੇ ਦੁਆਰਾ ਸਿਰਫ ਏਸ ਲਈ ਹਾਕੀ ਮਾਰਨੀ ਕਿ ਲੇਖਕ ਉਨ੍ਹਾਂ ਨੂੰ ਖੇਡਦਿਆਂ ਦੇਖ ਰਿਹਾ ਸੀ ਆਦਿ ਅਜਿਹੀਆਂ ਘਟਨਾਵਾਂ ਹਨ ਜੋ ਲਾਲ ਸਿੰਘ ਦਿਲ ਦਾ ਬਚਪਨ ਸਾਧਾਰਣ ਨਹੀਂ ਰਹਿਣ ਦਿੰਦੀਆਂ ਸਗੋਂ ਵਿਤਕਰੇ ਦੀ ਪੀੜਾ ਨਾਲ ਭਰਕੇ ਉਸ ਨੂੰ ਮਨੁੱਖ ਤੋਂ ਹੇਠਲੇ ਦਰਜ਼ੇ ਦੀ ਕੋਈ ਸ਼ੈਅ ਹੋਣ ਦਾ ਅਹਿਸਾਸ ਕਰਵਾਉਂਦੀਆਂ ਹਨ। ਇਹ ਸਭ ਕੁੱਝ ਸਿਰਫ ਲੇਖਕ ਨਾਲ ਹੀ ਨਹੀਂ ਬੀਤਦਾ ਸਗੋਂ ਸਾਡੇ ਸਮਾਜ 'ਚ ਰਹਿੰਦੇ ਬੇਸ਼ੁਮਾਰ ਦਲਿਤ ਬੱਚਿਆਂ ਨੂੰ ਅਜਿਹਾ ਕੁੱਝ ਭੋਗਣਾ ਪੈਂਦਾ ਹੈ। ਆਪਣੇ ਬਚਪਨ ਦੇ ਵੇਰਵਿਆਂ ਦੇ ਨਾਲ ਨਾਲ ਲਾਲ ਸਿੰਘ ਦਿਲ ਆਪਣੀ ਦਾਦੀ ਉਸਦੇ ਪਰਿਵਾਰ, ਤਾਏ, ਚਾਚੇ, ਭੂਆ, ਫੁੱਫੜ, ਮਾਮੇ, ਮਾਮੀਆਂ, ਮਾਸੀ, ਮਾਸੜ ਆਦਿ ਦਾ ਜ਼ਿਕਰ ਵੀ ਵਾਰ ਵਾਰ ਕਰਦਾ ਹੈ। ਇਹ ਜ਼ਿਕਰ ਛੇੜਦਿਆਂ ਉਹ ਇਨ੍ਹਾਂ ਦੇ ਘਰਾਂ ਦੇ ਹਾਲਾਤ, ਕੰਮ ਧੰਦੇ, ਦੁੱਖ, ਸੁਭਾਅ, ਮਜਬੂਰੀਆਂ ਆਦਿ ਬਾਰੇ ਚਰਚਾ ਕਰਦਾ ਹੈ ਜਿਸ ਕਰਕੇ ਸਮੁੱਚੇ ਦਲਿਤ ਸਮਾਜ ਦੇ ਹਾਲਾਤਾਂ ਦੀ ਤਸਵੀਰ ਵੀ ਇਸ ਸਵੈ-ਜੀਵਨੀ ਵਿਚ ਪੇਸ਼ ਹੁੰਦੀ ਹੈ। ਜਿਵੇਂ:

"ਮੇਰੀ ਦਾਦੀ ਮੇਰੇ ਨਾਲ ਆਪਣਾ ਬੀਤਿਆ ਦੁੱਖ ਸਾਂਝਾ ਕਰਿਆ ਕਰਦੀ ਸੀ। ਉਹ ਜੁਆਨੀ ਵਿਚ ਹੀ ਰੰਡੀ ਹੋ ਗਈ ਸੀ। ਤਿੰਨ ਬੱਚੇ ਸਨ। ਛੋਟੇ ਲੜਕੇ ਦੀ ਗੱਡੇ ਤੋਂ ਡਿੱਗ ਕੇ ਹਸਪਤਾਲ 'ਚ ਪਲਮ ਦੌੜ ਜਾਣ ਨਾਲ ਹੋਈ ਮੌਤ ਦੀ ਖ਼ਬਰ ਸੁਣ ਕੇ ਮੇਰਾ ਦਾਦਾ (ਉਸਦਾ ਪਿਉ) ਕੋਠੇ 'ਤੇ ਪਿਆ-ਪਿਆ ਹੀ ਫ਼ੌਤ ਹੋ ਗਿਆ ਅਤੇ ਇੱਕ ਦਾਦੀ ਅਤੇ ਭੂਆ, ਜੋ ਅੰਨੀ ਸੀ ਅਤੇ ਦੂਰ ਇੱਕ ਪਿੰਡ ਵਿਚ ਵਿਆਹੀ ਹੋਈ ਸੀ। ਉਹ ਇਨ੍ਹਾਂ ਮੌਤਾਂ ਦੇ ਦੁੱਖ ਕਾਰਨ ਆਪਣੇ ਪੇਟ ਵਿਚ ਮੁੱਕੇ ਮਾਰ ਮਾਰ ਕੇ ਜਿਗਰ ਜ਼ਖ਼ਮੀ ਕਰ ਬੈਠੀ ਸੀ ਅਤੇ ਬਾਅਦ ਵਿਚ ਛੇਤੀ ਹੀ ਉਸਦੀ ਮੌਤ ਹੋ ਗਈ ਸੀ। ਦਾਦੀ ਦੱਸਿਆ ਕਰਦੀ ਸੀ ਕਿ ਮੇਰਾ ਪਿਉ ਛੋਟੇ ਹੁੰਦਿਆ ਰੋਟੀ 'ਤੇ ਹੀ ਜ਼ਿਮੀਦਾਰਾਂ ਦੇ ਡੰਗਰ ਚਾਰਿਆ ਕਰਦਾ ਸੀ। ਉਹ ਆਟਾ ਪੀਹ ਕੇ, ਜਦਕਿ ਇੱਕ ਪੈਸਾ ਦਿਹਾੜੀ ਪਿਸਾਈ ਦੀ ਮਜ਼ਦੂਰੀ ਹੁੰਦੀ ਸੀ, ਗੁਜ਼ਾਰਾ ਕਰਿਆ ਕਰਦੀ ਸੀ।"[5]

ਉਪਰੋਕਤ ਵੇਰਵਿਆਂ ਤੋਂ ਇਸ ਸਵੈ-ਜੀਵਨੀ ਅੰਦਰ ਦਲਿਤਾਂ ਦੇ ਸਮਾਜਕ ਹਾਲਾਤਾਂ ਨੂੰ ਦੇਖਦਿਆਂ ਲੱਗਦਾ ਹੈ ਕਿ ਅਜਿਹੇ ਹਾਲਾਤਾਂ ਵਿਚ ਸਦੀਆਂ ਤੋਂ ਰਹਿਣਾ ਅਤੇ ਜ਼ਿੰਦਗੀ

ਬਸਰ ਕਰਨਾ ਕਿਸੇ ਵੀ ਮਨੁੱਖ ਲਈ ਸੰਭਵ ਨਹੀਂ ਹੈ। ਪਰ ਬ੍ਰਾਹਮਣਵਾਦ ਦੇ ਸਰਾਪੇ ਇਸ ਸਮਾਜ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੈ। ਕੁਕਨੂਸ ਦੀ ਤਰ੍ਹਾਂ ਆਪਣੀ ਰਾਖ਼ ਵਿਚੋਂ ਆਪੇ ਪੈਦਾ ਹੋਣ ਦੇ ਯਤਨ ਇਸ ਸਮਾਜ ਅੰਦਰ ਪੈਦਾ ਹੋਈ ਚੇਤਨਾ ਅਤੇ ਸੰਘਰਸ਼ਸ਼ੀਲ ਲਹਿਰਾਂ ਦੇ ਰੂਪ ਵਿਚ ਦੇਖੇ ਜਾ ਸਕਦੇ ਹਨ। ਲਹਿਰਾਂ ਤਾਂ ਆਪਣਾ ਕੰਮ ਕਰਦੀਆਂ ਹੀ ਰਹੀਆਂ ਹਨ ਉਨ੍ਹਾਂ ਨੇ ਆਪਣੇ ਪ੍ਰਭਾਵ ਵੀ ਛੱਡੇ ਹਨ ਜਿੰਨ੍ਹਾਂ ਕਰਕੇ ਦਲਿਤ ਸਮਾਜ ਦੇ ਹਾਲਾਤਾਂ ਵਿਚ ਸੁਧਾਰ ਵੀ ਆਇਆ ਹੈ। ਪਰ ਅੱਜ ਵੀ ਸਾਡੇ ਸਮਾਜ ਵਿਚ ਬਹੁਤ ਸਾਰੇ ਲਾਲ ਸਿੰਘ ਦਿਲ ਇਸ ਸਮਾਜਕ ਸਰਾਪ ਤੋਂ ਖ਼ਲਾਸੀ ਲਈ ਜੂਝਦੇ-ਜੂਝਦੇ ਰੁਖ਼ਸਤ ਹੋ ਜਾਂਦੇ ਹਨ। ਅਸਲ ਵਿਚ ਇਸ ਸਵੈ-ਜੀਵਨੀ ਵਿਚੋਂ ਜੋ ਗੱਲ ਨਿੱਕਲ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਲਾਲ ਸਿੰਘ ਦਿਲ ਉਨ੍ਹਾਂ ਵਿੱਚੋਂ ਨਹੀਂ ਹੈ ਜੋ ਦਲਿਤ ਆਪਣੇ ਬਦਤਰ ਹਾਲਾਤਾਂ ਨੂੰ ਕਰਮਾਂ ਦਾ ਫ਼ਲ, ਹੋਣੀ, ਕਿਸਮਤ, ਭਾਗ ਮੰਨ ਕੇ ਜ਼ਿੰਦਗੀ ਨੂੰ ਸਜਾ ਵਾਂਗ ਭੋਗ ਕੇ ਬੀਤ ਜਾਂਦੇ ਹਨ। ਲਾਲ ਸਿੰਘ ਦਿਲ ਸਾਰੀ ਉਮਰ ਅਛੂਤ ਹੋਣ ਦੇ ਸਮਾਜਕ ਸਰਾਪ ਤੋਂ ਮੁਕਤੀ ਲਈ ਜੂਝਦਾ ਰਿਹਾ ਇਸ ਜੁਝਾਰੂਪੁਣੇ ਦੇ ਬੀਜ ਉਸਦੇ ਬਚਪਨ ਵਿਚ ਦੇਖੇ ਜਾ ਸਕਦੇ ਹਨ, ਸਾਹਿਤ ਪੜ੍ਹਨ ਅਤੇ ਕਵਿਤਾ ਲਿਖਣ ਦੀ ਰੁਚੀ ਵੀ ਉਸ ਅੰਦਰ ਬਚਪਨ ਤੋਂ ਹੀ ਸੀ । ਉਸ ਤੋਂ ਬਾਅਦ ਜਵਾਨੀ 'ਚ ਜਦ ਦਿਲ ਘਰ ਦੀ ਬੇਹਦ ਬੁਰੀ ਆਰਥਕ ਹਾਲਤ ਦੇ ਬਾਵਜੂਦ ਕਾਲਜ ਦਾਖਲਾ ਲੈਂਦਾ ਹੈ ਤਾਂ ਉਸਦੀ ਜ਼ਿੰਦਗੀ ਵਿਚ ਨਵਾਂ ਮੋੜ ਆਉਂਦਾ ਹੈ। ਨਵੇਂ ਦੋਸਤ ਮਿਲਦੇ ਹਨ, ਆਪਣੀ ਕਵਿਤਾ ਨੂੰ ਪ੍ਰਪੱਕ ਕਰਨ ਦਾ ਮਾਹੌਲ ਵੀ ਮਿਲਦਾ ਹੈ। ਪਰ ਕੁੱਝ ਸਮੇਂ ਬਾਅਦ ਹੀ ਉਸ ਨੂੰ ਸਮਝ ਆ ਜਾਂਦੀ ਹੈ ਕਿ ਕਾਲਜ ਵੀ ਸਮਾਜਕ ਵਿਵਸਥਾ ਤੋਂ ਬਾਹਰ ਦੀ ਕੋਈ ਸੰਸਥਾ ਨਹੀਂ, ਇੱਥੇ ਵੀ ਉਹੀ ਊਚ-ਨੀਚ ਵਾਲੀ ਬਿਮਾਰ ਮਾਨਸਿਕਤਾ ਵਾਲੇ ਲੋਕ ਹੀ ਹਨ। ਇੱਥੇ ਚੰਗੀ ਕਵਿਤਾ ਲਿਖਣ ਕਰਕੇ ਹੀ ਉਸਨੂੰ ਆਪਣੇ ਸਾਥੀਆਂ ਦੀ ਈਰਖਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਈਰਖਾ ਦਾ ਇੱਕ ਕਾਰਨ ਉਸਦਾ ਦਲਿਤ ਹੋਣਾ ਵੀ ਹੈ। ਇਸ ਸਭ ਤਰ੍ਹਾਂ ਦੇ ਮਾਹੌਲ ਦੇ ਬਾਵਜੂਦ ਉਹ ਅਜਿਹੀ ਕਵਿਤਾ ਲਿਖਦਾ ਹੈ ਜੋ ਦਲਿਤਾਂ ਦਾ ਦਰਦ ਅਤੇ ਭਾਰਤ ਦੇ ਮੂਲ ਵਾਸੀਆਂ ਦੇ ਇਤਿਹਾਸ ਨੂੰ ਕਾਵਿਕ ਰੂਪ ਦੇਣ ਦਾ ਉਹ ਮਹੱਤਵਪੂਰਨ ਕਾਰਜ ਕਰਦੀ ਹੈ ਜੋ ਅੱਜ ਤੋਂ ਪਹਿਲਾਂ ਪੰਜਾਬੀ ਕਵਿਤਾ ਵਿਚ ਨਦਾਰਦ ਸੀ। ਬਹਿਲੋਲਪੁਰ, ਬੇਸਿਕ ਟ੍ਰੇਨਿੰਗ ਸੈਂਟਰ ਵਿਖੇ ਉਸਨੇ ਬਹੁਤ ਸਾਰਾ ਮਾਰਕਸਵਾਦੀ ਸਾਹਿਤ ਪੜ੍ਹਿਆ । ਸ਼ਾਇਦ ਇਸ ਕਰਕੇ ਉਸਦਾ ਮਾਰਕਸਵਾਦ ਵੱਲ ਝੁਕਾਅ ਹੋਰ ਵੀ ਵਧ ਗਿਆ ਸੀ। ਅਸਲ ਵਿਚ ਲਾਲ ਸਿੰਘ ਦਿਲ ਅੰਦਰ ਸਮਾਜਕ ਸਰਾਪ ਤੋਂ ਮੁਕਤੀ ਦੀ ਜੋ ਇੱਛਾ ਹੈ ਉਸਨੂੰ ਪੂਰੀ ਕਰਨ ਲਈ ਉਹ ਮਾਰਕਸਵਾਦ ਦਾ ਰਾਹ ਚੁਣਦਾ ਹੈ। ਉਹਨਾਂ ਸਮਿਆਂ ਵਿਚ ਉਂਞ ਵੀ ਭਾਰਤ ਵਿਚ ਮਾਰਕਸਵਾਦੀ ਲਹਿਰ ਦਾ ਹੀ ਬੋਲਬਾਲਾ ਸੀ।

ਨਕਸਲਵਾੜੀ ਲਹਿਰ ਦੀ ਹਨੇਰੀ ਪੰਜਾਬ ਅੰਦਰ ਪਹੁੰਚਣ ਤੱਕ ਦਿਲ ਪੰਜਾਬੀ ਕਵਿਤਾ ਵਿਚ ਆਪਣੀ ਪਛਾਣ ਬਣਾ ਚੁੱਕਿਆ ਸੀ। ਉਹਨਾਂ ਦਿਨਾਂ 'ਚ ਲਾਲ ਸਿੰਘ ਦਿਲ ਮਜ਼ਦੂਰੀ ਕਰਿਆ ਕਰਦਾ ਸੀ। ਉਸਨੂੰ ਜਿਵੇਂ ਇਸ ਤਰ੍ਹਾਂ ਦੀ ਲਹਿਰ ਦੀ ਲੰਮੇ ਸਮੇਂ ਤੋਂ ਉਡੀਕ ਸੀ। ਉਹ ਲਿਖਦਾ ਹੈ:

"ਨਕਸਲਵਾੜੀ ਦੀ ਖ਼ਬਰ ਅੱਗ ਵਾਂਗ ਫੈਲ ਗਈ, ਮੈਂ ਉਦੋਂ ਮਜ਼ਦੂਰੀ ਕਰਦਾ ਸਾਂ। ਭਾਰ ਢੋਂਦੇ ਸਮੇਂ ਪੌੜੀਆਂ ਚੜ੍ਹਦੇ ਉਤਰਦੇ ਸਮੇਂ ਅਜੀਬ ਜਿਹੀ ਸ਼ਕਤੀ ਆਪਣੇ ਵਿਚ ਮਹਿਸੂਸ ਹੋ ਰਹੀ ਸੀ। ਜੋ ਕੁੱਝ ਮੈਂ ਵਿਅਤਨਾਮ ਜਾ ਕੇ ਨਹੀਂ ਸਾਂ ਕਰ ਸਕਿਆ, ਉਹ ਇਥੇ ਹੀ ਕਰ ਸਕਣ ਦਾ ਮੌਕਾ ਨੇੜੇ ਆ ਰਿਹਾ ਸੀ। ਜਦੋਂ ਇਕ ਛਾਂਟੀ ਵਿਚ ਕੱਡੇ ਗਏ ਪਟਵਾਰੀ ਦੀ ਦੁਕਾਨ 'ਤੇ ਨੌਕਰੀ

ਕਰਦਾ ਸਾਂ ਤਾਂ ਸੀ. ਪੀ. ਐਮ. ਦਾ ਕੁਲਵਕਤੀ ਅਕਸਰ ਮਿਲਣ ਲੱਗਿਆ।"[6]

ਇਹਨਾਂ ਮਿਲਣੀਆਂ ਤੋਂ ਹੀ ਲਾਲ ਸਿੰਘ ਦਿਲ ਦੀ ਦਾਸਤਾਨ ਇੱਕ ਨਵਾਂ ਅਤੇ ਖ਼ਤਰਨਾਕ ਮੋੜ ਲੈਂਦੀ ਹੈ। ਦਿਲ ਪੰਜਾਬੀ ਨਕਸਵਾੜੀਆਂ ਦੇ ਸੰਪਰਕ ਵਿਚ ਆ ਕੇ ਇਸ ਲਹਿਰ ਦਾ ਸਰਗਰਮ ਕਾਰਕੁਨ ਬਣ ਗਿਆ। ਇੱਕ ਮੀਟਿੰਗ ਵਿਚ ਕਿਸੇ ਥਾਣੇਦਾਰ ਤੋਂ ਨਕਸਲਵਾੜੀਆਂ ਉੱਪਰ ਕੀਤੇ ਤਸ਼ੱਦਦ ਦਾ ਬਦਲਾ ਲੈਣ ਦਾ ਫੈਸਲਾ ਕੀਤਾ ਗਿਆ ਅਤੇ ਤੇਰਾਂ ਜਾਣਿਆਂ ਨੂੰ ਇਹ ਕੰਮ ਸੌਂਪਿਆ ਗਿਆ ਉਹਨਾਂ ਵਿਚੋਂ ਲਾਲ ਸਿੰਘ ਦਿਲ ਵੀ ਇਕ ਸੀ। ਇਹ ਯੋਜਨਾ ਤਾਂ ਸਫਲ ਨਾ ਹੋਈ ਪਰ ਇਹਨਾਂ ਤੇਰਾਂ ਵਿਚੋਂ ਇੱਕ ਜਾਣਾ ਮਾਰਿਆ ਗਿਆ ਅਤੇ ਬਾਕੀਆਂ ਮਗਰ ਪੁਲਿਸ ਲੱਗ ਗਈ। ਕੁੱਝ ਸਮੇਂ ਬਾਅਦ ਦਿਲ ਫੜਿਆ ਗਿਆ। ਲੇਖਕ ਅੰਦਰ ਜੁਝਾਰੂਆਂ ਵਾਲੀ ਆਤਮਾ ਦਾ ਪਤਾ ਹੇਠ ਲਿਖੀਆਂ ਸਤਰਾਂ ਤੋ ਲੱਗਦਾ ਹੈ:

"..... ਪਿੱਠ ਵਿਚ ਇਕ ਮੋਟਾ ਹੌਲਦਾਰ ਪਿਸਤੌਲ ਦੀ ਨਾਲੀ ਚੁਭੋਣ ਲੱਗਾ। ਮੈਂ ਕਿਹਾ, ਕੀ ਗੱਲ ਚਲਾ ਨੀ ਹੁੰਦਾ ? ਚੁਭੋਂਦਾ ਕਾਹਤੋਂ ਹੈ ?.......ਕੇਸ ਬਣਾਉਣਗੇ ਤਾਂ ਮੈਂ ਕਿਹਾ, ' ਅਫ਼ੀਮ ਵਗੈਰਾ ਦਾ ਨਾ ਬਣਾਉਣ।"[7]

ਫੜੇ ਜਾਣ ਤੋਂ ਬਾਅਦ ਪੁਲਿਸ ਦਾ ਅਣਮਨੁੱਖੀ ਤਸ਼ੱਦਦ ਦਿਲ ਉੱਪਰ ਢਹਿੰਦਾ ਹੈ। ਸਵੈ-ਜੀਵਨੀ ਦੇ ਲਗਭਗ ਵੀਹ ਪੰਨੇ ਇਸੇ ਵਿਕਰਾਲ ਤਸ਼ੱਦਦ ਦੇ ਵੱਖ ਵੱਖ ਰੂਪਾਂ ਬਾਰੇ ਦੱਸਦੇ ਹਨ। ਇਹ ਉਦੋਂ ਹੋਰ ਵੀ ਖਤਰਨਾਕ ਰੂਪ ਲੈਂਦਾ ਹੈ ਜਦੋਂ ਪੁਲਿਸ ਵਾਲੇ ਆਪਣੀ ਜਾਤੀ ਹਉਮੈ ਨੂੰ ਸੰਤੁਸ਼ਟ ਕਰਨ ਲਈ ਤਸ਼ੱਦਦ ਕਰਨ ਦੇ ਨਾਲ ਨਾਲ ਦਿਲ ਨੂੰ ਉਸਦੀ ਜਾਤ ਦੇ ਨਾਮ ਤੋਂ ਵੀ ਬੁਲਾਉਂਦੇ ਹਨ:

"ਪਿੰਡ ਦਾ ਨਾਂ ਨੀ ਦਸਦਾ ਚਮਾਰ"[8]

"ਅੱਜ ਇੱਕ ਨਵੇਂ ਪੁਲਸੀਏ ਦੇ ਮੂਹੋਂ ਸੁਣਿਆ, ਜਦੋਂ ਉਹ ਡੰਡਾ ਮਾਰ ਕੇ ਬੋਲਿਆ, ਦੇਈਏ ਤੁਹਾਨੂੰ ਜ਼ਮੀਨਾਂ ਚਮਾਰੋ।"[9]

ਦਿਲ ਦੁਆਰਾ ਦਿੱਤੇ ਇਨ੍ਹਾਂ ਵੇਰਵਿਆਂ ਵਿਚੋਂ ਪੰਜਾਬ ਦੇ ਉਸ ਸਮੇਂ ਦੇ ਦਹਿਸ਼ਤੀ ਹਾਲਾਤਾਂ ਦੀ ਕਨਸੋਅ ਮਿਲਦੀ ਹੈ। ਸਮਾਜਕ ਬਰਾਬਰੀ ਦੀ ਗੱਲ ਕਰਨ ਵਾਲਿਆਂ ਨੂੰ ਜਿੱਥੇ ਇਕ ਪਾਸੇ ਸਰਕਾਰਾਂ ਹਰ ਹੀਲੇ ਦਬਾਅ ਰਹੀਆਂ ਸਨ ਉਥੇ ਹੀ ਜੇਕਰ ਕੋਈ ਦਲਿਤ ਇਸ ਲਹਿਰ ਦਾ ਹਿੱਸਾ ਬਣਦਾ ਸੀ ਤਾਂ ਉਸ ਨੂੰ ਸਰਕਾਰਾਂ ਦੇ ਨਾਲ ਨਾਲ ਉੱਚ ਜਾਤੀ ਦੇ ਪੁਲਿਸ ਵਾਲਿਆਂ ਤੋਂ ਅਲੱਗ ਹੀ ਕਿਸਮ ਦਾ ਤਸ਼ੱਦਦ ਝੱਲਣਾ ਪੈਂਦਾ ਸੀ ਜਿਸਦਾ ਅਨੁਭਵ ਇੱਕ ਦਲਿਤ ਨੂੰ ਹੀ ਹੋ ਸਕਦਾ ਸੀ। ਦਿਲ ਨੇ ਤਿੰਨ ਸਾਲ ਜੇਲ੍ਹ ਕੱਟੀ। ਜਦੋ ਜੇਲ੍ਹ ਤੋਂ ਵਾਪਸ ਆ ਜਾਣ ਤੱਕ ਨਕਸਲਵਾੜੀ ਲਹਿਰ ਪੰਜਾਬ 'ਚ ਦਬ ਚੁੱਕੀ ਸੀ ਪਰ ਪੁਲਿਸ ਨੇ ਉਸਦਾ ਪਿੱਛਾ ਨਾ ਛੱਡਿਆ ਤਾਂ ਉਹ ਉੱਤਰ ਪ੍ਰਦੇਸ਼ ਵੱਲ ਚਲਾ ਗਿਆ।

ਪੰਜਾਬ ਤੋਂ ਉੱਤਰ ਪ੍ਰਦੇਸ਼ ਜਾਣ ਦੀ ਉਸਦੀ ਦਾਸਤਾਨ ਬਹੁਤ ਦਿਲ ਹਿਲਾਉਣ ਵਾਲੀ ਹੈ, ਪੁਲਿਸ ਦੇ ਸ਼ਿਕਾਰ ਤੋਂ ਬਚਣ ਲਈ ਉਸਨੇ ਕਮਾਦਾਂ, ਹਨੇਰਿਆਂ, ਜੰਗਲਾਂ, ਰੇਲ ਪਟੜੀਆਂ ਆਦਿ ਉਪਰੋਂ ਉੱਤਰ ਪ੍ਰਦੇਸ਼ ਤੱਕ ਦਾ ਸਫ਼ਰ ਤੈਅ ਕੀਤਾ। ਏਨਾ ਤਸ਼ੱਦਦ ਸਹਿਣ ਕਰਕੇ, ਨਕਸਲਵਾੜੀ ਲਹਿਰ ਦੇ ਅਸਫਲ ਹੋ ਜਾਣ ਤੋਂ ਬਾਅਦ ਵੀ ਦਿਲ ਆਪਣਾ ਜੁਝਾਰੂਪੁਣਾ ਨਹੀਂ ਛੱਡਦਾ ਸਗੋਂ ਸਮਾਜਕ ਸਰਾਪ ਤੋਂ ਮੁਕਤੀ ਲਈ ਕਿਸੇ ਨਵੇਂ ਰਾਹ ਦੀ ਤਲਾਸ਼ 'ਚ ਤੁਰ ਪੈਂਦਾ ਹੈ। ਉੱਥੇ ਉਸਨੂੰ ਜਿਸ ਦੁਕਾਨ 'ਤੇ ਟਿਕਵਾਂ ਕੰਮ ਮਿਲਿਆ ਉਹ ਕਿਸੇ ਸਰੀਫ਼ ਨਾਮ ਦੇ ਮੁਸਲਮਾਨ ਦੀ ਸੀ। ਇਸ ਦੁਕਾਨ 'ਤੇ ਕੰਮ ਕਰਦਿਆਂ ਲਾਲ ਸਿੰਘ ਦਿਲ ਨੂੰ ਖੁਸ਼ੀ ਮਿਲਦੀ ਹੈ। ਉੱਥੇ ਉਸ

ਨੂੰ ਸਾਰੇ 'ਗਿਆਨੀ ਜੀ' ਆਖ ਕੇ ਬਲਾਉਂਦੇ ਸਨ। ਇਸ ਤੋਂ ਬਾਅਦ ਲਾਲ ਸਿੰਘ ਦਿਲ ਨੇ ਜਿਸ ਫਾਰਮ 'ਤੇ ਕੰਮ ਕੀਤਾ ਉਹ ਤਿੰਨ ਮੁਸਲਮਾਨ ਭਰਾਵਾਂ ਕੋਲ ਠੇਕੇ ਉੱਤੇ ਸੀ। ਉਹਨਾਂ ਤਿੰਨਾ ਦਾ ਸਲੂਕ ਵੀ ਦਿਲ ਪ੍ਰਤੀ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਤੋਂ ਰਹਿਤ ਸੀ। ਇਸ ਮੁਸਲਮਾਨੀ ਸਮਾਜ ਸੱਭਿਆਚਾਰ ਨੇ ਦਿਲ ਨੂੰ ਬਹੁਤ ਪ੍ਰਭਾਵਿਤ ਹੋਇਆ।

"ਇਨ੍ਹਾਂ ਦੇ ਆਪਸੀ ਸਲੂਕ ਤੋਂ ਪ੍ਰਭਾਵਿਤ ਸਾਂ ਅਤੇ ਚੱਕ ਵਾਲੇ ਪਿੰਡ ਵਾਲਿਆਂ ਦੇ ਸਲੂਕ ਤੋਂ ਵੀ । ਮੈਨੂੰ ਇਹ ਸੋਚਦੇ ਹੋਏ ਰਤਾ ਭਰ ਵੀ ਗ਼ਲਤੀ ਮਹਿਸੂਸ ਨਾ ਹੋਈ ਕਿ ਜਿਹੜਾਂ ਮੁਸਲਮਾਨ ਨਹੀਂ ਹੋ ਸਕਦਾ, ਉਹ ਕਮਿਊਨਿਸਟ ਕਿਵੇਂ ਹੋ ਸਕਦਾ ਹੈ ? ਯਾਨੀ ਕਿ ਮੈਂ ਆਪਣੇ ਖਿਆਲ ਮੁਤਾਬਕ ਇਸਲਾਮ ਨੂੰ ਕਮਿਊਨਿਸਟ ਕਲਚਰ ਦੇ ਸਭ ਤੋਂ ਨੇੜੇ ਮੰਨਿਆ ਹੈ।"[10]

ਦਿਨੋਂ ਦਿਨ ਇਹ ਪ੍ਰਭਾਵ ਵਧਦਾ ਹੀ ਗਿਆ ਅਤੇ ਇੱਕ ਦਿਨ ਦਿਲ ਦਿਲੋਂ ਕਲਮਾ ਪੜ੍ਹ ਕੇ ਮੁਸਲਮਾਨ ਹੋ ਗਿਆ। ਮੁਸਲਮਾਨ ਹੋ ਜਾਣ ਦੀ ਇਹ ਜਰੂਰਤ, ਸਮਾਜਕ ਸਰਾਪ ਤੋਂ ਮੁਕਤੀ ਦੀ ਉਸਦੀ ਅਚੇਤ ਇੱਛਾ ਚੋਂ ਨਿੱਕਲੀ ਹੈ। ਪਰ ਹਰ ਸੰਘਰਸ਼ਸ਼ੀਲ ਦਲਿਤ ਵਿਚ ਇੰਨੀ ਹਿੰਮਤ ਨਹੀਂ ਹੁੰਦੀ ਕਿ ਆਪਣਾ ਸਵੈ-ਮਾਨ ਪ੍ਰਾਪਤ ਕਰਨ ਲਈ ਉਹ ਧਰਮ ਪਰਿਵਰਤਨ ਵਰਗਾ ਕਦਮ ਵੀ ਚੁੱਕੇ ਜਾਂ ਫਿਰ ਕੋਈ ਮਾਰਕਸਵਾਦੀ ਜਾਂ ਨਕਸਲਵਾੜੀ ਕਿਸੇ ਧਰਮ ਨੂੰ ਅਪਣਾ ਲਵੇ। ਲਾਲ ਸਿੰਘ ਦਿਲ ਜਨਮ ਤੋਂ ਸਿੱਖ ਹੈ ਅਤੇ ਸੋਚ ਤੋਂ ਨਾਸਤਕ ਅਤੇ ਸਮਾਜਕ ਸਰਾਪ ਤੋਂ ਮੁਕਤੀ ਦੇ ਯਤਨ ਹਿਤ ਉਹ ਇਨ੍ਹਾਂ ਦੋਵੇਂ ਸੀਮਾਵਾਂ ਨੂੰ ਉਲੰਘਦਾ ਹੈ। ਸਿੱਖੀ ਵਾਲੀ ਸੀਮਾ ਤਾਂ ਉਹ ਉਦੋਂ ਹੀ ਉਲੰਘ ਜਾਂਦਾ ਹੈ ਜਦ ਦਿਲ ਦਾ ਚਾਚਾ ਉਸਨੂੰ ਮਾਨਸਿਕ ਰੋਗਾਂ ਦੇ ਡਾਕਟਰ ਕੋਲ ਲੈ ਕੇ ਜਾਂਦਾ ਹੈ ਤਾਂ ਦਿਲ, ਡਾਕਟਰ ਨੂੰ ਬੜੇ ਵਿਅੰਗ ਨਾਲ ਜਾਤ-ਪਾਤ 'ਚ ਘਿਰੀ ਸਿੱਖੀ ਤੋਂ ਮੁਨਕਰ ਹੋਣ ਦੀ ਗੱਲ ਆਖਦਾ ਹੈ:

' ਉਨ੍ਹਾਂ ਨੇ ਮੈਨੂੰ ਪੁੱਛਿਆ, "ਕੜਾ ਕਿਉਂ ਪਾਇਐ ?" ਮੈਂ ਕਿਹਾ ਮੈਂ ਸਿਗਰਟ ਵੀ ਪੀਦਾਂ ਹਾਂ। ਉਨ੍ਹਾਂ ਕਿਹਾ, ਨੀਲੀ ਪਗੜੀ ਕਿਉਂ ਬੰਨ੍ਹੀ ਹੈ ? ਮੈਂ ਕਿਹਾ, ਮੈਂ ਵਾਲ ਵੀ ਕਟਵਾਏ ਹੋਏ ਨੇ"[11]

ਇਸੇ ਤਰ੍ਹਾਂ ਮੁਸਲਮਾਨ ਹੋ ਜਾਣ ਤੋਂ ਪਹਿਲਾਂ ਵੀ ਉਸ ਦੇ ਮਨ ਚ' ਦਵੰਦ ਉੱਠਦਾ ਹੈ ਪਰ ਉਹ ਮਨ ਦੀ ਹੀ ਸੁਣਦਾ ਹੈ:

"ਮੈਂ ਸੋਚਿਆ ਕਿ ਜਿੰਨਾ ਚਿਰ ਕਮਿਊਨਿਸਟ ਕਲਚਰ ਹੋਂਦ ਵਿਚ ਨਹੀਂ ਆਉਂਦਾ, ਮੈਨੂੰ ਇਸਲਾਮ ਧਾਰਣ ਕਰ ਲੈਣਾ ਚਾਹੀਦਾ ਹੈ ਪਰ ਨਾਲ ਹੀ ਨਾਸਤਕ ਹੋਣ ਵਜੋਂ ਪਾਬੰਦ ਰਹਿਣਾ ਚਾਹੀਦਾ ਹੈ। ਇਹ ਅਜੀਬ ਖਿਆਲ ਸੀ ਕਿ ਮੁਸਲਮਾਨ ਵੀ ਹੋ ਜਾਵਾਂ ਤੇ ਅਤੇ ਨਾਸਤਕ ਵੀ ਰਹਾਂ।"[12]

ਯੂ.ਪੀ. 'ਚ ਰਹਿੰਦਿਆਂ ਦਿਲ ਨੇ ਸਿਰਫ ਧਰਮ ਹੀ ਬਦਲਿਆ ਸਗੋਂ ਸਾਹਿਤ ਰਚਣ ਦੀ ਭਾਸ਼ਾ ਵੀ ਬਦਲੀ। ਉਥੇ ਰਹਿੰਦਿਆ ਉਸਨੇ ਉਰਦੂ ਵਿਚ ਕਵਿਤਾ ਰਚੀ ਅਤੇ ਮੁਸ਼ਹਿਰਿਆਂ 'ਚ ਭਾਗ ਲੈ ਕੇ ਵਾਹ ਵਾਹ ਵੀ ਖੱਟੀ। ਪ੍ਰੇਮ ਪ੍ਰਕਾਸ਼ ਨੂੰ ਲਿਖੀ ਇੱਕ ਚਿੱਠੀ ਵਿਚ ਦਿਲ ਦੱਸਦਾ ਹੈ ਕਿ ਉਸਨੇ ਕਦੇ ਮਸੀਤ ਵਿਚ ਇਮਾਮ ਨਾਲ ਕੰਮ ਕੀਤਾ, ਕਦੇ ਕਾਰਖਾਨੇ ਦੀ ਚੌਕੀਦਾਰੀ ਕੀਤੀ, ਕਦੇ ਬਾਗਾਂ ਦਾ ਰਾਖਾ ਬਣਿਆ, ਕਦੇ ਕੱਪੜੇ ਜਾਂ ਗੋਸਤ ਦੀ ਫੇਰੀ ਲਗਾਈ, ਲੱਕੜਾਂ ਦੀ ਟਾਲ 'ਤੇ ਰਿਹਾ, ਕਬਾੜ ਖਰੀਦਿਆ, ਜ਼ਿਮੀਂਦਾਰ ਦਾ ਰਸੋਈਆ ਰਿਹਾ ਥਾਣੇਦਾਰ ਦਾ ਘਰੇਲੂ ਮੁਲਾਜ਼ਮ 'ਤੇ ਪੰਜਾਬੀ ਭਾਈਆਂ ਦੇ ਫਾਰਮਾਂ 'ਤੇ ਖੇਤੀ ਦਾ ਕੰਮ ਕੀਤਾ। ਮੁਸਲਮਾਨ ਹੋ ਜਾਣ ਤੋਂ ਬਾਅਦ ਦੀ ਉਸਦੇ ਮਨ ਦੀ ਹਾਲਤ ਦੇਖ ਕੇ ਲੱਗਦਾ ਹੈ ਕਿ ਨਿੱਜੀ ਪੱਧਰ ਤੱਕ ਉਹ ਜਾਤ-ਪਾਤ ਦੇ

ਸਮਾਜਕ ਸਰਾਪ ਤੋਂ ਮੁਕਤੀ ਪਾ ਲੈਂਦਾ ਹੈ। ਇਸ ਸਵੈ-ਜੀਵਨੀ ਦੇ ਅੰਤ ਵਿਚ ਪ੍ਰੇਮ ਪ੍ਰਕਾਸ਼ ਲਿਖਦਾ ਹੈ :

"ਜਦ ਲਾਲ ਸਿੰਘ ਦਿਲ ਇਸਲਾਮ ਕਬੂਲ ਕਰਕੇ ਪਹਿਲਾਂ ਵਲੀ ਮੁਹੰਮਦ ਬੁਸ਼ਰਾ, ਫੇਰ ਵਲੀ ਮੁਹੰਮਦ ਤੇ ਫੇਰ ਵਲੀ ਮੁਹੰਮਦ ਸਮਰਾਲਵੀ ਬਣਦਾ ਹੈ ਤੇ ਉਰਦੂ 'ਚ ਪਹਿਲਾਂ ਨਾਅਤਾਂ (ਕਵੀ ਰਸੂਲ ਦੀ ਤਾਰੀਫ਼ 'ਚ ਕਵਿਤਾ) ਤੇ ਫੇਰ ਗ਼ਜ਼ਲਾਂ ਲਿਖਦਾ ਏ ਤਾਂ ਉਹਦੀਆਂ ਚਿੱਠੀਆਂ ਤੋਂ ਪਤਾ ਲੱਗਦਾ ਹੈ ਕਿ ਹੁਣ ਉਹਦੇ ਜਲਦੇ ਦਿਲ-ਦਿਮਾਗ 'ਚ ਠੰਡ ਪੈ ਗਈ ਏ। ਉਹਨੂੰ ਬਹੁਤ ਵੱਡੀ ਸ਼ਕਤੀ ਦੀ ਪਨਾਹ ਮਿਲ ਗਈ ਹੈ। ਜਿੱਥੇ ਉਸ ਦਾ ਸਰੀਰ ਹੀ ਨਹੀਂ, ਇਨਸਾਨ ਹੋਣ ਲਈ ਸਾਰੇ ਬੁਨਿਆਦੀ ਅਧਿਕਾਰ ਸੁਰੱਖਿਅਤ ਹੋ ਗਏ ਨੇ।"[13]

ਅਸਲ ਵਿਚ ਦਿਲ ਨੂੰ ਕਿਸੇ ਵੱਡੀ ਸਕਤੀ ਦੀ ਪਨਾਹ ਨਹੀਂ ਮਿਲਦੀ, ਕਿਉਂ ਕਿ ਉਸਦੇ ਆਰਥਕ ਹਾਲਾਤਾਂ ਵਿਚ ਅਤੇ ਜੀਵਨ ਸੰਘਰਸ਼ ਵਿਚ ਕੋਈ ਕਮੀ ਨਹੀਂ ਆਉਂਦੀ। ਉਸਦੇ ਜਲਦੇ ਦਿਲ ਦਿਮਾਗ 'ਚ ਠੰਡ ਪੈਣ ਦਾ ਕਾਰਣ ਉਸ ਦੁਆਰਾ ਜਾਤ-ਪਾਤ ਦੇ ਸਮਾਜਕ ਸਰਾਪ ਤੋਂ ਮੁਕਤੀ ਪ੍ਰਾਪਤ ਕਰ ਲੈਣੀ ਹੈ ਜੋ ਕਿ ਉਸ ਨੂੰ ਇਸਲਾਮ ਗ੍ਰਹਿਣ ਕਰਨ ਨਾਲ ਮਹਿਸੂਸ ਹੁੰਦੀ ਹੈ। ਇਸ ਖ਼ਲਾਸੀ ਦਾ ਅਹਿਸਾਸ ਇਕ ਪਾਸੇ ਲੰਮੇ ਸਰੀਰਕ ਅਤੇ ਮਾਨਸਕ ਸੰਘਰਸ ਦਾ ਨਤੀਜਾ ਸੀ ਦੂਸਰੇ ਪਾਸੇ ਆਪਣੀ ਹੋਂਦ ਨੂੰ ਇਸ ਸਭ ਕੁੱਝ ਵਿਚੋਂ ਸਾਬਤ ਕੱਢ ਲਿਆਉਣ ਦੀ ਪ੍ਰਾਪਤੀ ਦਾ ਅਚੇਤ ਸਵੈ-ਮਾਨ। ਮੁਸਲਮਾਨ ਬਣਕੇ ਵੀ ਉਸਦੀ ਸਾਂਝ ਆਪਣੇ ਵਰਗੇ ਸਰਾਪਿਆਂ ਨਾਲ ਹੀ ਪੈਂਦੀ ਹੈ। ਡਾ. ਬਲਕਾਰ ਸਿੰਘ ਅਨੁਸਾਰ ਲਾਲ ਦੀ ਜੀਵਨੀ ਵਿਚੋਂ ਜਿਹੜੀ ਗੱਲ ਉੱਭਰ ਕੇ ਆਉਂਦੀ ਹੈ ਕਿ ਨਾ ਉਹ ਪਿਆਰ ਵਿਰੋਧੀ ਹੈ, ਨਾ ਔਰਤ ਸਾਥ ਵਿਰੋਧੀ ਹੈ, ਨਾ ਇਨਕਲਾਬ ਵਿਰੋਧੀ ਹੈ, ਉਸ ਦਾ ਵਿਰੋਧ ਹਰ ਉਸ ਪਛਾਣ, ਸਥਿਤੀ ਨਾਲ ਹੈ ਜੋ ਵਿਤਕਰੇ ਵਾਲੀ ਹੋਵੇ। ਜਿਸ ਵਿਚ ਬਰਾਬਰੀ ਨਾ ਹੋਵੇ। ਵਿਤਕਰੇ ਦੀਆਂ ਸੰਰਚਨਾਵਾਂ ਤੋਂ ਦੁਖੀ ਹੋਇਆ ਉਹ ਆਪਣੇ ਆਪ ਨੂੰ ਬੰਗਾਲੇ, ਛੱਜ ਘਾੜੇ, ਬੱਦੂ, ਕੰਨਾਂ ਦੀ ਮੈਲ਼ ਕੱਢਣ ਵਾਲੇ, ਗੱਧੀਲੇ, ਬਾਜ਼ੀਗਰਾਂ, ਗੱਡੀਆਂ ਵਾਲੇ, ਸੈਂਹਸੀ ਆਦਿ ਨਾਲ ਨਾਤਾ ਜੋੜਦਾ ਹੈ। ਨਿਥਾਵੇਂ, ਨਿਆਸੇ ਜਿਹਨਾਂ ਵਿਚ ਜਾਤ-ਪਾਤ, ਊਚ-ਨੀਚ ਨਹੀਂ ਉਸ ਨੂੰ ਮਨੁੱਖਤਾ ਦਾ ਅਹਿਸਾਸ ਕਰਵਾਉਂਦੇ ਹਨ।[14]

ਉੱਤਰ ਪ੍ਰਦੇਸ਼ ਤੋਂ ਵਾਪਸ ਸਮਰਾਲੇ ਆ ਕੇ ਉਸਨੇ ਆਪਣੀ ਮਾਂ ਨੂੰ ਵੀ ਕਲਮਾ ਪੜ੍ਹਾ ਕੇ ਮੁਸਲਮਾਨ ਕੀਤਾ। ਦਿਲ ਦੀ ਵਿਆਹ ਕਰਵਾਉਣ ਦੀ ਇੱਛਾ ਸੀ ਉਸਨੇ ਮਲੇਰਕੋਟਲੇ ਤੋਂ ਇਕ ਬੁਰਕਾ ਵੀ ਸਿਲਵਾਇਆ ਪਰ ਉਸਦਾ ਇਹ ਸੁਪਨਾ ਪੂਰਾ ਨਹੀਂ ਹੁੰਦਾ। ਇੱਕ ਦਿਨ ਯੂ. ਪੀ. ਨੂੰ ਸਦਾ ਲਈ ਛੱਡ ਕੇ ਉਹ ਸਮਰਾਲੇ ਆ ਜਾਂਦਾ ਹੈ। ਉਥੇ ਹੀ ਜਿੱਥੇ ਉਸਦਾ ਬਚਪਨ ਬੀਤਿਆ, ਜਵਾਨੀ ਮਉਲੀ ਅਤੇ ਫਿਰ ਪੁਲਿਸ ਦੇ ਤਸ਼ੱਦਦ ਨਾਲ ਮਿੱਧੀ ਗਈ। ਇੱਥੇ ਆ ਕੇ ਉਸਦਾ ਮੇਲ ਸਰੋਦ ਸੁਦੀਪ, ਹਮਦਰਦਵੀਰ ਨੌਸ਼ਹਿਰਵੀ, ਸੁਰਜੀਤ ਸ਼ਾਹੀ, ਪ੍ਰੇਮ ਪ੍ਰਕਾਸ਼, ਅਮਰਜੀਤ ਚੰਦਨ ਵਰਗੇ ਸ਼ਾਇਰਾਂ ਨਾਲ ਹੁੰਦਾ ਹੈ। ਉਹ ਪੰਜਾਬੀ ਕਵਿਤਾ ਲਿਖਣ ਦੇ ਆਹਰ ਵਿਚ ਜੁੜਦਾ ਹੈ। ਸਵੈ-ਜੀਵਨੀ ਦੇ ਰੂਪ ਵਿਚ 'ਦਾਸਤਾਨ' ਪੰਜਾਬੀ ਸਾਹਿਤ ਦੀ ਵਿਲੱਖਣ ਪ੍ਰਾਪਤੀ ਹੈ।

ਇਹ ਸਵੈ-ਜੀਵਨੀ ਦਾ ਪਾਠ ਸਿਰਲੇਖਾਂ ਅਧੀਨ ਅਧੀਆਇਆਂ ਵਿਚ ਨਹੀਂ ਵੰਡਿਆਂ ਹੋਇਆ, ਨਾ ਲਾਲ ਸਿੰਘ ਦਿਲ ਨੇ ਘਟਨਾਵਾਂ ਨਾਲ ਸੰਬੰਧਤ ਬਹੁਤੇ ਤੱਥ ਅਤੇ ਵਰ੍ਹੇ ਸਪੱਸ਼ਟ ਦੱਸੇ ਹਨ, ਘਟਨਾਵਾਂ, ਖਿਆਲਾਂ ਅਤੇ ਵਾਕਾਂ ਦੀ ਲੜੀ ਵੀ ਥਾਂ ਥਾਂ ਟੁੱਟਦੀ ਜਾਪਦੀ ਹੈ। ਪਰ ਇਸ ਸਵੈ-ਜੀਵਨੀ ਨੂੰ ਪੜ੍ਹਕੇ ਲਾਲ ਸਿੰਘ ਦਿਲ ਉੱਪਰ ਹੋਏ ਤਸ਼ੱਦਦ ਦੇ ਉਸਦੀ ਮਾਨਸਿਕਤਾ

ਉੱਪਰ ਹੋਏ ਅਸਰ, ਉਸਦੀ ਭਟਕਣ, ਉਸਦਾ ਸੰਘਰਸ਼, ਉਸਦੇ ਸੁਪਨੇ, ਉਸਦਾ ਹੌਸਲਾ, ਉਸਦੀ ਕਵਿਤਾ ਦੇ ਪਿਛੋਕੜ ਨੂੰ ਸਮਝਣ ਲਈ ਬਹੁਤ ਹੀ ਸਪੱਸ਼ਟ ਸਮੱਗਰੀ ਮਿਲਦੀ ਹੈ। ਸਮੁੱਚੇ ਰੂਪ ਵਿਚ ਇਹ ਸਮੱਗਰੀ ਸਮੁੱਚੇ ਦਲਿਤ ਸਮਾਜ ਦੇ ਦਰਦ ਨੂੰ ਪਛਾਨਣ ਲਈ ਅਹਿਮ ਦਸਤਾਵੇਜ ਹੈ। ਇਹ ਕੇਵਲ ਲਾਲ ਸਿੰਘ ਦਿਲ ਦੇ ਜੀਵਨ ਨੂੰ ਹੀ ਪੇਸ਼ ਨਹੀਂ ਕਰਦੀ ਸਗੋਂ ਭਾਰਤੀ ਸਮਾਜ ਅੰਦਰ ਦਲਿਤ ਵਿਅਕਤੀ ਹੋਣ ਦੇ ਨਾਤੇ, ਇਕ ਦਲਿਤ ਦੀ ਹਾਸ਼ੀਆਗਤ ਅਤੇ ਦਮਿਤ ਹੋਂਦ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਇੱਥੇ ਦਲਿਤ ਤੇ ਦਮਿਤ ਸਮਾਨਾਰਥੀ ਸ਼ਬਦ ਹੋ ਨਿਬੜਦੇ ਹਨ ਜਿਹੜੇ ਕਿ ਵਰਣ ਵਿਵਸਥਾ ਵਾਲੀ ਸਮਾਜਕ ਸੰਰਚਨਾ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ। ਸਿੱਖ, ਹਿੰਦੂ ਅਤੇ ਮੁਸਲਿਮ ਆਦਿ ਧਰਮ ਪਛਾਣਾਂ ਵੀ ਇਨ੍ਹਾਂ ਸਮਾਜਕ ਸਥਿਤੀਆਂ ਵੱਸ ਆਪਣੀ ਹੋਂਦ ਦੀ ਜ਼ਖ਼ਮੀ ਹਉਂ ਦਾ ਦ੍ਰਿਸ਼ ਸਾਕਾਰ ਕਰਦੀਆਂ ਹਨ। ਸਮਾਜਵਾਦ ਦੇ ਨਾਂ ਹੇਠ ਸਾਮਰਾਜਵਾਦ ਦਾ ਫੈਲਾਓ ਹੀ ਇਨ੍ਹਾਂ ਸਥਿਤੀਆਂ ਦੇ ਗੁੰਝਲਦਾਰ ਬਿਰਤਾਂਤ ਦੀ ਧਰਾਤਲ ਹੈ ਜੋ ਵਿਅਕਤੀ ਬਨਾਮ ਸਮਾਜ ਦੀ ਹਾਸੀਆਕ੍ਰਿਤ ਪਛਾਣ ਦਾ ਸੁਰਸੰਕੇਤ ਹੈ। ਪਰ ਜਿਸ ਤਰ੍ਹਾਂ ਲਾਲ ਸਿੰਘ ਦਿਲ ਨੂੰ ਪੰਜਾਬੀ ਸਾਹਿਤ ਜਗਤ ਵਿਚ ਅਣਗੌਲਿਆ ਗਿਆ ਹੈ ਉਸ ਤੋਂ ਲੱਗਦਾ ਹੈ ਕਿ 'ਦਾਸਤਾਨ' ਸਮਾਜਕ ਸਰਾਪ ਤੋਂ ਮੁਕਤੀ ਦੇ ਸੰਘਰਸ਼ ਦੀ ਇੱਕ ਅਣਗੌਲੀ ਪਰਤ ਬਣ ਕੇ ਰਹਿ ਗਈ ਹੈ। ਪਰ ਜਦ ਕਦੇ ਵੀ ਪੰਜਾਬੀ ਕਵਿਤਾ ਅਤੇ ਵਾਰਤਕ ਦੀਆਂ ਪ੍ਰਾਪਤੀਆਂ ਦੀ ਗੱਲ ਚੱਲੇਗੀ, ਲਾਲ ਸਿੰਘ ਦਿਲ ਅਤੇ ਉਸਦੀ 'ਦਾਸਤਾਨ' ਦੀ ਗੱਲ ਕੀਤੇ ਬਿਨਾਂ ਇਹਨਾਂ ਪ੍ਰਾਪਤੀਆਂ ਦੀ ਗੱਲ ਪੂਰੀ ਨਹੀਂ ਹੋਵੇਗੀ।

### ਹਵਾਲੇ


1. B. R. Amdedkar, Annihilation of Caste (Critical Quest, New Delhi), page-19
2. ਡਾ. ਬਲਦੇਵ ਸਿੰਘ ਛਾਜਲੀ, ਪੰਜਾਬੀ ਕਹਾਣੀ ਦਲਿਤ ਚੇਤਨਾ ਦੇ ਪਾਸਾਰ, ਪੰਨਾ 24
3. ਲਾਲ ਸਿੰਘ ਦਿਲ, ਦਾਸਤਾਨ, ਪੰਨਾ 15
4. ਓਹੀ, ਪੰਨਾ 28
5. ਓਹੀ, ਪੰਨਾ 16
6. ਓਹੀ, ਪੰਨਾ 88
7. ਓਹੀ, ਪੰਨਾ 99
8. ਓਹੀ, ਪੰਨਾ 101
9. ਓਹੀ, ਪੰਨਾ 115
10. ਓਹੀ, ਪੰਨਾ 131
11. ਓਹੀ, ਪੰਨਾ 75
12. ਓਹੀ, ਪੰਨਾ 131
13. ਓਹੀ, ਪੰਨਾ 171
14. ਸਰਬਜੀਤ ਸਿੰਘ (ਡਾ.) (ਸੰਪਾ.), ਦਲਿਤ ਦ੍ਰਿਸ਼ਟੀ, ਪੰਨਾ 168

ਕਹਾਣੀ:

# ਤੂੰ ਇੰਜ ਨਾ ਕਰੀਂ.......

**-ਨਿਰੰਜਣ ਬੋਹਾ**

ਸਵੇਰੇ ਮੇਰੇ ਸੁਹਰਿਆਂ ਵੱਲੋਂ ਪੰਚਾਇਤ ਆਉਣੀ ਹੈ, ਇਸ ਲਈ ਸਾਰੀ ਰਾਤ ਹੀ ਫਿਕਰਾਂ ਨਾਲ ਪਾਸੇ ਮਾਰਦਿਆਂ ਲੰਘੀ ਹੈ। ਆਪਣੇ ਵਿਆਹ ਤੋਂ ਦੋ ਦਿਨ ਬਾਦ ਹੀ ਸਹੁਰਾ ਘਰ ਛੱਡ ਕੇ ਪੇਕੇ ਆ ਜਾਣ 'ਤੇ ਪੰਚਾਇਤ ਤਾਂ ਪਹਿਲਾਂ ਵੀ ਇਕ ਵਾਰ ਜੁੜੀ ਸੀ ਪਰ 'ਕੁੜੀ ਦਾ ਚਿਤ ਠੀਕ ਨਹੀਂ ਅਜੇ... ਮੈਂ ਸਮਝਾਵਾਂਗੀ' ਉਸਨੂੰ ਕਹਿ ਮੰਮੀ ਨੇ ਮੈਨੂੰ ਪੰਚਾਇਤ ਦੇ ਸਵਾਲਾਂ ਦਾ ਸਾਹਮਣਾ ਕਰਨ ਤੋਂ ਬਚਾ ਲਿਆ ਸੀ। ਪਰ ਕਿਸੇ ਨਾ ਕਿਸੇ ਦਿਨ ਤਾਂ ਮੈਨੂੰ ਦੋਹਾਂ ਪਾਸਿਆਂ ਦੇ ਰਿਸ਼ਤੇਦਾਰਾਂ ਤੇ ਪੰਚਾਇਤ ਦੇ ਇਸ ਸੁਆਲ ਦਾ ਜਵਾਬ ਦੇਣਾ ਹੀ ਪਵੇਗਾ ਕਿ ਦੱਸ ਭਾਈ ਤੈਨੂੰ ਉਥੇ ਤਕਲੀਫ ਕੀ ਹੈ ? ਕੀ ਦਸਾਂਗੀ ਪੰਚਾਇਤ ਨੂੰ ? ਦੱਸਿਆਂ ਆਪਣਾ ਹੀ ਢਿੱਡ ਨੰਗਾ ਹੋਣਾ ਹੈ। ਨਾਲੇ ਜੇ ਮੈਂ ਆਪਣੇ ਮਨ ਦੀ ਗੱਲ ਕਿਸੇ ਤਰ੍ਹਾਂ ਦੱਸ ਵੀ ਦਿਆਂ ਤਾਂ ਫਿਰ ਪੰਚਾਇਤ ਕੋਲ ਕਿਹੜਾ ਇਸ ਸਮੱਸਿਆ ਦਾ ਹੱਲ ਹੈ। ਇਸ ਸਮੱਸਿਆ ਦਾ ਇਕੋ ਇੱਕ ਹੱਲ ਤਾਂ ਸਾਡਾ ਤਲਾਕ ਹੈ ... ਗੱਲ ਦੱਸਿਆਂ ਵੀ ਤਲਾਕ ਹੀ ਹੋਣਾ ਹੈ ਤਾਂ ਸੋਚਦੀ ਹਾਂ ਕਿ ਪੰਚਾਇਤ ਅੱਗੇ ਆਪਣਾ ਪਰਦਾ ਚੁੱਕੇ ਬਿਨਾਂ ਹੀ ਕਿਸੇ ਤਰ੍ਹਾਂ ਇਹ ਕਾਰਜ ਹੋ ਜਾਵੇ। ਮੇਰੀ ਮੰਮੀ ਤੇ ਮਾਮੇ ਖੁਸ਼ਹਾਲ ਨੇ ਮਿੰਨਤ ਤਰਲਾ ਕਰਕੇ ਪੰਚਾਇਤ ਤੋਂ ਇਕ ਹਫਤੇ ਦਾ ਸਮਾਂ ਲੈ ਲਿਆ ਸੀ। ਸਾਰੇ ਹੀ ਸਿਆਣੇ ਬੰਦਿਆਂ ਦੀ ਇਹੋ ਰਾਇ ਬਣੀ ਸੀ ਕਿ ਕੁਝ ਦਿਨ ਅਟਕ ਜਾ ?... ਬੱਚੀ ਹੈ, ਪਤਾ ਨਹੀਂ ਇਸ ਦੇ ਮਨ ਵਿਚ ਕਿਹੜਾ ਭੈਅ ਬੈਠ ਗਿਆ ਹੈ।

ਮੇਰੇ ਮਨ ਦੇ ਭੈਅ ਨੂੰ ਹੋਰ ਕੋਈ ਜਾਣੇ ਜਾਂ ਨਾ ਜਾਣੇ ਪਰ ਮੇਰੀ ਮੰਮੀ ਇਸ ਬਾਰੇ ਚੰਗੀ ਤਰ੍ਹਾ ਜਾਣਦੀ ਸੀ। ਜਾਣੇ ਵੀ ਕਿਵੇਂ ਨਾਂ।ਮੇਰੇ ਅੰਦਰ ਬੈਠੇ ਇਸ ਭੈਅ ਦਾ ਕਾਰਨ ਉਹ ਆਪ ਜੂ ਸੀ। ਮੇਰੇ ਅੰਦਰ ਕੀ ਚੱਲ ਰਿਹਾ ਹੈ, ਉਹ ਇਸ ਬਾਰੇ ਵੀ ਉਸਨੂੰ ਭਲੀ ਭਾਂਤ ਪਤਾ ਸੀ। ਜਦੋਂ ਮਾਮੇ ਨੇ ਮੇਰੇ ਰਿਸ਼ਤੇ ਦੀ ਗੱਲ ਚਲਾਈ ਤਾਂ ਮੈਂ ਮੰਮੀ ਨੂੰ ਸਾਫ ਕਹਿ ਦਿੱਤਾ ਸੀ ਕਿ ਮੈਂ ਸਾਰੀ ਉਮਰ ਵਿਆਹ ਨਹੀਂ ਕਰਾਉਣਾ ਪਰ ਮੰਮੀ 'ਸਮੇਂ ਨਾਲ ਸਭ ਕੁਝ ਠੀਕ ਹੋ ਜਾਵੇਗਾ' ਦੀ ਗੱਲ ਵਾਰ ਵਾਰ ਮੇਰੇ ਜ਼ਿਹਨ ਚ ਬਿਠਾਉਣ ਦੀ ਕੋਸ਼ਿਸ਼ ਕਰਦੀ ਰਹੀ ਸੀ। ਮੇਰੇ 'ਤੇ ਰਿਸ਼ਤਾ ਕਰਾਉਣ ਲਈ ਦਬਾਅ ਪਾਉਣ ਲਈ ਉਸ ਮਾਮੇ ਖੁਸ਼ਹਾਲ ਨੂੰ ਵੀ ਆਪਣੀ ਧਿਰ ਬਣਾ ਲਿਆ ਸੀ। ਹੁਣ ਮੈਂ ਮਾਮੇ ਨੂੰ ਕੀ ਆਖਦੀ ? ਮੈਂ ਤਾਂ ਕੀ, ਮੇਰਾ ਖਿਆਲ ਹੈ ਕਿ ਕੋਈ ਵੀ ਕੁੜੀ ਆਪਣੇ ਮਾਮੇ ਸਾਹਮਣੇ ਆਪਣੀ ਮਾਂ ਦਾ ਪਰਦਾ ਨਹੀਂ ਚੁੱਕ ਸਕਦੀ। ਮੈਂ ਤਾਂ ਆਪਣੇ ਬਾਰੇ ਇਹੀ ਸੋਚ ਰੱਖਿਆ ਸੀ ਕਿ ਜਦੋਂ ਵੀ ਧਰਮ ਸੇਵੀ ਭੈਣਾਂ ਨੇ ਹਾਂ ਕੀਤੀ ਮੈਂ ਉਹਨਾਂ ਦੇ ਆਸ਼ਰਮ ਵਿਚ ਪਨਾਹ ਹੈ ਲੈਣੀ ਹੈ। ਆਸ਼ਰਮ ਵਿਚ ਮੁਖੀ ਦਾ ਦਰਜ਼ਾ ਰੱਖਦੀ ਸ਼ੀਲਾ ਦੀਦੀ ਨੂੰ ਮੈਂ ਕਈ ਵਾਰ ਬੇਨਤੀ ਵੀ ਕੀਤੀ ਸੀ ਕਿ ਮੇਰਾ ਮਨ ਘਰ ਪਰਿਵਾਰ ਤੇ ਗ੍ਰਹਿਸਥ ਤੋਂ ਭਰ ਚੁੱਕਾ ਹੈ। ਪਰ ਸ਼ੀਲਾ ਦੀਦੀ ਹੱਸ ਕੇ ਟਾਲ ਛੱਡਦੀ।

ਮੰਮੀ ਅੰਦਰ ਮੈਨੂੰ ਸਮਝਾਉਣ ਦਾ ਹੌਸਲਾ ਨਹੀ ਸੀ, ਇਸ ਲਈ ਉਹ ਮੈਨੂੰ ਸਮਝਾਉਣ ਲਈ ਮਾਮੇ ਨੂੰ ਅੱਗੇ ਕਰ ਦੇਂਦੀ।ਉਹਨੂੰ ਪਤਾ ਸੀ ਕਿ ਮੈਂ ਮਾਮੇ ਖੁਸ਼ਹਾਲ ਦੀ ਗੱਲ ਘੱਟ ਹੀ

ਟਾਲਦੀ ਹਾਂ। ਮਾਮਾ ਮੇਰੇ ਜੀਵਨ ਵਿਚ ਆਉਣ ਵਾਲੀਆਂ ਮੁਸ਼ਕਲਾਂ ਦਾ ਹਵਾਲਾ ਦੇ ਕੇ ਮੇਰੇ ਨਾਲ ਬਥੇਰਾ ਮਗਜ਼ਪਚੀ ਕਰਦਾ ਤੇ ਆਨੇ ਬਹਾਨੇ ਇਹ ਵੀ ਪੁੱਛਦਾ ਕਿ ਕਿਤੇ ਮੇਰੀ ਨਜ਼ਰ ਕਿਸੇ ਹੋਰ ਮੁੰਡੇ 'ਤੇ ਤਾਂ ਨਹੀਂ ਹੈ। ਮੈਂ ਮਾਮੇ ਨੂੰ ਕੀ ਦੱਸਦੀ ਕਿ ਧੀਰਜ ਹੋਵੇ ਜਾਂ ਕੋਈ ਹੋਰ ਮੁੰਡਾ, ਮੇਰੀ ਤਾਂ ਕਿਸੇ ਵਿਚ ਵੀ ਕੋਈ ਦਿਲਚਸਪੀ ਨਹੀ ਹੈ।ਭੋਲੇ ਮਾਮੇ ਨੂੰ ਕਿਵੇਂ ਕਹਾਂ ਕਿ ਘਰ ਗ੍ਰਹਿਸਥ ਦੇ ਮੋਹ ਨੂੰ ਤਾਂ ਉਦੋਂ ਤੋਂ ਹੀ ਤਿਆਗ ਚੁੱਕੀ ਹਾਂ ਜਦੋਂ ਦੀ ਇਸ ਘਰ 'ਚੋਂ ਪਾਪਾ ਦੀ ਅਰਥੀ ਲੰਘੀ ਹੈ। ਹੋਰ ਕੋਈ ਜਾਣੇ ਜਾਂ ਨਾ ਜਾਣੇ ਪਰ ਮੈਂ ਤਾਂ ਜਾਣਦੀ ਹਾਂ ਕਿ ਪਾਪਾ ਮਰੇ ਨਹੀਂ ਸਗੋ, ਉਨ੍ਹਾਂ ਨੂੰ ਮੰਮੀ ਦੀ ਸੈਕਸ ਇੱਛਾਵਾਂ ਨੇ ਮਾਰਿਆ ਹੈ।ਮੇਰੇ ਕਲਾਸ ਦੀਆਂ ਕੁੜੀਆਂ ਹੋਰ ਮੁੰਡਿਆਂ ਨਾਲ ਆਪਣੇ ਪਿਆਰ ਤੇ ਸੈਕਸ ਸਬੰਧਾਂ ਦੀ ਗੱਲ ਕਰਦੀਆਂ ਪਰ ਮੇਰੇ ਵੱਲੋਂ ਹੁੰਗਾਰਾ ਨਾ ਭਰਨ ਤੇ ਉਹ ਆਪਸ ਵਿਚ ਹੱਸਦਿਆਂ ਕਹਿ ਦੇਂਦੀਆਂ 'ਇਹ ਤਾਂ ਠੰਡੀ ਕੁੜੀ ਹੈ।' ਜੀਵਨ ਵਿਚ ਵਾਪਰਣ ਵਾਲੇ ਅਣਹੋਣੀਆਂ ਨੇ ਮੈਨੂੰ ਸੱਚੀਂ ਮੁੱਚੀਂ ਠੰਡੀ ਹੀ ਤਾਂ ਕਰ ਦਿੱਤਾ ਸੀ। ਹੁਣ ਭਲਾ ਮਾਮੇ ਨੂੰ ਕਿਵੇਂ ਸਮਝਾਵਾਂ ਕਿ ਕੋਈ ਮੁੰਡਾ ਮੇਰੇ ਵਰਗੀ ਕਿਸੇ ਠੰਡੀ ਕੁੜੀ 'ਚੋਂ ਕੱਢੇਗਾ ਵੀ ਕੀ। ਮਾਮਾ ਵਾਰ ਵਾਰ ਮੈਥੋਂ ਇਹ ਸਵਾਲ ਵੀ ਪੁੱਛਦਾ ਕਿ ਕਮੀ ਕੀ ਹੈ ਮੁੰਡੇ ਵਿਚ।ਮਾਮੇ ਨੂੰ ਹੀ ਨਹੀ, ਮੇਰੇ ਹੋਰ ਰਿਸ਼ਤੇਦਾਰਾਂ ਨੂੰ ਵੀ ਸ਼ੱਕ ਸੀ ਕਿ ਧੀਰਜ ਵਿਚ ਹੀ ਕੋਈ ਨੁਕਸ ਹੈ, ਤਾਂਹੀਂ ਕੁੜੀ ਦੂਜੀ ਵਾਰ ਸਹੁਰੇ ਨਹੀਂ ਗਈ। ਪਰ ਜੇ ਉਸ ਵਿਚ ਕੋਈ ਨੁਕਸ ਹੋਵੇ ਤਾਂ ਮੈਂ ਦੱਸਾਂ..... ਨੁਕਸ ਤਾਂ ਸਗੋਂ ਮੇਰੇ ਵਿਚ ਹੈ ਤੇ ਮੈਂ ਨਹੀਂ ਚਾਹੁੰਦੀ ਕਿ ਦੂਜੀ ਵਾਰ ਸਹੁਰੇ ਜਾ ਕੇ ਨਾਲੇ ਆਪ ਪ੍ਰੇਸ਼ਾਨ ਹੋਵਾਂ ਤੇ ਨਾਲੇ ਧੀਰਜ ਨੂੰ ਹੋਰ ਪ੍ਰੇਸ਼ਾਨ ਕਰਾਂ। ਤਲਾਕ ਤਾਂ ਸਾਡਾ ਅੱਜ ਵੀ ਹੋਣਾ ਹੈ ਤੇ ਕੱਲ੍ਹ ਵੀ, ਬਸ ਮੈਂ ਤਾਂ ਦਿਲੋਂ ਇਹੋ ਚਾਹੁੰਦੀ ਹਾਂ ਇਕ ਕੰਮ ਛੇਤੀ ਤੋ ਛੇਤੀ ਹੋ ਜਾਵੇ ਤੇ ਧੀਰਜ ਮੇਰਾ ਖਿਆਲ ਛੱਡ ਕੇ ਕਿਸੇ ਹੋਰ ਤਣ-ਪੱਤਣ ਲੱਗੇ।

ਮਾਮਾ ਜਦੋਂ ਮੇਰੇ ਨਾਲ ਮੱਥਾ ਮਾਰਣੋ ਨਾਂ ਹੀ ਹਟਿਆ ਤਾਂ ਮੈਨੂੰ ਅੱਕ ਕੇ ਕਹਿਣਾ ਪਿਆ, "ਮਾਮਾ, ਜਦੋਂ ਮੈਂ ਤੁਹਾਨੂੰ ਕਿਹਾ ਸੀ ਕਿ ਮੈਂ ਵਿਆਹ ਨਹੀਂ ਕਰਾਉਣਾ ਤਾਂ ਤੁਸੀਂ ਮੇਰੇ ਨਾਲ ਧੱਕਾ ਕਿਉਂ ਕੀਤਾ।"

"ਲੈ ਸੁਣ ਲਉ ਇਹਦੀ ਗੱਲ... ਅਖੇ ਮੇਰਾ ਵਿਆਹ ਧੱਕੇ ਨਾਲ ਕੀਤਾ ਹੈ, ਤੂੰ ਅਨੋਖੀ ਕੁੜੀ ਐਂ.... ਸਾਰੀਆਂ ਕੁੜੀਆਂ ਹੀਂ ਕਰਾਉਂਦੀਆ ਨੇ ਵਿਆਹ... ਚੰਗਾ ਤੈਨੂੰ ਮਾਸਟਰ ਲੱਗਿਆ ਮੁੰਡਾ ਲੱਭ ਕੇ ਦਿੱਤੈ.... ਸੋਹਣਾਂ ਐ ਸਨੁੱਖਾ ਐ.... ਕੁੜੀਏ ਤੂੰ ਕਹਾਣੀਆ ਪਾਉਣ ਦੀ ਬਜਾਇ ਸਿੱਧਾ ਦੱਸ ਕਿ ਤੇਰੇ ਮਨ ਚ ਕੀ ਹੈ।' ਮੇਰੇ ਵੱਲੋਂ ਕੁਝ ਸਪਸ਼ਟ ਤੌਰ 'ਤੇ ਨਾ ਦੱਸੇ ਜਾਣ ਕਾਰਨ ਮਾਮਾ ਖਿਝ ਜਿਹਾ ਜਾਂਦਾ ਸੀ।

ਕਈ ਵਾਰ ਮਨ ਵਿਚ ਆਇਆ ਹੈ ਕਿ ਮਾਮੇ ਨੂੰ ਸਾਫ ਹੀ ਕਹਿ ਦਿਆਂ ਕਿ ਜੋ ਕੁਝ ਤੂੰ ਮੈਥੋਂ ਪੁੱਛ ਰਿਹੈਂ... ਉਹ ਆਪਣੀ ਲਾਡਲੀ ਭੈਣ ਤੋਂ ਪੁੱਛ, ਪਰ ਮੰਮੀਂ ਦੀ ਇਸ ਸਮੇ ਦੀ ਤਰਸ ਯੋਗ ਹਾਲਤ ਮੈਨੂੰ ਅਜਿਹਾ ਕਹਿਣ ਨਾਂ ਦੇਂਦੀ। ਹੁਣ ਆਪਣੇ ਇਸ ਇੱਕੋ ਇੱਕ ਹਮਦਰਦ ਸਾਹਮਣੇ ਮੈਂ ਇਹ ਦੱਸ ਕੇ ਬੇ-ਪਰਦ ਕਿਵੇਂ ਹੋਵਾਂ ਕਿ ਜਿਹੜਾ ਕੁਝ ਧੀਰਜ ਮੇਰੇ ਨਾਲ ਪਹਿਲੀ ਰਾਤ ਨੂੰ ਕਰਨਾ ਚਾਹੁੰਦਾ ਸੀ ਉਹ ਤਾਂ ਮੇਰੇ ਨਾਲ ਤੇਰਾਂ ਸਾਲ ਦੀ ਬਾਲੜੀ ਉਮਰ ਵਿਚ ਹੀ ਹੋ ਚੁੱਕਾ ਸੀ।ਮੇਰਾ ਕੁਆਰ-ਭੰਗ ਤਾਂ ਕਿਸੇ ਦਰਿੰਦੇ ਨੇ ਮੇਰੇ ਵਿਆਹ ਤੋਂ ਸੱਤ ਸਾਲ ਪਹਿਲਾਂ ਹੀ ਭੰਗ ਕਰ ਦਿੱਤਾ ਸੀ। ਕੱਚੀ ਉਮਰ ਵਿਚ ਹੋਏ ਰੇਪ ਦੀਆਂ ਪੀੜਾਂ ਕੀ ਹੁੰਦੀਆ ਨੇ , ਇਹ ਕੇਵਲ

ਮੈਂ ਹੀ ਜਾਣਦੀ ਸਾਂ ਤੇ ਇਹ ਪੀੜਾਂ ਹੁਣ ਵੀ ਮੇਰੇ ਰੋਮ ਰੋਮ ਵਿਚ ਸਮੋਈਆਂ ਹੋਈਆਂ ਨੇ। ਭਾਵੇ ਮੰਮੀ ਸੱਤ ਸਾਲਾਂ ਦੌਰਾਨ ਮੈਨੂੰ ਇਹੋ ਸਮਝਾਉਂਦੀ ਆਈ ਹੈ, ਏਸ ਮਾੜੀ ਘਟਨਾ ਨੂੰ ਭੁੱਲ ਕੇ ਆਪਣਾ ਜੀਵਨ ਨਵੇਂ ਸਿਰੇ ਤੋਂ ਸ਼ੁਰੂ ਕਰਾਂ ਪਰ ਆਪਣੀ ਹੀ ਰੂਹ ਦੇ ਹੋਏ ਕਤਲ ਨੂੰ ਭਲਾ ਕੋਈ ਕਿਵੇਂ ਭੁੱਲ ਸਕਦਾ ਹੈ ? ਮੇਰੇ ਅੰਦਰੋ ਹੋਣ ਵਾਲੀ ਬੀਲੀਡਿੰਗ ਰੁੱਕਣ ਦਾ ਨਾਮ ਨਹੀਂ ਸੀ ਲੈ ਰਹੀ... ਮੰਮੀ ਵੀ ਉਸ ਵੇਲੇ ਤਾਂ ਮੇਰੀ ਹਾਲਤ ਵੇਖ ਕੇ ਡਰ ਗਈ ਸੀ ਪਰ ਉਹ ਇਸ ਗੱਲ ਦੀ ਭਾਂਪ ਬਾਹਰ ਵੀ ਨਹੀਂ ਸੀ ਨਿਕਲਣ ਦੇਣਾ ਚਾਹੁੰਦੀ।ਉਸ ਮੈਨੂੰ ਵੀ ਮੇਰੇ ਭਵਿੱਖ ਦਾ ਹਵਾਲਾ ਦੇ ਕੇ ਇਸ ਦੁਰਘਟਨਾ ਬਾਰੇ ਚੁੱਪ ਰਹਿਣ ਦੀ ਹੀ ਨਸੀਹਤ ਕੀਤੀ ਸੀ।ਜੇ ਆਪਣੇ ਨਾਲ ਹੋਏ ਧੱਕੇ ਬਾਰੇ ਮੇਰੀ ਚੁੱਪ ਟੁੱਟਦੀ ਸੀ, ਇਸ ਨਾਲ ਮੇਰਾ ਹੀਂ ਨਹੀਂ ਮੰਮੀ ਦਾ ਵੀ ਪਰਦਾ ਚੁਕਿਆ ਜਾਣਾ ਸੀ ।ਉਸ ਮੇਰਾ ਇਲਾਜ ਵੀ ਆਪਣੀ ਹੀ ਕਿਸੇ ਕਾਲਜ ਸਮੇਂ ਦੀ ਸਹੇਲੀ ਦੇ ਸ਼ਹਿਰ ਵਿਚ ਜਾ ਕੇ ਉਸਦੀ ਮੱਦਦ ਨਾਲ ਹੀ ਕਰਵਾਇਆ ਸੀ। ਮੈਂ ਮਰ ਕੇ ਬਚੀ ਸਾਂ ਪਰ ਮੰਮੀ ਨੇ ਇਸ ਗੱਲ ਦੀ ਕਨਸੋਅ ਮੇਰੇ ਨਾਨਕੇ ਘਰ ਵੀ ਨਹੀਂ ਸੀ ਪਹੁੰਚਣ ਦਿੱਤੀ। ਉਹ ਦਿਨ ਸੋ ਇਹ ਦਿਨ, ਕਿਸੇ ਨਾਲ ਸੈਕਸ ਕਰਨ ਦੀ ਗੱਲ ਤਾਂ ਦੂਰ, ਮੇਰਾ ਸਰੀਰ ਤਾਂ ਸੈਕਸ ਦੀ ਗੱਲ ਸੁਣ ਕੇ ਹੀ ਠੰਡਾ ਪੈ ਜਾਂਦਾ ਹੈ ਤੇ ਅੰਦਰੋਂ ਚੀਸਾਂ ਪੈਣ ਲੱਗ ਜਾਂਦੀਆਂ ਸਨ।ਪੂਰਾ ਇਕ ਮਹੀਨਾ ਦਾਖ਼ਲ ਰਹੀ ਸਾਂ, ਦੂਸਰੇ ਸ਼ਹਿਰ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ। ਉਸ ਦਰਿੰਦੇ ਵਲੋਂ ਮੇਰੇ ਸਰੀਰ ਨੂੰ ਦਿੱਤੇ ਜ਼ਖਮ ਤਾਂ ਠੀਕ ਹੋ ਗਏ ਸਨ ਪਰ ਮੇਰੀ ਆਤਮਾ ’ਤੇ ਹੋਏ ਜ਼ਖਮ ਅਜੇ ਤੱਕ ਵੀ ਰਿਸ ਰਹੇ ਸਨ।

ਚਾਹੇ ਵਿਆਹ ਦੇ ਮਾਮਲੇ ’ਚ ਮਾਮੇ ਨੇ ਮੇਰੀ ਮਰਜ਼ੀ ਦੇ ਉਲਟ ਮੇਰੇ ਨਾਲ ਧੱਕਾ ਹੀ ਕੀਤਾ ਸੀ ਪਰ ਕੀਤਾ ਤਾਂ ਮੇਰੇ ਭਲੇ ਲਈ ਹੀ ਸੀ। ਆਪਣੇ ਵੱਲੋਂ ਤਾਂ ਉਹ ਹਰ ਵੇਲੇ ਸਾਡਾ ਭਲਾ ਕਰਨ ਦੀ ਸੋਚਦੈ ਤੇ ਭਲਾ ਈ ਕਰਦੈ। ਪਾਪਾ ਦੀ ਮੌਤ ਤੋਂ ਬਾਅਦ ਉਸ ਕਿੰਨਾਂ ਖਿਆਲ ਰੱਖਿਆ ਸੀ ਇਸ ਘਰ ਦਾ। ਮਾਮੇ ਤਾਂ ਮੇਰੇ ਦੋ ਹੋਰ ਵੀ ਸਨ ।ਉਹ ਮੇਰੇ ਤੇ ਮੰਮੀ ਦੇ ਹੱਥ ‘ਤੇ ਚਾਰ ਛਿਲੜ ਜ਼ਰੂਰ ਧਰ ਦੇਂਦੇ ਪਰ ਪਾਪਾ ਦੀ ਬਿਮਾਰੀ ਤੋਂ ਲੈ ਕੇ ਹੁਣ ਤਕ ਸਾਡੇ ਪਰਿਵਾਰ ਦਾ ਫਿਕਰ ਕੇਵਲ ਮਾਮੇ ਖੁਸ਼ਹਾਲ ਨੂੰ ਹੀ ਸੀ। ਉਸਦਾ ਇਕ ਪੈਰ ਜਰਗ ਤੇ ਇਕ ਪੈਰ ਸਾਡੇ ਪਿੰਡ ਰਹਿੰਦਾ ਸੀ। ਮੰਮੀ ਦੇ ਕਹਿਣ ਤੇ ਮੇਰੇ ਲਈ ਮੁੰਡਾ ਦਾ ਲੱਭਣ ਦਾ ਕੰਮ ਵੀ ਉਸ ਆਪਣਾ ਫਰਜ਼ ਸਮਝ ਕੇ ਕੀਤਾ ਸੀ ਤੇ ਆਪਣੇ ਵੱਲੋਂ ਮੇਰੇ ਲਈ ਚੰਗਾ ਵਰ ਲੱਭਣ ਵਿਚ ਕੋਈ ਕਸਰ ਵੀ ਬਾਕੀ ਨਹੀਂ ਸੀ ਛੱਡੀ।

ਵੱਧ ਕਸੂਰ ਮੇਰਾ ਹੈ, ਮਾਮੇ ਨੇ ਮੇਰੇ ਤੋਂ ਅੱਧ ਪੱਚਧੀ ਹਾਂ ਕਰਵਾ ਕੇ ਹੀ ਅੱਗੇ ਗੱਲ ਤੋਰੀ ਸੀ। ਉਦੋਂ ਤਾਂ ਮੰਮੀ ਵਲੋਂ ਵਾਰ ਵਾਰ ਜ਼ੋਰ ਪਾਉਣ ਤੇ ਮੇਰਾ ਮਨ ਵੀ ਕੁਝ ਬਦਲ ਗਿਆ ਸੀ ਤੇ ਮੈਂ ਵੀ ਸੋਚਣ ਲੱਗ ਪਈ ਤਾਂ ਕਿ ਵਿਆਹ ਤਾਂ ਸਾਰੀਆਂ ਹੀ ਕੁੜੀਆਂ ਕਰਾਉਂਦੀਆਂ ਨੇ। ਸ਼ਾਇਦ ਵਿਆਹ ਤੋਂ ਬਾਦ ਸਭ ਕੁਝ ਠੀਕ ਹੋ ਹੀ ਜਾਵੇ ਤੇ ਮੇਰੇ ਮਨ ਵਿਚ ਬੈਠਾ ਭੈਅ ਵੀ ਨਿਰਮੂਲ ਹੀ ਸਿੱਧ ਹੋਵੇ।ਪਰ ਮੈਂ ਜੋ ਸੋਚਿਆ, ਉਹ ਹੋਇਆ ਨਹੀਂ ਸੀ ।ਕਸੂਰ ਮੇਰਾ ਸੀ, ਪਰ ਸਜ਼ਾ ਹੁਣ ਮੇਰੇ ਨਾਲ ਧੀਰਜ ਵੀ ਭੁਗਤ ਰਿਹੈ। ਮੈਨੂੰ ਧੀਰਜ ’ਤੇ ਤਰਸ ਜਿਹਾ ਵੀ ਆਉਂਦੈ.... ਪਰ ਫਿਰ ਸੋਚਦੀ ਹਾਂ ਕਿ ਮੇਰਾ ਵੀ ਕੀ ਕਸੂਰ ਹੈ... ਮੈਂ ਕਿਹੜਾ ਜਿਹੜਾ ਜਾਣਬੁੱਝ ਕਿ ਅਜਿਹਾ ਕੀਤਾ ਸੀ। ਸੁਹਾਗਰਾਤ ਦੀ ਸੇਜ ’ਤੇ ਜਾਣ ਤੋਂ ਪਹਿਲਾਂ ਮੈਂ ਤਾਂ ਆਪਣੇ ਤਨ ਤੇ ਮਨ ਨੂੰ ਬੜਾ

ਸਮਝਾਇਆ ਸੀ ਕਿ ਉਹ ਧੀਰਜ ਦੇ ਹਵਾਲੇ ਹੋ ਜਾਣ, ਪਰ ਮੇਰੇ ਮਨ ਵਿਚ ਬੈਠੇ ਡਰ ਨੇ ਮੇਰੀ ਪੇਸ਼ ਨਹੀਂ ਸੀ ਜਾਣ ਦਿੱਤੀ।

ਮੇਰੇ ਨਾਲ ਲੇਟਿਆਂ ਧੀਰਜ ਪਤਾ ਨਹੀਂ ਕਿੰਨਾਂ ਹੀ ਚਿਰ ਮੇਰੇ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਰਿਹਾ ਪਰ ਮੈਂ ਐਵੇ ਹੂੰ ਹਾਂ ਵਿਚ ਹੀ ਜਵਾਬ ਦੇਂਦੀ ਰਹੀ। ਮੇਰਾ ਸਾਰਾ ਧਿਆਨ ਤਾਂ ਥੋੜੀ ਦੇਰ ਨੂੰ ਵਾਪਰਣ ਵਾਲੀ ਉਸ ਘਟਨਾ ਵੱਲ ਲੱਗਾ ਹੋਇਆ ਸੀ, ਜਿਸ ਦਾ ਡਰ ਤੇਰਾਂ ਸਾਲ ਦੀ ਉਮਰ ਤੋਂ ਹੀ ਮੇਰੇ ਅੰਦਰ ਸਮੋਇਆ ਹੋਇਆ ਸੀ। ਧੀਰਜ ਦੀਆਂ ਪਿਆਰ ਭਰੀਆਂ ਮਿੱਠੀਆਂ ਮਿੱਠੀਆ ਗੱਲਾਂ ਵੀ ਮੈਨੂੰ ਅਨੰਦ ਨਹੀਂ ਸਨ ਦੇ ਰਹੀਆਂ।ਆਖਿਰ ਉਹ ਸਮਾਂ ਵੀ ਆ ਗਿਆ ਜਿਸ ਦੀ ਕਲਪਨਾ ਕਰਕੇ ਵੀ ਮੇਰਾ ਸੀਤ ਨਿਕਲ ਜਾਂਦਾ ਸੀ।ਧੀਰਜ ਦੇ ਹੱਥਾਂ ਦੀ ਹਰਕਤ ਸ਼ੁਰੂ ਹੋਣ ਤੇ ਹੀ ਮੇਰੇ ਅੰਦਰੋਂ ਧੁੜਧੜੀ ਜਿਹੀ ਉੱਠ ਖਲੋਤੀ ਗਈ ਤੇ ਮੇਰਾ ਸਾਰਾ ਸਰੀਰ ਇਕ ਦਮ ਠੰਡ ਪੈ ਗਿਆ।ਮੈਨੂੰ ਕਾਂਬਾ ਛਿੜਿਆ ਵੇਖ ਕੇ ਧੀਰਜ ਤਾਂ ਆਪ ਹੈਰਾਨ ਰਹਿ ਗਿਆ ਸੀ ਕਿ ਮੈਨੂੰ ਹੋਇਆ ਕੀ ਹੈ।'ਪਲੀਜ਼, ਇਹ ਸਭ ਮੇਰੇ ਤੋਂ ਬਰਦਾਸ਼ਤ ਨਹੀਂ ਹੋਵੇਗਾ..... ਮੇਰੀ ਤਬੀਅਤ ਠੀਕ ਨਹੀ ਹੈ'।ਮੈਂ ਤਰਲਾ ਜਿਹਾ ਲਿਆ ਸੀ। ਉਹ ਸਿਆਣਾ ਸੀ...... ਮਨੁੱਖੀ ਭਾਵ ਰੱਖਣ ਵਾਲਾ ਸੀ।ਮੇਰੇ ਨਾਲ ਕਿਸੇ ਕਿਸਮ ਦਾ ਧੱਕਾ ਕਰਨ ਦੀ ਬਜਾਇ ਉਹ ਮੇਰੇ ਸਿਰ ਦੇ ਵਾਲਾਂ ਵਿਚ ਆਪਣੀਆ ਉਗਲਾਂ ਫੇਰਨ ਲੱਗ ਪਿਆ ਤੇ ਮੈਨੂੰ ਵਿਸਵਾਸ਼ ਦਿਵਾਉਣ ਲੱਗ ਪਿਆ ਕਿ ਮੇਰੀ ਮਰਜ਼ੀ ਤੋਂ ਉਲਟ ਕੁਝ ਵੀ ਨਹੀਂ ਹੋਵੇਗਾ। ਅਗਲੀ ਰਾਤ ਉਹ ਪਿਆਰ ਨਾਲ ਮੇਰੇ ਇਸ ਤਰਾਂ ਦੇ ਅਜੀਬ ਵਿਵਹਾਰ ਤੇ ਮੈਨੂੰ ਮਾਸਿਕ ਧਰਮ ਆਉਣ ਸਮੇ ਹੋਣ ਵਾਲੀ ਕਿਸੇ ਕਿਸਮ ਦੀ ਤਕਲੀਫ ਬਾਰੇ ਤਾਂ ਮੈਥੋਂ ਜਾਣਕਾਰੀ ਲੈਂਦਾ ਰਿਹਾ ਪਰ ਆਪਣੇ ਵਾਅਦੇ ਅਨੁਸਾਰ ਉਸ ਮੇਰੀ ਮਰਜ਼ੀ ਦੇ ਉਲਟ ਕੁਝ ਨਹੀ ਸੀ ਕੀਤਾ।

ਧੀਰਜ ਮੈਨੂੰ ਆਪ ਪੇਕੇ ਛੱਡ ਕੇ ਗਿਆ ਸੀ। ਹਫਤੇ ਬਾਦ ਮੈਂ ਸਹੁਰੇ ਵਾਪਸ ਜਾਣਾ ਸੀ।ਪਰ ਮੈਂ ਤਾਂ ਆਉਂਦਿਆਂ ਹੀ ਆਪਣੀ ਮੰਮੀ ਨੂੰ ਦੋ ਟੂਕ ਫੈਸਲਾ ਸੁਣਾ ਦਿੱਤਾ ਸੀ ਕਿ ਹੁਣ ਮੈਂ ਵਾਪਸ ਨਹੀਂ ਜਾਵਾਂਗੀ। ਮੈਂ ਮੰਮੀ ਨੂੰ ਸਪਸ਼ਟ ਕਹਿ ਦਿੱਤਾ ਕਿ ਉਸਦੀ ਮਿਹਰਬਾਨੀ ਨਾਲ ਜਿਹੜੀਆਂ ਜਾਨ ਲੇਵਾ ਸਰੀਰਕ ਤੇ ਮਾਨਸਿਕ ਪੀੜ ਨਾਲ ਮੇਰਾ ਸੱਤ ਸਾਲ ਪਹਿਲਾਂ ਵਾਹ ਪਿਆ ਸੀ, ਉਹ ਹੁਣ ਮੈਂ ਦੂਜੀ ਵਾਰ ਬਰਦਾਸ਼ਤ ਨਹੀਂ ਕਰ ਸਕਾਂਗੀ। ਮੈਨੂੰ ਜ਼ਿੱਦ 'ਤੇ ਅੜੀ ਵੇਖ ਕੇ ਮੰਮੀ ਨੇ ਮੇਰੇ ਸਹੁਰੇ ਘਰ ਕੁਝ ਦਿਨ ਅਟਕ ਕੇ ਆਉਣ ਦਾ ਸੁਨੇਹਾ ਭੇਜ ਦਿੱਤਾ ਸੀ। ਇਸ ਦੌਰਾਨ ਧੀਰਜ ਨੇ ਮੈਨੂੰ ਕਈ ਫੋਨ ਕੀਤੇ ਸਨ ਪਰ ਮੈਂ ਬਿਨਾਂ ਸੁਣੇ ਕੱਟ ਦਿੱਤੇ ਸਨ। ਜਿਹੜੇ ਪਿੰਡ ਨਾ ਜਾਣਾ ਹੋਵੇ ਉਹਦਾ ਰਾਹ ਪੁੱਛਣ ਦਾ ਵੀ ਕੀ ਲਾਭ।ਕਿਸੇ ਨਾ ਕਿਸੇ ਤਰ੍ਹਾਂ ਮੇਰੀ ਜ਼ਿੱਦ ਦੀ ਕਨਸੋਅ ਮੇਰੇ ਸਹੁਰੇ ਘਰ ਵੀ ਪਹੁੰਚ ਗਈ ਸੀ ਤੇ ਉਹ ਚੋਣਵੇ ਰਿਸ਼ਤੇਦਾਰਾਂ ਦੀ ਪੰਚਾਇਤ ਲੈ ਕੇ ਮੇਰੇ ਪੇਕੇ ਘਰ ਪਹੁੰਚ ਗਏ ਸਨ। ਉਦੋਂ ਤਾਂ ਮਮੀ ਨੇ ਮੇਰੇ ਬਿਮਾਰ ਹੋਣ ਦਾ ਬਹਾਨਾ ਲਾ ਕੇ ਵਾਪਸ ਕਰ ਦਿੱਤਾ ਸੀ। ਪਰ ਹਰ ਵਾਰ ਤਾਂ ਅਜਿਹਾ ਨਹੀਂ ਹੋ ਸਕੇਗਾ। ਅੱਜ ਗੱਲ ਕਿਸੇ ਪਾਸੇ ਲਾਉਣ ਲਈ ਮੇਰੇ ਸਹੁਰੇ ਘਰ ਤੋਂ ਪੰਚਾਇਤ ਆਉਣੀ ਹੈ ਤਾਂ ਮੈਨੂੰ ਸਮਝ ਨਹੀ ਲੱਗ ਰਹੀ ਕਿ ਮੈਂ ਪੰਚਾਇਤ ਨੂੰ ਆਪਣੀ ਤਲਾਕ ਲੈਣ ਦੀ ਇੱਛਾ ਦਾ ਕਾਰਨ ਕੀ ਦਸਾਂਗੀ।

ਸਵੇਰੇ ਚਾਰ ਵਜੇ ਹੀ ਉਠ ਖਲੋਤੀ ਹਾਂ। ਬਾਥਰੂਮ ਵਿਚ ਜਾ ਕੇ ਠੰਡੇ ਪਾਣੀ ਨਾਲ ਨਹਾਤੀ ਹਾਂ ਤੇ ਫਿਰ ਬਿਸਤਰੇ ਵਿੱਚ ਪਹੁੰਚ ਕੇ ਧਰਮ ਸੇਵੀ ਭੈਣ ਵੱਲੋਂ ਦਿੱਤੇ ਸਿਮਰਨ ਨਾਲ

ਜੁੜਣ ਦੀ ਕੋਸ਼ਿਸ਼ ਕਰਨ ਲੱਗ ਪਈ ਹਾਂ।ਮਨ ਹੀ ਮਨ ਧਰਮ ਸੇਵੀ ਮਿਸ਼ਨ ਦੇ ਪੂਰਵਲੇ ਗੁਰੂਆਂ ਅੱਗੇ ਅਰਦਾਸ ਵੀ ਕਰ ਰਹੀ ਹਾਂ ਕਿ ਮੈਂ ਉਹ ਮੈਨੂੰ ਅੱਜ ਹੋਣ ਵਾਲੀ ਪੰਚਾਇਤ ਦਾ ਸਾਹਮਣਾ ਕਰਨ ਦੀ ਸ਼ਕਤੀ ਦੇਣ ਤੇ ਸਾਡੇ ਤਲਾਕ ਦੀ ਗੱਲ ਅੱਜ ਦੀ ਪੰਚਾਇਤ ਵਿਚ ਹੀ ਨਿਬੜ ਜਾਵੇ। ਅਜੀਬ ਮਾਨਸਿਕ ਹਾਲਤ ਹੈ ਇਸ ਵੇਲੇ ਮੇਰੀ ।ਧੀਰਜ ਨਾਲ ਮੇਰੀ ਪੂਰੀ ਹਮਦਰਦੀ ਹੈ...... ਮੈਂ ਉਸ 'ਤੇ ਕੋਈ ਦੋਸ਼ ਵੀ ਨਹੀਂ ਆਉਣਾ ਦੇਣਾ ਚਾਹੁੰਦੀ ਤੇ ਉਸ ਤੋਂ ਵੱਖ ਵੀ ਹੋਣਾ ਚਾਹੁੰਦੀ ਹਾਂ। ਭਲਾ ਕਿਸ ਤਰਾਂ ਹੋਵੇਗਾ ਇਹ ? ਮੈਨੂੰ ਡਰ ਹੈ ਕਿ ਕਿਤੇ ਉਸਨੂੰ ਬਚਾਉਣ ਦੇ ਚੱਕਰ ਵਿਚ ਮੈਨੂੰ ਭਰੀ ਸਭਾ ਵਿਚ ਆਪਣਾ ਹੀ ਚੀਰ ਹਰਨ ਨਾ ਕਰਨਾ ਪੈ ਜਾਵੇ । ਮੇਰੀ ਪੇਕੇ ਪਾਸੇ ਵਾਲੀ ਧਿਰ ਜਿਹੜੇ ਨੁਕਸ ਧੀਰਜ ਵਿਚੋਂ ਲੱਭ ਰਹੀ ਸੀ, ਮਾਮਲਾ ਨਾ ਸੁਲਝਣ 'ਤੇ ਧੀਰਜ ਨਾਲ ਆਈ ਧਿਰ ਮੇਰੇ ਵਿੱਚੋਂ ਵੀ ਉਹ ਨੁਕਸ ਜ਼ਰੂਰ ਲੱਭੇਗੀ ਤੇ ਮੇਰੇ ਹੋਰ ਕਿਸੇ ਮੁੰਡੇ ਨਾਲ ਯਰਾਨਾ ਹੋਣ ਦੀ ਗੱਲ ਵੀ ਉਭਾਰੀ ਜਾਵੇਗੀ। ਅਜਿਹਾ ਹੋਣਾ ਮੇਰਾ ਲਈ ਪੇਕੇ ਸਹੁਰੇ ਘਰ ਦੀ ਪੰਚਾਇਤ ਅੱਗੇ ਬੇਪਰਦ ਹੋਣ ਵਾਲੀ ਗੱਲ ਹੀ ਤਾਂ ਸੀ।

ਭਾਵੇਂ ਮੇਰੇ ਨਾਲ ਵਾਪਰੀ ਅਣਹੋਣੀ ਲਈ ਮੰਮੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਾ ਵੀ ਹੋਵੇ, ਪਰ ਇਸ ਲਈ ਹਲਾਤ ਤਾਂ ਉਸ ਹੀ ਪੈਦਾ ਕੀਤੇ ਸਨ। ਪਾਪਾ ਦੀ ਸਾਹ ਦੀ ਬਿਮਾਰੀ ਵੱਧ ਜਾਣ 'ਤੇ ਉਹ ਮੰਜੇ ਤੇ ਪੈ ਗਏ ਤਾਂ ਮੰਮੀ ਦੀ ਤਨਖਾਹ ਨਾਲ ਹੀ ਘਰ ਦਾ ਗੁਜ਼ਾਰਾ ਚਲਦਾ ਸੀ। ਪਾਪਾ ਕੰਮ ਕਰਨ ਤੋਂ ਅਸਮਰੱਥ ਹੋਏ ਤਾਂ ਉਨ੍ਹਾਂ ਦੀ ਘਰ ਪਰਿਵਾਰ ਵਿਚ ਹੈਸੀਅਤ ਵੀ ਲਗਾਤਾਰ ਘਟਣ ਲੱਗ ਪਈ ਸੀ ਤੇ ਉਹ ਐਵੇਂ ਬੇਚਾਰੇ ਜਿਹੇ ਬਣ ਕੇ ਰਹਿ ਗਏ ਸਨ।ਹੁਣ ਮੰਮੀ ਹੀ ਘਰ ਪਰਿਵਾਰ ਦੀ ਮਾਲਕ ਸੀ ਤੇ ਲੋਕ ਸਾਡੇ ਘਰ ਨੂੰ ਚਾਵਲਾ ਸਾਹਿਬ ਦਾ ਘਰ ਕਹਿਣ ਦੀ ਦੀ ਬਜਾਇ ਨੀਲਮ ਰਾਣੀ ਦੇ ਘਰ ਵਜੋਂ ਜਾਣਨ ਲੱਗ ਪਏ ਸਨ। ਜਿਉਂ ਜਿਉਂ ਪਾਪਾ ਦੀ ਘਰ ਵਿਚ ਪੁੱਛ ਗਿੱਛ ਘੱਟ ਰਹੀ ਸੀ ਤਿਉਂ ਤਿਉਂ ਮੰਮੀ ਦੇ ਦਫਤਰ ਦੇ ਮੈਨੇਜਰ ਮਿਸਟਰ ਮਹਿਤਾ ਦੀ ਪੁੱਛ ਗਿੱਛ ਸਾਡੇ ਘਰ ਵਿਚ ਵੱਧਣ ਲਗ ਪਈ ਸੀ। ਹੁਣ ਘਰ ਦੇ ਹਰ ਕੰਮ ਵਿਚ ਮੰਮੀ ਉਸਦੀ ਹੀ ਸਲਾਹ ਲੈਂਦੀ ।

ਭਾਵੇਂ ਮੈਂ ਉਸ ਵੇਲੇ ਬਾਰਾਂ ਕੁ ਸਾਲ ਦੀ ਹੀ ਸਾਂ ਪਰ ਫਿਰ ਵੀ ਮੈਨੂੰ ਇਸ ਗੱਲ ਦਾ ਥੋੜਾ ਬਹੁਤ ਅਨੁਮਾਨ ਤਾਂ ਸੀ ਕਿ ਮੰਮੀ ਤੇ ਮਿਸਟਰ ਮਹਿਤ ਵਿਚ ਕੁਝ ਅਜਿਹਾ ਜ਼ਰੂਰ ਚਲ ਰਿਹਾ ਹੈ ਜੋ ਪਾਪਾ ਨੂੰ ਚੰਗਾ ਨਹੀਂ ਸੀ ਲੱਗਦਾ। ਜਦੋ ਵੀ ਮਹਿਤਾ ਅੰਕਲ ਸਾਡੇ ਘਰ ਆ ਕੇ ਮੰਮੀ ਨਾਲ ਹੱਸ ਹੱਸ ਕੇ ਗੱਲਾ ਕਰਦਾ ਤਾਂ ਪਾਪਾ ਦੇ ਚਿਹਰੇ ਤੇ ਕਈ ਰੰਗ ਆਉਂਦੇ ਤੇ ਕਈ ਜਾਂਦੇ। ਉਹ ਭਾਵੇਂ ਬੋਲਦੇ ਤਾਂ ਨਾ ਪਰ ਮੈ ਹਮੇਸ਼ਾ ਪਾਪਾ ਦੀਆਂ ਅੱਖਾਂ ਵਿਚ ਮਿਸਟਰ ਮਹਿਤਾ ਲਈ ਨਫ਼ਰਤ ਹੀ ਵੇਖੀ ਸੀ। ਭਾਵੇਂ ਉਨ੍ਹਾਂ ਦੀ ਦਵਾਈ ਰੈਗੂਲਰ ਚੱਲ ਰਹੀ ਸੀ ਪਰ ਮਨ 'ਤੇ ਪਏ ਏਡੇ ਵੱਡੇ ਬੋਝ ਨੂੰ ਭਲਾ ਦਵਾਈ ਕਿਵੇ ਹਟਾ ਸਕਦੀ ਸੀ।ਇਕ ਦਿਨ ਉਨ੍ਹਾਂ ਮੈਨੂੰ ਵੀ ਕਿਹਾ ਸੀ ਕਿ ਜਦੋਂ ਮਿਸਟਰ ਮਹਿਤਾ ਘਰ ਵਿਚ ਹੋਵੇ ਤਾਂ ਮੈਂ ਉਸ ਦੇ ਸਾਹਮਣੇ ਨਾ ਜਾਇਆ ਕਰਾਂ.... ਕੁੱਤੇ ਦੇ ਮੂੰਹ ਨੂੰ ਖੂਨ ਲੱਗ ਜਾਵੇ ਉਹ ਹਰ ਕਿਸੇ ਨੂੰ ਵੱਢਣ ਨੂੰ ਹੀ ਤਕਾਉਂਦਾ ਹੈ। ਮੈਨੂੰ ਪਾਪਾ ਦੀ ਗੱਲ ਸੱਚ ਵੀ ਲੱਗੀ ਸੀ। ਭਾਵੇਂ ਮੈਂ ਬਾਲੜੀ ਸਾਂ ਪਰ ਆਪਣੇ ਜਿਸਮ ਤੇ ਫਿਰਦੀ ਮਿਸਟਰ ਮਹਿਤਾ ਦੀ ਗੰਦੀ ਨਜ਼ਰ ਦਾ ਮੈਨੂੰ ਥੋੜਾ ਬਹੁਤਾ ਅਨੁਮਾਨ ਹੋਣ ਲੱਗ ਪਿਆ ਸੀ।

ਜੂਨ ਮਹੀਨੇ ਦਾ ਦਿਨ ਸੀ ਉਹ।ਪਾਪਾ ਉਸ ਦਿਨ ਬਹੁਤ ਬੇਚੈਨੀ ਮਹਿਸੂਸ ਕਰ ਰਹੇ ਸਨ। ਸਾਰੀ ਰਾਤ ਜਾਗਦੇ ਰਹੇ, ਸਵੇਰੇ ਚਾਰ ਕੋ ਵਜੇ ਸੁੱਤੇ ਤਾਂ ਸੁੱਤੇ ਹੀ ਰਹਿ ਗਏ ਸਨ। ਦਿਲ ਦਾ ਦੌਰਾ ਪੈ ਗਿਆ ਸੀ ਉਨ੍ਹਾਂ ਨੂੰ। ਉਨ੍ਹਾਂ 'ਤੇ ਜਿਨਾਂ ਮਾਨਸਿਕ ਦਬਾ ਰਹਿੰਦਾ ਸੀ, ਉਸ ਮੁਤਾਬਕ ਦਿਲ ਦਾ ਦੌਰਾ ਤਾਂ ਉਨ੍ਹਾਂ ਨੂੰ ਬਹੁਤ ਚਿਰ ਪਹਿਲਾਂ ਹੀ ਪੈ ਜਾਣਾ ਚਾਹੀਦਾ ਸੀ। ਪਾਪਾ ਦੇ ਤੁਰ ਜਾਣ ਦੀ ਦੇਰ ਸੀ, ਮੰਮੀ ਨੂੰ ਹੋਰ ਖੁਲ੍ਹ ਮਿਲ ਗਈ ਤੇ ਮਿਸਟਰ ਮਹਿਤਾ ਦਾ ਸਾਡੇ ਘਰ ਆਉਣ ਜਾਣ ਵੀ ਹੋਰ ਵੱਧ ਗਿਆ।ਮੈਂ ਲੋਕਾਂ ਦੀਆਂ ਗੱਲਾਂ ਦਾ ਹਵਾਲੇ ਦੇ ਕੇ ਮਿਸਟਰ ਮਹਿਤਾ ਦੇ ਘਰ ਆਉਣ 'ਤੇ ਇਤਰਾਜ਼ ਕੀਤਾ ਤਾਂ ਮੰਮੀਂ ਮੇਰੇ ਹੀ ਮੇਰੇ ਗਲ ਪੈ ਗਈ ਸੀ, "ਲੋਕ ਕੀ ਸਾਨੂੰ ਖਾਣ ਨੂੰ ਦੇ ਕੇ ਜਾਂਦੇ ਨੇ.... ਮੇਰੀ ਪ੍ਰਾਈਵੇਟ ਨੌਕਰੀ ਮਿਸਟਰ ਮਹਿਤਾ ਦੇ ਸਿਰ 'ਤੇ ਹੀ ਚਲ ਰਹੀ ਹੈ। ਜੇ ਇਨ੍ਹਾਂ ਨੂੰ ਨਰਾਜ਼ ਕਰ ਲਿਆ ਤਾਂ ਅਗਲੇ ਮੈਨੂੰ ਕੱਢ ਕੇ ਬਾਹਰ ਮਾਰਣਗੇ।"

ਹੁਣ ਮਿਸਟਰ ਮਹਿਤਾ ਕਦੇ ਕਦਾਈ ਸ਼ਰਾਬ ਵੀ ਸਾਡੇ ਘਰ ਹੀ ਮੇਜ ਲਾ ਕੇ ਪੀਣ ਲੱਗ ਪਿਆ ਸੀ, ਜਿਵੇਂ ਉਹ ਇਸ ਘਰ ਦੇ ਮਾਲਕ ਹੀ ਹੋਵੇ। ਜਦੋ ਉਹ ਦਾਰੂ ਪੀਂਦਾਂ ਹੁੰਦਾ ਤਾਂ ਮੰਮੀ ਮੈਨੂੰ ਆਪ ਹੀ ਉਸਦੇ ਦੇ ਨੇੜੇ ਜਾਣ ਤੋਂ ਰੋਕ ਦੇਂਦੀ। ਹੁਣ ਉਹ ਘਰ ਦੇ ਮਾਲਕ ਵਾਂਗ ਹੀ ਮੇਰੇ ਤੇ ਮੰਮੀ 'ਤੇ ਰੋਹਬ ਜਿਹਾ ਵੀ ਮਾਰਨ ਲੱਗ ਪਿਆ ਸੀ। ਉਸ ਦਿਨ ਮੰਮੀ ਕਿਸੇ ਮਰਗਤ ਵਾਲੇ ਘਰ ਅਫਸੋਸ ਕਰਨ ਗਈ ਸੀ ਕਿ ਘਰ ਉਹ ਆ ਗਿਆ। ਉਹ ਬਾਹਰੋਂ ਹੀ ਸ਼ਰਾਬ ਪੀ ਕੇ ਆਇਆ ਸੀ ਤੇ ਜਿਸਦੀ ਬੋਅ ਮੇਰਾ ਜੀਅ ਕੱਚਾ ਜਿਹਾ ਕਰ ਰਹੀ ਸੀ।

"ਤੇਰੀ ਮੰਮੀ ਕਿੱਥੇ ਹੈ ?" ਉਸ ਰੋਹਬ ਜਿਹੇ ਨਾਲ ਮੈਥੋਂ ਪੁੱਛਿਆ ਸੀ। ਮੈਂ ਦੱਸ ਤਾਂ ਦਿੱਤਾ ਪਰ ਉਸ ਨੂੰ ਬੈਠਣ ਲਈ ਨਹੀਂ ਸੀ ਕਿਹਾ। ਮੈਂ ਉਸਨੂੰ ਛੇਤੀ ਤੋਂ ਛੇਤੀ ਘਰ ਤੋਂ ਬਾਹਰ ਹੋਇਆ ਵੇਖਣਾ ਚਾਹੁੰਦੀ ਸਾਂ ਪਰ ਉਹ ਬਾਹਰ ਜਾਣ ਦੀ ਬਜਾਇ ਮੰਮੀ ਦੇ ਬੈਡ ਰੂਮ ਵੱਲ ਤੁਰ ਪਿਆ ਸੀ। ਸ਼ਰਾਬੀ ਹੋਏ ਨੇ ਉਸ ਮੇਰੀ ਬਾਂਹ ਫੜ੍ਹਕੇ ਮੈਨੂੰ ਵੀ ਬੈਡ ਰੂਮ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ । ਮੇਰੇ ਵਿਰੋਧ ਕਰਨ ਤੇ ਉਹ ਰੁਕ ਤਾਂ ਗਿਆ ਸੀ ਪਰ ਆਪਣੇ ਮੋਬਾਈਲ ਦਾ ਬਟਨ ਦੱਬ ਕੇ ਉਸਦੇ ਸਕਰੀਨ ਦੇ ਚੱਲ ਰਹੀ ਵੀਡੀਓ ਮੇਰੇ ਸਾਹਮਣੇ ਕਰ ਦਿੱਤੀ ਸੀ। ਵੀਡੀਓ ਵੇਖ ਕੇ ਮੇਰੇ ਤਾਂ ਹੋਸ਼ ਹੀ ਉਡ ਗਏ ਸਨ।ਵੀਡੀਓ 'ਚ ਮੰਮੀ ਤੇ ਕੋਈ ਹੋਰ ਬੰਦਾ ਬਿਲਕੁਲ ਨਿਊਡ ਹੋਏ ਕਾਮ ਕ੍ਰੀੜਾ ਕਰ ਰਹੇ ਸਨ। ਜੇ ਇਹ ਵੀਡਿਓ ਵਾਇਰਲ ਹੋ ਗਈ ਤਾਂ ਤੁਸੀਂ ਮਾਵਾਂ ਧੀਆਂ ਕਿਸੇ ਨੂੰ ਮੂਹ ਵਿਖਾਉਣ ਜੋਗੀਆਂ ਨਹੀਂ ਰਹਿਣਾ ...ਚੁਪ ਚਾਪ ਅੰਦਰ ਚੱਲ... ਨਹੀਂ ਤਾਂ।"ਮਿਸਟਰ ਮਹਿਤਾ ਨੇ ਮੈਨੂੰ ਸਾਫ ਸ਼ਬਦਾਂ ਵਿਚ ਧਮਕੀ ਦਿੱਤੀ ਸੀ । ਮੈ ਤਾਂ ਸਕਤੇ ਵਿਚ ਆ ਗਈ ਸਾਂ..... ਹੁਣ ਤੱਕ ਤਾਂ ਮੈਂ ਇਹੀ ਸਮਝਦੀ ਰਹੀ ਸਾਂ ਕਿ ਮੰਮੀ ਕੇਵਲ ਮਿਸਟਰ ਮਹਿਤਾ ਨਾਲ ਹੀ ਮਾੜੀ ਹੈ, ਪਰ ਉਹ ਤਾਂ ਹੱਦਾਂ ਹੀ ਪਾਰ ਕਰੀ ਬੈਠੀ ਸੀ। ਅਰਧ ਚੇਤਨਾ ਦੀ ਹਾਲਤ ਵਿਚ ਮੈਨੂੰ ਪੱਤਾ ਹੀ ਨਾ ਲੱਗਾ ਕਿ ਮਹਿਤਾ ਮੈਨੂੰ ਕਿਵੇਂ ਖਿੱਚ ਕੇ ਬੈਡ ਰੂਮ ਵੱਲ ਲੈ ਗਿਆ ਤੇ ਮੇਰੇ ਮੂੰਹ 'ਤੇ ਹੱਥ ਰੱਖ ਕੇ ਇਕ ਭੈਅ ਸਾਰੀ ਉਮਰ ਲਈ ਮੇਰੇ ਅੰਦਰ ਭਰ ਦਿੱਤਾ।

ਜਦੋਂ ਮੰਮੀ ਵਾਪਸ ਪਰਤੀ ਤਾਂ ਮਿਸਟਰ ਮਹਿਤਾ ਜਾ ਚੁੱਕਾ ਸੀ ਤੇ ਮੈਂ ਖੂਨ ਨਾਲ ਲਥਪਥ ਹੋਈ ਤੜਫ ਰਹੀ ਸਾਂ।ਇਸ ਵੇਲੇ ਮੈਨੂੰ ਥੋੜ੍ਹੀ ਜਿਹੀ ਹੀ ਸੁਰਤ ਸੀ ਫਿਰ ਵੀ ਇਹ ਤਲਖ ਬੋਲ ਮੇਰੇ ਮੂੰਹੋ ਨਿਕਲ ਹੀ ਗਏ ਸਨ, "ਮੰਮੀ ਹੁਣ ਮੈਂ ਤੁਹਾਡੀ ਧੀ ਨਹੀਂ ਰਹੀ, ਸੌਂਕਣ ਬਣ ਗਈ ਹਾਂ,

ਤੁਹਾਡੇ ਨਾਲ ਖੇਹ ਖਾਂਦੇ ਰਹੇ। ਮਹਿਤੇ ਨੇ ਹੁਣ ਮੇਰੇ ਨਾਲ ਵੀ ਖੇਹ ਖਾ ਲਈ ਹੈ।" ਮੇਰੀ ਹਾਲਤ ਵੇਖ ਕੇ ਮੰਮੀ ਦੀ ਅੱਖਾਂ ਵਿੱਚ ਵੀ ਹੰਝੂ ਆ ਗਏ ਸਨ ਪਰ ਮੇਰੇ ਅੰਦਰੋਂ ਵਹਿ ਰਹੇ ਖ਼ੂਨ ਨੂੰ ਰੋਕਣ ਲਈ ਘਰੇਲੂ ਉਹੜ ਪੋਹੜ ਕਰਦਿਆਂ ਉਹ ਮੇਰੀ ਮਿੰਨਤ ਵੀ ਕਰ ਰਹੀ ਸੀ ਕਿ ਮੈਂ ਆਪਣੀ ਜ਼ੁਬਾਨ ਬੰਦ ਰੱਖਾਂ। ਮੰਮੀ ਉਸ ਦਿਨ ਤੋਂ ਮੇਰੇ ਨਾਲ ਅੱਖ ਘੱਟ ਹੀ ਮਿਲਾਉਂਦੀ ਸੀ। ਸਾਡੀ ਆਪਸੀ ਬੋਲ ਚਾਲ ਵੀ ਸੀਮਤ ਜਿਹੀ ਹੋ ਕੇ ਰਹਿ ਗਈ ਸੀ। ਇਸ ਅਣਹੋਣੀ ਨੇ ਮੇਰੇ ਸੁਭਾਅ ਨੂੰ ਕਾਫੀ ਬਦਲ ਦਿੱਤਾ ਸੀ। ਮੈਂ ਹਰ ਵੇਲੇ ਖਿਝੀ ਰਹਿੰਦੀ ਸਾਂ.... ਖਾਸ ਤੌਰ ਤੇ ਮੰਮੀ 'ਤੇ। ਕਿਸੇ ਵੇਲੇ ਮਰਨ ਦੀਆ ਗੱਲਾਂ ਵੀ ਕਰਨ ਲੱਗ ਪੈਂਦੀ ਸਾਂ। ਇਸ ਦੁਰਘਟਨਾ ਨੇ ਬਦਲ ਤਾਂ ਮੰਮੀ ਨੂੰ ਵੀ ਬਹੁਤ ਦਿੱਤਾ ਸੀ .....ਸਾਰਾ ਦਿਨ ਸ਼ਜੀ ਸੰਵਰੀਂ ਰਹਿਣ ਵਾਲੀ ਮੰਮੀ ਦੇ ਮੂੰਹ 'ਤੇ ਵੇਖਦਿਆਂ ਹੀ ਵੇਖਦਿਆਂ ਕਾਲਸ ਜਿਹੀ ਫਿਰ ਗਈ ਸੀ ਤੇ ਸਿਰ ਵਿਚੋਂ ਚਿੱਟੀਆ ਲੱਟਾਂ ਬਾਹਰ ਵੱਲ ਝਾਕਣ ਲੱਗ ਪਈਆਂ ਸਨ। ਮਿਸਟਰ ਮਹਿਤਾ ਦਾ ਸਾਡੇ ਘਰ ਵਿਚ ਆਣ-ਜਾਣ ਵੀ ਹੁਣ ਬੰਦ ਹੋ ਗਿਆ ਸੀ।

ਸਵੇਰੇ ਦੇ ਪੰਜ ਵੱਜ ਗਏ ਹਨ। ਮੈਂ ਪੰਚਾਇਤ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਹਾਂ। ਮੰਮੀ ਮੇਰੇ ਲਈ ਬੈਡ ਟੀ ਲੈ ਕੇ ਸਿਰਹਣੇ ਆ ਖਲੋਤੀ ਸੀ। ਮੈਂ ਚਾਹ ਦਾ ਕੱਪ ਉਸ ਤੋਂ ਪਕੜ ਲਿਆ ਹੈ, ਮੇਰੀ ਇਜ਼ਤ ਤੇਰੇ ਹੱਥ ਹੈ ਧੀਏ....... ਮੈਂ ਆਪਣੀ ਗਲਤੀਆਂ ਦੀ ਪਹਿਲਾਂ ਹੀ ਵੱਡੀ ਸਜ਼ਾ ਭੁਗਤ ਰਹੀ ਹਾਂ.... ਹੁਣ ਹੋਰ ਸਜ਼ਾ ਮੈਥੋਂ ਭੁਗਤੀ ਨਹੀਂ ਜਾਣੀ...। ਮੰਮੀ ਮੇਰੇ ਅੱਗੇ ਹੱਥ ਜੋੜੀ ਖੜ੍ਹੀ ਤਰਲਾ ਕਰ ਸੀ।

"ਮੰਮੀ ਤੇਰੇ ਅੰਦਰਲੀ ਗਰਮੀ ਨੇ ਮੈਨੂੰ ਸਾਰੀ ਉਮਰ ਲਈ ਠੰਡਾ ਕਰ ਦਿੱਤੈ ਤੇ ਪਾਪਾ ਦੀ ਤਾਂ ਜਾਨ ਵੀ ਲੈ ਲਈ ਹੈ।" ਕਹਿਣਾ ਤਾਂ ਮੈਂ ਇਹੀ ਚਾਹੁੰਦੀ ਹਾਂ ਪਰ ਮੰਮੀ ਦੇ ਚਿਹਰੇ ਤੇ ਫੈਲੇ ਪਛਤਾਵੇ ਦੇ ਭਾਵ ਵੇਖ ਕੇ ਕਹਿ ਨਹੀ ਸਾਂ ਸਕੀ।

"ਜੋ ਹੋਊ , ਮੈਂ ਆਪੇ ਨਿਬੜੂ, ਤੁਸੀ ਨਿਸਚਿੰਤ ਰਹੋ ਮੰਮੀ।"ਮੈਂ ਮੰਮੀ ਨੂੰ ਕਮਰੇ ਵਿਚੋਂ ਜਾਣ ਜਾਣ ਦਾ ਇਸ਼ਾਰਾ ਕਰ ਦਿੱਤਾ ਹੈ ਤੇ ਅੱਖਾਂ ਬੰਦ ਕਰਕੇ ਫਿਰ ਬਿਸਤਰੇ ਤੇ ਲੇਟ ਗਈ ਹਾਂ।

ਸਹੁਰੇ ਘਰ ਤੋਂ ਆਈ ਪੰਚਾਇਤੀ ਵਿਚ ਇਸ ਵਾਰ ਰਿਸ਼ਤੇਦਾਰਾਂ ਤੋਂ ਇਲਾਵਾ ਮੰਡੀ ਦੇ ਦੋ ਮੋਹਤਬਰ ਵੀ ਹਨ। ਇਸ ਵਾਰ ਇੱਕ ਪਾਸਾ ਕਰਨ ਦੇ ਰੌਂਅ ਵਿਚ ਵਿਖਾਈ ਦੇ ਰਹੀ ਹੈ ਸਾਰੀ ਪੰਚਾਇਤ। ਚਾਹ ਪਾਣੀ ਪੀਣ ਤੋਂ ਬਾਅਦ ਮੰਡੀ ਦੇ ਚੌਧਰੀ ਨੇ ਗੱਲ ਕਿਸੇ ਸਿਰੇ ਲਾਉਣ ਦੇ ਮੰਤਵ ਨਾਲ ਕਿਹਾ ਹੈ, "ਬਈ, ਕੁੜੀ ਨੂੰ ਬੁਲਾ ?... ਗੱਲ ਦਾ ਅਸਲ ਨਿਬੇੜਾ ਤਾਂ ਉਸਨੇ ਹੀ ਕਰਨੈ।" ਪੰਚਾਇਤ ਦੇ ਬੁਲਾਉਣ ਮੈਂ ਸਾਰਿਆਂ ਨੂੰ ਨਮਸਤੇ ਬੁਲਾ ਕੇ ਮਾਂ ਦੇ ਨਾਲ ਹੀ ਮੰਜੇ 'ਤੇ ਆ ਬੈਠੀ ਹਾਂ।

"ਵੇਖ ਬੇਟਾ ਅਸੀਂ ਤੇਰੇ ਨਾਲ ਜਬਰਦਸਤੀ ਨਹੀਂ ਕਰਦੇ ਪਰ ਕੱਲ੍ਹ ਨੂੰ ਅਸੀਂ ਵੀ ਆਪਣਾ ਮੁੰਡਾ ਹੋਰ ਥਾਂ ਵਿਹਾਉਣੈ ....ਲੋਕ ਕਹਿਣਗੇ ਕਿ ਮੁੰਡੇ ਵਿਚ ਕੋਈ ਨੁਕਸ ਹੈ .....ਤੇਰੇ ਵਾਪਸ ਨਾ ਜਾਣ ਦਾ ਕਾਰਨ ਕੀ ਐ ... ਬੱਸ ਅਸੀਂ ਤਾਂ ਪੰਚਾਇਤ 'ਚ ਇਹੀ ਸਪਸ਼ਟ ਕਰਨਾ ਚਾਹੁੰਦੇ ਹਾਂ"।ਮੇਰੇ ਚਾਚੇ ਸਹੁਰੇ ਨੇ ਦੋ ਟੂਕ ਸੁਆਲ ਮੇਰੇ ਤੋਂ ਪੁਛਿਆ ਹੈ।

ਚਾਚੇ ਸਹੁਰੇ ਦੇ ਸਿੱਧੇ ਸਵਾਲ ਦਾ ਇਕ ਵਾਰ ਤਾਂ ਮੈਨੂੰ ਕੋਈ ਜਵਾਬ ਨਾ ਆਹੁੜਿਆ ਪਰ ਮੈਂ ਐਨਾਂ ਕੁ ਸਮਝ ਗਈ ਸਾਂ ਕਿ ਉਹ ਮੇਰੇ ਵੱਲੋਂ ਅਜਿਹੀ ਕਲੀਨ ਚਿਟ ਚਾਹੁੰਦੇ ਸਨ ਜਿਸ

ਦੇ ਚਲਦਿਆਂ ਧੀਰਜ ਦੇ ਦੁਬਾਰਾ ਵਿਆਹ ਕਰਾਉਣ ਚ ਕੋਈ ਰੁਕਾਵਟ ਨਾ ਪਵੇ । ਮੈਂ ਪਤਾ ਨਹੀਂ ਕਿਵੇ ਆਪਣੇ ਵਿਚ ਬੋਲਣ ਦੀ ਤਾਕਤ ਪੈਦਾ ਕੀਤੀ ਤੇ ਤਰਲਾ ਜਿਹਾ ਲੈਣ ਵਰਗੀ ਅਵਾਜ਼ ਵਿਚ ਬੋਲੀ ਹਾਂ।

"ਤੁਹਾਡੇ ਬੇਟੇ ਵਿਚ ਕੋਈ ਵੀ ਨੁਕਸ ਨਹੀਂ ਚਾਚਾ ਜੀ , ਕੋਈ ਵੀ ਕੁੜੀ ਇਨ੍ਹਾਂ ਦਾ ਸਾਥ ਪ੍ਰਾਪਤ ਕਰਕੇ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝੇਗੀ । ਬੱਸ ਤੁਸੀ ਸਮਝ ਲਓ ? ਕਿ ਮੈਂ ਈਂ ਇਨ੍ਹਾਂ ਦੇ ਯੋਗ ਨਹੀ ਹਾਂ ...।" ਆਪਣੀ ਗੱਲ ਮੇਰੇ ਤੋਂ ਪੂਰੀ ਨਹੀਂ ਸੀ ਹੋਈ। ਮੇਰਾ ਗੱਚ ਭਰ ਆਇਆ ਹੈ। ਅੱਧਾ ਅਧੂਰਾ ਕਿਹਾ ਜਵਾਬ ਦੇਣ ਤੋਂ ਬਾਅਦ ਮੇਰੀ ਨਜ਼ਰ ਧੀਰਜ ਵੱਲ ਗਈ ਹੈ ਤਾਂ ਉਹ ਵੀ ਮੇਰੇ ਵੱਲ ਟਿਕਟਿਕੀ ਲਾਈ ਵੇਖ ਰਿਹਾ ਸੀ। ਮੇਰੇ ਨਾਲ ਅੱਖ ਮਿਲਣ ਤੇ ਉਹ ਆਪਣੀ ਥਾ ਤੋਂ ਉਠ ਖੜ੍ਹਾ ਹੋਇਆ ਹੋਇਆ ਹੈ।ਭਾਵੇਂ ਮੈਂ ਉਸ ਨਾਲ ਸਾਰੇ ਰਿਸ਼ਤੇ ਤੋੜਣ ਦਾ ਮਨ ਬਣਾਇਆ ਹੋਇਆ ਸੀ ਫਿਰ ਵੀ ਉਸ ਵੱਲੋਂ ਦੋਹਾਂ ਧਿਰਾ ਦੀਆ ਪੰਚਾਇਤ ਅੱਗੇ ਹੱਥ ਜੋੜ ਕੇ ਇਹ ਬੇਨਤੀ ਮੈਨੂੰ ਬਹੁਤ ਚੰਗੀ ਲੱਗੀ ਹੈ ਕਿ ਉਸਨੂੰ ਮੇਰੇ ਨਾਲ-ਨਾਲ ਇੱਕਲਿਆਂ ਪੰਜ ਮਿੰਟ ਗੱਲ ਕਰਨ ਦਾ ਸਮਾਂ ਦਿੱਤਾ ਜਾਵੇ।

"ਕਿਉਂ ਨਹੀਂ ਭਾਈ ਜ਼ਰੂਰ ਕਰੋ ..ਆਪਸ 'ਚ ਗੱਲ... ਕੀ ਪਤਾ ਕਹਾਣੀ ਸੁਲਝ ਹੀ ਜਾਵੇ।ਸਾਰਿਆਂ ਨੇ ਸਾਂਝੀ ਸਹਿਮਤੀ ਦੇ ਦਿੱਤੀ ਹੈ । ਪੰਚਾਇਤ ਤੇ ਉਸਦਾ ਮਾਣ ਰੱਖਣ ਕਈ ਮੈਂ ਵੀ ਉਸਦੇ ਮਗਰ ਹੀ ਤੁਰ ਪਈ ਹਾਂ। ਅਸਲ ਵਿਚ ਇਹ ਮੌਕਾ ਤਾਂ ਮੈਂ ਵੀ ਭਾਲਦੀ ਸਾਂ। ਉਸਨੂੰ ਮੇਰੇ ਕਾਰਨ ਕੋਈ ਕਸੂਰ ਨਾ ਹੋਣ 'ਤੇ ਵੀ ਸਜ਼ਾ ਭੁਗਤਣੀ ਪੈ ਰਹੀ ਹੈ.... ਘੱਟੋ ਘੱਟ ਮੈਨੂੰ ਉਸ ਤੋਂ ਮੁਆਫੀ ਤਾਂ ਮੰਗਣੀ ਹੀ ਚਾਹੀਦੀ ਹੈ ।ਮੈਂ ਆਪਣੇ ਅੰਦਰੋਂ ਉਹ ਸ਼ਬਦ ਲੱਭਣ ਦੀ ਕੋਸ਼ਿਸ਼ ਕਰ ਰਹੀ ਤਾਂ ਜਿਨ੍ਹਾਂ ਰਾਹੀਂ ਉਸਤੋਂ ਮੁਆਫੀ ਮੰਗ ਸਕਾਂ।ਅਸੀਂ ਦੋਹੇ ਜੁੜੀ ਪੰਚਾਇਤ ਤੋਂ ਕੁਝ ਦੂਰ 'ਤੇ ਨਿੰਮ ਹੇਠ ਡਾਹੀਆਂ ਕੁਰਸੀਆਂ 'ਤੇ ਜਾ ਬੈਠੇ ਹਾਂ।

"ਵੇਖ ਸੁਮਨ ਆਪਾ ਦੋ ਰਾਤਾਂ ਦੋਸਤਾਂ ਵਾਂਗ ਗੁਜਾਰੀਆ ਨੇ ,ਉਸ ਦੋਸਤੀ ਦੇ ਨਾਤੇ ਹੀ ਤੇਰੇ ਨਾਲ ਇਹ ਗੱਲ ਸਾਂਝੀ ਕਰ ਰਿਹਾ ਹਾਂ। ਆਪਣੇ ਵਿਚਕਾਰ ਕੋਈ ਅਜਿਹੀ ਸਮੱਸਿਆ ਨਹੀਂ ਹੈ ਜਿਸ ਨੂੰ ਆਪਾ ਮਿਲ ਕੇ ਸੁਲਝਾ ਨਾ ਸਕੀਏ । ਤੇਰੇ ਏਥੇ ਆਉਣ ਤੋਂ ਬਾਅਦ ਮੇਰੀ ਕਈ ਸਕਾਇਲੋਜਿਸਟਾਂ ਨਾਲ ਗੱਲ ਹੋਈ ਹੈ .. ਸਾਰਿਆਂ ਦਾ ਇਹੋ ਕਹਿਣਾ ਹੈ ਕਿ ਤੇਰੇ ਅੰਦਰ ਬੈਠਾ ਡਰ ਕੁਝ ਦਿਨਾਂ ਦੀ ਟਰੀਟਮੈਂਟ ਤੇ ਕੌਸਲਿੰਗ ਨਾਲ ਹੀ ਨਾਲ ਦੂਰ ਹੋ ਜਾਵੇਗਾ ... ਕਿਉਂ ਨਾ ਇਕ ਮੌਕਾ ਆਪਾ ਹਾਸਿਲ ਕਰ ਕੇ ਵੇਖੀਏ ..... ਫਿਰ ਤੂੰ ਜਿਵੇਂ ਮਰਜ਼ੀ ਕਰੀਂ ।" ਧੀਰਜ ਨੇ ਬਿਨਾਂ ਕਿਸੇ ਭੂਮਿਕਾ ਤੋਂ ਆਪਣੇ ਦਿਲ ਦੀ ਗੱਲ ਕਹੀ ਹੈ।

ਧੀਰਜ ਦੇ ਇਹਨਾਂ ਬੋਲਾਂ ਦੀ ਤਾਂ ਮੈਨੂੰ ਬਿਲਕੁਲ ਹੀ ਉਡੀਕ ਨਹੀਂ ਸੀ ਤੇ ਨਾ ਹੀ ਇਹ ਸੁਣਨ ਦੀ ਮੈਨੂੰ ਕੋਈ ਆਸ ਸੀ । ਧੀਰਜ ਵਿਚਲੇ ਧੀਰਜ ਕਾਰਨ ਚਿਰਾਂ ਤੋਂ ਰੋਕ ਰਖਿਆ ਮੇਰਾ ਰੋਣ ਫੁਟ ਪਿਆ ਹੈ। ਮੇਰੀ ਰੋਣ ਦੀ ਅਵਾਜ਼ ਪੰਚਾਇਤ ਦੇ ਕੰਨੀ ਵੀ ਪੈ ਰਹੀ ਹੈ । ਉਹ ਹੁਣ ਮੈਨੂੰ ਆਪਣੇ ਮੋਢੇ ਨਾਲ ਲਾ ਕੇ ਚੁਪ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਪਹਿਲੀ ਰਾਤ ਵਾਂਗ ਉਸਦੀਆਂ ਉਂਗਲਾਂ ਮੇਰੇ ਸਿਰ ਦੇ ਵਾਲਾਂ ਵਿਚ ਫਿਰ ਰਹੀਆਂ ਹਨ।

...... ਜੁੜੀ ਸਾਰੀ ਪੰਚਾਇਤ ਹੈਰਾਨੀ ਨਾਲ ਸਾਡੇ ਵੱਲ ਵੇਖ ਰਹੀ ਹੈ ।

***

ਕਹਾਣੀ:

# ਜ਼ੀਰਾ-ਆਲੂ

**-ਬਲਬੀਰ ਪਰਵਾਨਾ**

ਬਰੇਕਫਾਸਟ ਕਰਦਿਆਂ ਉਹ ਨਾਲੋ-ਨਾਲ ਦਸ ਵਜੇ ਵਾਲਾ ਪੰਜਾਬੀ ਖ਼ਬਰਾਂ ਦਾ ਬੁਲੇਟਿਨ ਦੇਖ ਰਿਹਾ ਸੀ ਕਿ ਸੁਨੀਲ ਸੂਰੀ ਦਾ ਫੋਨ ਆ ਗਿਆ, "ਕਰਨਪਾਲ ਕੀ ਕਰ ਰਹੇ ਹੋ ?"

"ਪੰਜਾਬ ਬਾਰੇ ਬੁਲੇਟਿਨ ਦੇਖ ਰਿਹਾਂ, ਸਰ... ਆਪਣੇ ਸ਼ਹਿਰ 'ਚ ਤੇਈ ਨਵੇਂ ਪਾਜੇਟਿਵ ਕੇਸ ਆ ਗਏ ਐ।" ਉਸਨੇ ਰਿਮੋਟ ਫੜ੍ਹ ਟੀ.ਵੀ. ਦੀ ਆਵਾਜ਼ ਹੌਲੀ ਕਰਦਿਆਂ ਦੱਸਿਆ।

"ਮੈਂ ਵੀ ਤੁਹਾਨੂੰ ਇਸ ਬਾਰੇ ਹੀ ਕਹਿਣਾ ਸੀ... ਅੱਜ ਇਸ 'ਤੇ ਕੇਂਦਰਿਤ ਕਰੋ। ਸੱਤਾਧਾਰੀ ਪਾਰਟੀ ਤੇ ਵਿਰੋਧੀ ਆਗੂ ਕੀ ਕਹਿੰਦੇ ਹਨ, ਉਨ੍ਹਾਂ ਨਾਲ ਗਲਬਾਤ ਕਰਕੇ ਆਓ... ਫੋਨ 'ਤੇ ਹੀ ਨਾ ਰੀਐਕਸ਼ਨ ਲੈ ਲੈਣੇ, ਖੁਦ ਜਾਣਾ...। ਇਹ ਸੰਪਾਦਕ ਸਾਹਬ ਦਾ ਹੁਕਮ ਹੈ!" ਸੂਰੀ ਸਥਾਨਕ ਐਡੀਸ਼ਨ ਦਾ ਇੰਚਾਰਜ ਸੀ, ਉਸਦਾ ਸਿੱਧਾ ਬਾਸ, "ਇਹ ਕਵਰੇਜ ਅੱਜ ਫੋਟੋ-ਫੀਚਰ ਵਜੋਂ ਜਾਵੇਗੀ।"

"ਠੀਕ ਐ ਸਰ।"

"ਤੇ ਜਿਥੇ-ਜਿਥੇ ਰਾਸ਼ਨ ਵੰਡਿਆ ਜਾਣਾ ਹੈ, ਉਹ ਵੀ ਟਰੈਕ ਕਰੋ! ਇਹ ਵੀ ਕੋਈ ਈਵੈਂਟਸ ਨੀ ਛੁੱਟਣਾ ਚਾਹੀਦਾ।"

"ਜੀ ਸਰ।"

"ਸਮਾਲ ਸਕੇਲ ਇੰਡਸਟਰੀਜ਼ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਸਨੀ ਮਹਿਤਾ ਨਾਲ ਗਲਬਾਤ ਦਾ ਏਜੰਡਾ ਵੀ ਅੱਜ ਦੇ ਰੁਝੇਵਿਆਂ 'ਚ ਰੱਖੋ... ਜੇ ਉਹ ਅੱਜ ਅਬੇਲਏਬਲ ਹੋਵੇ, ਅੱਜ ਜਾਂ ਕੱਲ.... ਇਹ ਕਵਰੇਜ ਹਰ ਹਾਲਤ 'ਚ ਹੋਣੀ ਚਾਹੀਦੀ ਹੈ। ਲਾਕ-ਡਾਊਨ ਤੋਂ ਪਹਿਲਾਂ ਉਸਦੀ ਐਸੋਸੀਏਸ਼ਨ ਦੇ ਸਭ ਤੋਂ ਵੱਧ ਇਸ਼ਤਿਹਾਰ ਸਾਡੇ ਛਪਦੇ ਰਹੇ ਐ, ਪਰ ਅਸੀਂ ਇਨ੍ਹਾਂ ਦਿਨਾਂ 'ਚ ਉਸਦੀ ਇਕ ਵੀ ਕਵਰੇਜ ਨਹੀਂ ਕੀਤੀ। ਅੱਜ 'ਕਰਵੱਟ' ਵਾਲਿਆਂ ਉਸਦਾ ਬਿਆਨ ਮੁਖ ਪੰਨੇ 'ਤੇ ਛਾਪਿਆ ਹੋਇਆ... ਤੁਹਾਨੂੰ ਇਸ਼ਤਿਹਾਰੀ ਸਾਮੀਆਂ ਦਾ ਖਿਆਲ ਰੱਖਣਾ ਚਾਹੀਦਾ!"

"ਸਰ, ਮੈਂ ਕਰਦਾਂ ਅੱਜ ਹੀ... ਨਹੀਂ ਤਾਂ ਕੱਲ ਜ਼ਰੂਰ ਹੀ ਕਰ ਲਵਾਂਗਾ!" ਉੱਧਰੋਂ ਫੋਨ ਕੱਟ ਹੋ ਗਿਆ ਤਾਂ ਉਸਨੇ ਵੀ ਮੋਬਾਇਲ ਬੰਦ ਕਰ ਮੇਜ਼ 'ਤੇ ਰੱਖਿਆ ਤੇ ਟੀ.ਵੀ. ਦੀ ਆਵਾਜ਼ ਉੱਚੀ ਕਰ ਲਈ।

"ਪਾਪਾ, ਆਪਕੇ ਪਾਸ ਤੋਂ ਪਾਸ ਹੈ! ਹਮੇ ਘੁੰਮਾ ਕਰ ਲਾਓ ਨਾ!" ਸੂਖਮ ਨੇ ਪਲੇਟ 'ਚੋਂ ਪਰੌਂਠੀ ਦੀ ਬੁਰਕੀ ਤੋੜਦਿਆਂ ਕਿਹਾ।

"ਬੇਟੇ, ਹਰ ਚੀਜ਼ ਤਾਂ ਬੰਦ ਪਈ ਹੈ... ਰੈਸਟੋਰੈਂਟ, ਮੌਲਜ਼, ਪਾਰਕਾਂ... ਕਿਤੇ ਕੁਝ ਵੀ ਖੁੱਲ੍ਹਾ ਨਹੀਂ..." ਉਸਨੇ ਉਸਦੇ ਵਾਲਾਂ ਨੂੰ ਸਹਿਲਾਉਂਦਿਆਂ ਪਿਆਰ ਨਾਲ ਕਿਹਾ, "ਖੁੱਲ੍ਹ ਲੈਣ ਦੇ, ਕਿਤੇ ਜ਼ਰੂਰ ਲੈ ਕੇ ਜਾਵਾਂਗੇ।" ਉਸਨੇ ਉਸਨੂੰ ਵਰਚਾਉਣ ਲਈ ਕਹਿ ਦਿੱਤਾ। ਉਂਜ ਆਰਥਕ ਹਾਲਤ ਬੇਹੱਦ ਪਤਲੀ ਹੋਈ ਪਈ ਸੀ। ਘੁੰਮਣ ਫਿਰਨ ਜਾਣਾ ਤਾਂ ਕੀ, ਸੋਚਣਾ ਵੀ ਔਖਾ

ਲੱਗਣ ਲਗ ਪਿਆ ਸੀ। ਸਕੂਲ ਵਾਲਿਆਂ ਪੂਰਨਿਮਾ ਦੀ ਪਿਛਲੇ ਦੋ ਮਹੀਨਿਆਂ ਦੀ ਤਨਖਾਹ ਨਹੀਂ ਸੀ ਪਾਈ ਅਕਾਊਂਟ 'ਚ। ਉਨ੍ਹਾਂ ਦਾ ਸਪੱਸ਼ਟ ਘੜਿਆ-ਘੜਾਇਆ ਜੁਆਬ ਸੀ, "ਕੋਈ ਫੀਸ ਹੀ ਨਹੀਂ ਆਈ, ਨਾ ਦਾਖਲੇ... ਤਨਖਾਹਾਂ ਕਿਥੋਂ ਦੇਈਏ ?" ਅੱਗੋਂ ਵੀ ਪਤਾ ਨਹੀਂ, ਸਕੂਲ ਕਦੋਂ ਖੁੱਲ੍ਹਣਾ ਸੀ। ਕਦੋਂ ਤਨਖਾਹ ਮਿਲੇਗੀ ? ਬੰਦ ਰਹਿਣ ਵਾਲੇ ਇਨ੍ਹਾਂ ਮਹੀਨਿਆਂ ਦੀ ਮਿਲੇਗੀ ਵੀ ਕਿ ਨਹੀਂ ? ਏਨੀ ਅਨਿਸ਼ਚਿੱਤਤਾ ਉਨ੍ਹਾਂ ਨੇ ਕਦੀ ਨਹੀਂ ਸੀ ਹੰਢਾਈ। ਇਕੱਲੇ ਉਸਦੇ ਤੀਹ ਹਜ਼ਾਰ ਨਾਲ ਘਰਦਾ ਖਰਚਾ ਚਲਣਾ ਮੁਸ਼ਕਲ ਹੀ ਨਹੀਂ, ਅਸੰਭਵ ਵੀ ਸੀ। ਪੰਜ ਹਜ਼ਾਰ ਮਹੀਨੇ ਦੀ ਬਾਈਕ ਦੀ ਕਿਸ਼ਤ, ਚਾਰ ਹਜ਼ਾਰ ਐਕਟਿਵਾ ਦੀ, ਪੰਜ ਹਜ਼ਾਰ ਮਕਾਨ ਦਾ ਕਿਰਾਇਆ, ਚਾਰ ਹਜ਼ਾਰ ਸੂਖਮ ਦੀ ਸਕੂਲ ਫੀਸ। ਇਹ ਤਾਂ ਮੋਟੇ-ਮੋਟੇ ਖਰਚੇ ਸਨ ਜਿਹੜੇ ਤਨਖਾਹ ਮਿਲਦਿਆਂ ਹੀ ਨਿਕਲਣੇ ਹੁੰਦੇ। ਪੈਟਰੋਲ, ਰੋਟੀ-ਪਾਣੀ ਤੇ ਹੋਰ ਖਰਚੇ ਵੱਖ। ਬੜੀ ਮੁਸ਼ਕਲ ਨਾਲ ਸਭ ਕੁਝ ਚਲ ਰਿਹਾ ਸੀ ਕਿ ਅਚਾਨਕ ਕਰੋਨਾ ਦਾ ਕਹਿਰ ਆ ਗਿਆ।

"ਕਬ ਖੁਲ੍ਹੇਗਾ ਯੇਹ !" ਸੂਖਮ ਅਕਸਰ ਹਿੰਦੀ 'ਚ ਗਲਬਾਤ ਕਰਦੀ ਜਾਂ ਅੰਗਰੇਜ਼ੀ ਰਲੀ ਹਿੰਦੀ 'ਚ। ਸਕੂਲ ਤਾਂ ਕੀ, ਪੂਰਨਿਮਾ ਘਰ 'ਚ ਵੀ ਸਕੂਲ ਵਰਗਾ ਮਾਹੌਲ ਬਣਾਈ ਰੱਖਦੀ ਸੀ। ਉਹ ਕਿਤੇ ਪੰਜਾਬੀ ਬੋਲਣ ਲਗ ਪਵੇ ਤਾਂ ਉਸਨੂੰ ਟੋਕ ਦਿੰਦੀ। ਉਸਦੀ ਗਲ ਦਾ ਜੁਆਬ ਨਾ ਦੇ ਕੇ, ਉਹ ਮਨ ਹੀ ਮਨ ਅੱਜ ਦੇ ਰੁਝੇਵਿਆਂ ਨੂੰ ਤਰਤੀਬ ਦੇਣ ਲੱਗਾ। ਪੰਜਾਬੀ ਚੈਨਲ ਤੋਂ ਮਸ਼ਹੂਰੀਆਂ ਸ਼ੁਰੂ ਹੋ ਗਈਆਂ ਤਾਂ ਉਸਨੇ ਐਨ.ਡੀ.ਟੀ.ਵੀ. ਲਾ ਲਿਆ। ਰਵੀਸ਼ ਕੁਮਾਰ ਆਪਣੇ ਹੀ ਅੰਦਾਜ਼ 'ਚ ਵੱਖ-ਵੱਖ ਥਾਵਾਂ 'ਤੇ ਫਸੇ ਪਰਵਾਸੀ ਮਜ਼ਦੂਰਾਂ ਦੀ ਹਾਲਤ ਬਿਆਨ ਕਰ ਰਿਹਾ ਸੀ ਜਿਨ੍ਹਾਂ ਕੋਲ ਨਾ ਕੰਮ ਸੀ, ਨਾ ਰਹਿਣ ਦੀ ਕੋਈ ਥਾਂ ਤੇ ਨਾ ਪੈਸੇ। ਨਾ ਘਰ ਮੁੜਨ ਦਾ ਕੋਈ ਸਾਧਨ। ਕਈ ਤਾਂ ਸੈਂਕੜੇ ਨਹੀਂ, ਹਜ਼ਾਰਾਂ ਮੀਲਾਂ ਦਾ ਸਫ਼ਰ ਪੈਦਲ ਹੀ ਨਿਕਲ ਤੁਰੇ ਸਨ ਆਪਣੇ ਸਾਮਾਨ ਵਾਲੀਆਂ ਗੰਢਾਂ ਸਿਰਾਂ 'ਤੇ ਰੱਖੀ, ਆਪਣੇ-ਆਪਣੇ ਪਿੰਡਾਂ/ਕਸਬਿਆਂ/ਸ਼ਹਿਰਾਂ ਵਲ। "ਪਾਪਾ, ਆਪ ਨੇ ਬਤਾਇਆ ਨਹੀਂ, ਕਬ ਖੁੱਲ੍ਹੇਗਾ ਯੇਹ ਲਾਕ-ਡਾਊਨ !" ਸੂਖਮ ਨੇ ਮੁੜ ਪੁੱਛਿਆ ਤਾਂ ਉਸਨੇ ਟੀ.ਵੀ. ਵਲੋਂ ਨਜ਼ਰਾਂ ਮੋੜ ਕੇ ਉਸ ਵੱਲ ਤੱਕਦਿਆਂ ਕਿਹਾ, "ਪਤਾ ਨਹੀਂ ਬੇਟੇ !"

"ਤੇਰੇ ਪਾਪਾ ਕੋ ਕਯਾ ਫਰਕ ਪੜਤਾ ਹੈ ! ਸਵੇਰੇ ਨਿਕਲ ਜਾਤੇ ਹੈ ਔਰ ਦੇਰ ਰਾਤ ਕੋ ਘਰ ਮੁੜਨਾ ", ਪੂਰਨਿਮਾ ਨੇ ਅਕੇਵੇਂ ਨਾਲ ਕਿਹਾ। ਉਸਨੂੰ ਲਗਾਤਾਰ ਘਰ ਅੰਦਰ ਰਹਿਣਾ ਔਖਾ ਲਗ ਰਿਹਾ ਸੀ ਭਾਵੇਂ ਆਂਢ-ਗੁਆਂਢ ਦੀਆਂ ਪੰਜ ਚਾਰ ਜਣੀਆਂ ਅਕਸਰ ਬਾਹਰ ਗਲੀ 'ਚ ਨਿਕਲ ਗੱਲਾਂ ਮਾਰ ਲੈਂਦੀਆਂ। ਇਨ੍ਹਾਂ ਦਿਨਾਂ 'ਚ ਉਹ ਚਮੜੀ ਤੇ ਸਿਹਤ ਸੰਭਾਲ ਬਾਰੇ ਕੀ ਨੁਸਖੇ ਅਜਮਾ ਰਹੀਆਂ ਸਨ, ਬਹੁਤੀਆਂ ਗੱਲਾਂ ਇਨ੍ਹਾਂ ਬਾਰੇ ਹੁੰਦੀਆਂ ਜਾਂ ਫਿਰ ਦੇਖੇ ਸੀਰੀਅਲਾਂ ਬਾਰੇ। ਆਪਣੇ ਸ਼ਹਿਰ 'ਚ ਵਧ ਰਹੇ ਕੇਸਾਂ ਦੀ ਗਿਣਤੀ ਬਾਰੇ ਵੀ। ਇਸ ਬਾਰੇ ਹਰ ਇਕ ਦੀ ਰਾਇ ਇਸ ਤਸੱਲੀ 'ਤੇ ਆ ਕੇ ਮੁੱਕਦੀ, 'ਅਜੇ ਆਪਣੀ ਕਲੋਨੀ ਬਚੀ ਹੋਈ ਐ। ਰੱਬ, ਇਵੇਂ ਹੀ ਮਿਹਰ ਰੱਖੇ।' ਜਾਂ ਫਿਰ ਮੋਬਾਇਲ 'ਤੇ ਸਹੇਲੀਆਂ/ਰਿਸ਼ਤੇਦਾਰੀਆਂ 'ਚ ਲੰਮੀਆਂ-ਚੌੜੀਆਂ ਗੱਲਾਂ, ਚੈਟਿੰਗ। ਕਿਤੇ ਨੈੱਟ ਦੀ ਸੁਵਿੱਧਾ ਨਾ ਹੁੰਦੀ ਤਾਂ ਕੀ ਬਣਦਾ ? "ਕੈਦ ਤਾਂ ਸਾਨੂੰ ਹੋਈ ਐ ਨਾ।" ਉਸਦੀ ਸੁਰ 'ਚ ਅਕੇਵੇਂ ਦੇ ਨਾਲ-ਨਾਲ ਚਿੜ ਵੀ ਸੀ। ਉਸਦਾ ਬਿਊਟੀ-ਪਾਰਲਰ ਛੁੱਟਿਆ ਹੋਇਆ ਸੀ, ਸ਼ਾਪਿੰਗ ਛੁੱਟੀ ਹੋਈ ਸੀ। ਸਭ ਤੋਂ ਵੱਡੀ ਗਲ ਕਿ ਆਰਥਕ ਸਰੋਤ ਬੁਰੀ ਤਰ੍ਹਾਂ ਸੁੰਗੜ ਗਏ ਸਨ ਤੇ ਸਮਝ ਨਹੀਂ ਸੀ ਆ ਰਹੀ ਘਰ ਕਿਵੇਂ ਚਲੇਗਾ ? ਹਰ ਪਲ ਤਣਾਅ, ਪ੍ਰੇਸ਼ਾਨੀਆਂ ਦੀਆਂ ਘਿਰ-

ਘਿਰ ਆਉਂਦੀਆਂ ਸੋਚਾਂ। ਪਹਿਲਾਂ ਉਹ ਦੋ ਵਜੇ ਸਕੂਲ ਤੋਂ ਆਉਂਦੀ ਸੀ, ਉਸ ਨਾਲ ਹੀ ਸੂਖਮ ਵੀ। ਸਵੇਰੇ ਦੋਵੇਂ 'ਕੱਠੀਆਂ ਜਾਂਦੀਆਂ ਤੇ 'ਕੱਠੀਆਂ ਮੁੜ ਆਉਂਦੀਆਂ। ਇਸ ਨਾਲ ਸੂਖਮ ਦਾ 'ਬਸ-ਫੇਅਰ' ਦਾ ਡੇਢ ਹਜ਼ਾਰ ਬਚ ਜਾਂਦਾ ਸੀ ਭਾਵੇਂ ਸਕੂਲ ਵਾਲਿਆਂ ਉਸਦੀ ਫੀਸ 'ਚ ਕੋਈ ਰਿਆਇਤ ਨਹੀਂ ਸੀ ਕੀਤੀ। ਘਰ ਆ ਕੁਝ ਖਾ ਪੀ ਕੇ ਮਾਵਾਂ-ਧੀਆਂ ਆਰਾਮ ਕਰਦੀਆਂ। ਚਾਰ ਵਜੇ ਉਸਨੂੰ ਉਠਾ ਕੇ ਉਹ ਕਰੈੱਚ ਬਨਾਮ ਟਿਊਸ਼ਨ 'ਤੇ ਛੱਡ ਆਉਂਦੀ, ਜਿਥੇ ਉਹ ਹੋਮਵਰਕ ਕਰ ਲੈਂਦੀ। ਦੂਸਰੇ ਹਮ-ਉਮਰ ਬੱਚਿਆਂ ਨਾਲ ਖੇਡ ਵੀ ਲੈਂਦੀ। ਉਸਨੂੰ ਛੱਡ ਕੇ ਆ, ਆਪ ਉਹ ਨੌਵੀਂ ਦਸਵੀਂ ਦੇ ਬੱਚਿਆਂ ਨੂੰ ਅੰਗਰੇਜ਼ੀ ਦੀਆਂ ਟਿਊਸ਼ਨਾਂ ਪੜ੍ਹਾਉਣ ਲਗ ਪੈਂਦੀ। ਚਾਰ ਤੋਂ ਸੱਤ ਵਜੇ ਤੱਕ ਉਹ ਡੇਢ-ਡੇਢ ਘੰਟੇ ਦੇ, ਪੰਜ-ਪੰਜ ਬੱਚਿਆਂ ਦੇ ਗਰੁੱਪ ਪੜ੍ਹਾਉਂਦੀ ਸੀ। ਹਰ ਇਕ ਤੋਂ ਡੇਢ ਹਜ਼ਾਰ ਲੈਂਦੀ। ਪੰਦਰਾਂ ਹਜ਼ਾਰ ਇਹ ਟਿਊਸ਼ਨਾਂ ਵਾਲਾ ਆ ਜਾਂਦਾ, ਚੌਦਾਂ ਹਜ਼ਾਰ ਤਨਖਾਹ। ਭਾਵੇਂ ਉਸ ਨੂੰ ਮਿਹਨਤ ਤਾਂ ਬਹੁਤ ਕਰਨੀ ਪੈਂਦੀ, ਪਰ ਇਸ ਨਾਲ ਹੱਥ ਖੁੱਲ੍ਹਾ ਚਲ ਰਿਹਾ ਸੀ। ਲੋੜਾਂ ਆਰਾਮ ਨਾਲ ਪੂਰੀਆਂ ਹੋਈ ਜਾਂਦੀਆਂ। ਪਰ ਇਹ ਸਰੋਤ ਬੰਦ ਹੋ ਗਏ ਸਨ, ਉਪਰੋਂ ਇਨ੍ਹਾਂ ਬਾਰੇ ਬਣ ਗਈ ਅਨਿਸ਼ਚਿੱਤਤਾ!

ਉਸਨੇ ਉਸਦੀ ਚਿੜ ਵਾਲੀ ਸੁਰ ਨੂੰ ਬੇਧਿਆਨੀ ਕਰ ਦਿੱਤਾ। ਕੁਝ ਉਸਦਾ ਧਿਆਨ ਰਵੀਸ਼ ਦੇ ਪ੍ਰੋਗਰਾਮ ਨੇ ਮੱਲਿਆ ਹੋਇਆ ਸੀ। ਉਸਨੂੰ ਦੇਖ ਉਸਨੂੰ ਲਗਦਾ, ਉਹ ਵੀ ਅਜਿਹੀ ਹੀ ਰਿਪੋਰਟਿੰਗ ਕਰੇ! ਗੈਸ ਬੰਦ ਕਰ ਆਪਣੀ ਪਰੌਂਠੀ ਵਾਲੀ ਪਲੇਟ ਲੈ ਉਹ ਵੀ ਡਾਇਨਿੰਗ ਟੇਬਲ 'ਤੇ ਉਨ੍ਹਾਂ ਕੋਲ ਆਣ ਕੇ ਬਹਿੰਦੀ, ਕੁਝ ਦੇਰ ਤਾਂ ਉਸਦੇ ਜੁਆਬ ਨੂੰ ਉਡੀਕਦੀ ਰਹੀ ਪਰ ਜਦੋਂ ਉਸਨੇ ਕੋਈ ਜੁਆਬ ਨਾ ਦਿੱਤਾ ਤਾਂ ਲਿਆਉਣ ਵਾਲੇ ਸਾਮਾਨ ਨੂੰ ਗਿਣਾਉਣ ਲੱਗ ਪਈ, "ਸਾਰਾ ਕੁਝ ਮੁੱਕਿਆ ਹੋਇਆ... ਆਂਡੇ, ਚਾਹਪੱਤੀ, ਬਿਸਕੁਟ, ਭੁਜੀਆਂ, ਦਾਲਾਂ... ਸ਼ਾਮ ਨੂੰ ਆਉਂਦਿਆਂ ਤੁਸੀਂ ਲੈ ਕੇ ਆਓਗੇ ਕਿ ਮੈਂ ਲੈ ਆਵਾਂ!"

"ਦੇਖ ਲੈ, ਜੋ ਜੋ ਵੀ ਜ਼ਰੂਰੀ ਹੈ... ਜਿਥੇ-ਜਿਥੇ ਹੋਰ ਕੱਟ ਲਗ ਸਕਦਾ, ਉਹ ਵੀ ਦੇਖ। ਏ.ਟੀ.ਐਮ. ਦਰਾਜ 'ਚ ਪਿਆ ਹੈ, ਦਸ ਹਜ਼ਾਰ ਕਢਾ ਲੈ ਉਸ 'ਚੋਂ... " ਪਚਵੰਜਾ ਹਜ਼ਾਰ ਜੋੜੇ ਹੋਏ ਸਨ, ਕਿਸੇ ਔਖੀ ਭਾਰੀ ਵੇਲੇ ਲਈ। ਉਨ੍ਹਾਂ 'ਚੋਂ ਦਸ ਹਜ਼ਾਰ ਪਿਛਲੇ ਮਹੀਨੇ ਕਢਾ ਲਏ ਸੀ। ਉਦੋਂ ਲਗਦਾ ਸੀ, ਮਹੀਨੇ ਕੁ ਭਰਦੀ ਗਲ ਹੈ, ਗੱਡੀ ਲੀਹ 'ਤੇ ਆ ਜਾਵੇਗੀ। ਪਰ ਇਹ ਨਹੀਂ ਸੀ ਪਤਾ ਕਿ ਤਾਣੀ ਇੰਨੀ ਉਲਝ ਜਾਣੀ ਹੈ।

"ਮੈਨੂੰ ਤਾਂ ਸਮਝ ਨੀ ਆਉਂਦੀ, ਹੋਰ ਕਿਥੇ ਕੱਟ ਲਗ ਸਕਦਾ!" ਆਚਾਰ ਨਾਲ ਲਾ ਕੇ ਉਸਨੇ ਪਰੌਂਠੀ ਦੀ ਬੁਰਕੀ ਮੂੰਹ 'ਚ ਪਾਈ। ਫਿਰ ਜਿਵੇਂ ਉਸਨੂੰ ਚੇਤਾ ਆ ਗਿਆ, ਸੂਖਮ ਵੀ ਨਾਲ ਹੀ ਬੈਠੀ ਹੋਈ ਹੈ। ਗਲ ਨੂੰ ਵਿਚਾਲੇ ਛੱਡ ਉਹ ਰਿਮੋਟ ਫੜ ਚੈਨਲ ਬਦਲਣ ਲੱਗੀ, "ਸਵੇਰੇ-ਸਵੇਰੇ ਰੋਣਾ-ਧੋਣਾ ਨਾ ਲਾ ਲਿਆ ਕਰੋ।" ਆਪਣਾ ਮਨਪਸੰਦ ਚੈਨਲ ਆ ਜਾਣ 'ਤੇ ਉਸਨੇ ਰਿਮੋਟ ਪਾਸੇ ਰੱਖ ਦਿੱਤਾ। 'ਮਾਤਾ ਕੀ ਭਗਤੀ' ਸੀਰੀਅਲ ਆ ਰਿਹਾ ਸੀ। ਇਹ ਉਸਦਾ ਮਨਪਸੰਦ ਸੀਰੀਅਲ ਸੀ। ਅੱਗੇ ਉਹ ਰਾਤ ਨੂੰ ਸਾਢੇ ਨੌਂ ਦੇਖਦੀ ਹੁੰਦੀ ਸੀ। ਦਿਨ 'ਚ ਇਹ ਦੋ ਵਾਰ ਆਉਂਦਾ। ਪਹਿਲਾਂ ਸਾਢੇ ਦਸ ਵਜੇ ਸਵੇਰੇ ਤੇ ਫਿਰ ਸਾਢੇ ਨੌਂ ਰਾਤ ਨੂੰ, ਉਹੀ ਰਿਪੀਟ।

"ਦੋ ਮਿੰਟ ਲੱਗਿਆ ਰਹਿਣ ਦਿੰਦੀ, ਦੇਸ਼ ਦੀ ਹਾਲਤ ਦਾ ਪਤਾ ਲਗ ਜਾਂਦਾ। ਸਮਾਂ ਪਲ-ਪਲ ਅਣਕਿਆਸੀਆਂ ਕਰਵੱਟਾਂ ਲੈ ਰਿਹਾ ਹੈ!" ਉਸਨੇ ਵਿਰੋਧ ਕੀਤਾ ਪਰ ਉਸ 'ਤੇ ਕੋਈ ਅਸਰ ਨਾ ਹੋਇਆ, ਸਗੋਂ ਉਲਟਾ ਪ੍ਰਵਚਨ ਕਰਨ ਲੱਗੀ, "ਤੁਹਾਨੂੰ ਕਿੰਨੀ ਵਾਰ ਕਿਹਾ,

ਇਹ ਰੋਣੇ-ਧੋਣੇ ਵਾਲੇ ਚੈਨਲ ਨਾ ਲਾਇਆ ਕਰੋ।"

...ਉਹ ਸੂਖਮ ਪ੍ਰਤੀ ਜਨੂੰਨੀ ਢੰਗ ਨਾਲ ਸੁਚੇਤ ਸੀ। ਉਸ ਸਾਹਮਣੇ ਘਰਦੀ ਕੋਈ ਔਖਿਆਈ ਵਾਲੀ ਗਲ ਵਾਹ ਲਗਦੀ ਨਾ ਕਰਦੀ। ਜਦੋਂ ਕਿ ਉਸਨੂੰ ਲਗਦਾ, ਘਰ 'ਚ ਤੁਸੀਂ ਬੱਚੇ ਤੋਂ ਬਹੁਤ ਕੁਝ ਲੁਕਾ ਕੇ ਨਹੀਂ ਰਖ ਸਕਦੇ। ਬੱਚੇ ਨੂੰ ਇਨ੍ਹਾਂ ਦੀ ਸਹਿਜ ਸਮਝ ਆਉਣੀ ਚਾਹੀਦੀ ਹੈ ਕਿ ਬਾਅਦ 'ਚ ਮਾਨਸਿਕ ਝਟਕੇ ਨਾ ਲੱਗਣ। ਘਰ 'ਚ ਹੁਣ ਦਹੀਂ ਸਿਰਫ਼ ਸੂਖਮ ਲਈ ਹੀ ਹੁੰਦਾ, ਮੱਖਣ ਵੀ। ਇਹ ਤਬਦੀਲੀ ਜਿਵੇਂ ਅਚੇਤ ਹੀ ਉਸਦੇ ਜ਼ਿਹਨ 'ਚ ਫਸ ਗਈ ਸੀ ਕਿ ਇਕ ਦਿਨ ਕਹਿੰਦੀ, "ਮੰਮਾ, ਨਾ ਆਪ ਦਹੀਂ ਖਾਤੇ ਹੋ ਨਾ ਪਾਪਾ ?"

"ਬੇਟੇ, ਮੁਝੇ ਡਾਕਟਰ ਨੇ ਮਨ੍ਹਾਂ ਕੀਤਾ ਹੈ ਔਰ ਪਾਪਾ ਕੋ ਵੀ।" ਉਸਨੇ ਉਸਦੀ ਤਸੱਲੀ ਕਰਨ ਦੀ ਕੋਸ਼ਿਸ਼ ਕੀਤੀ।

"ਡਾਕਟਰ ਮੁਝੇ ਤੋਂ ਮਨ੍ਹਾ ਨਹੀਂ ਕਰੇਂਗੇ।" ਉਹ ਜਿਵੇਂ ਫਿਕਰਮੰਦ ਹੋ ਗਈ, "ਮੁਝੇ ਤੋਂ ਬਹੁਤ ਟੇਸਟੀ ਲਗਤਾ ਹੈ!"

"ਨਹੀਂ ਬੇਟੇ, ਬੱਚੋਂ ਕੋ ਮਨਾ ਨਹੀਂ ਕਰਤੇ!"

ਚਹੁੰ ਕੁ ਸਾਲਾਂ ਦੀ ਉਹ ਦੇਖਦੀ ਤਾਂ ਹਰ ਚੀਜ਼ ਹੈ, ਨੋਟ ਵੀ ਕਰਦੀ ਹੈ, ਭਾਵੇਂ ਬਾਕੀ ਪਾਸਾਰ ਉਸਦੀ ਸਮਝ 'ਚ ਨਹੀਂ ਆਉਂਦੇ। ਨੋਟ ਤਾਂ ਉਸਨੇ ਪੂਰਨਿਮਾ ਦਾ ਬਿਊਟੀ-ਪਾਰਲਰ ਨਾ ਜਾਣਾ ਵੀ ਕਰ ਲਿਆ ਸੀ। ਕਹਿੰਦੀ, "ਮੰਮਾ, ਆਪ ਪਹਿਲੇ ਜਿਤਨੇ ਬਿਊਟੀਫੁੱਲ ਨਹੀਂ ਲਗਤੇ!"

"ਕਿਉਂ ਬੇਟੇ ?"

"ਆਪ ਕਾ ਚਿਹਰਾ ਸ਼ਾਇਨ-ਸ਼ਾਇਨ ਨਹੀਂ ਕਰਤਾ... ਆਪ ਬਿਊਟੀ-ਪਾਰਲਰ ਨਹੀਂ ਜਾਤੇ ਹੋ!"

"ਉਹ ਲਾਕ-ਡਾਊਨ ਕਰਕੇ ਬੰਦ ਹੈ ਬੇਟੇ।"...

..."ਇਸੇ ਸਮਾਜ 'ਚ ਜੀਣਾ ਹੈ। ਇਸੇ 'ਚੋਂ ਆਪਣੀ ਹੋਂਦ ਪ੍ਰਵਾਨ ਚੜ੍ਹਾਉਣੀ ਹੈ। ਇਸਦਾ ਕਿਉਂ ਨਹੀਂ ਪਤਾ ਹੋਣਾ ਚਾਹੀਦਾ... ਫਿਰ ਜਿਹੜਾ ਸੀਰੀਅਲ ਲਾ ਲਿਆ ਹੈ, ਉਸ 'ਚ ਵੀ ਕੀ ਹੈ।" ਉਸਨੇ ਬਿਨਾਂ ਉਤੇਜਿਤ ਹੋਇਆਂ ਉਸ ਨਾਲ ਦਲੀਲਬਾਜ਼ੀ ਦੀ ਕੋਸ਼ਿਸ਼ ਕੀਤੀ।

"ਆਪਣੀਆਂ ਪਰੰਪਰਾਵਾਂ, ਆਪਣੀਆਂ ਆਸਥਾਵਾਂ!"

'ਜੇ ਭਲਾ ਸਾਰਾ ਦਿਨ ਘਰ 'ਚ ਹੀ ਰਹਿਣਾ ਪਵੇ, ਘਰ 'ਚ ਹਰ ਵੇਲੇ 'ਮਹਾਂਭਾਰਤ' ਛਿੜਿਆ ਰਹੇ!' ਉਸਦੇ ਮਨ 'ਚ ਆਇਆ। ਕਰੋਨਾ ਨੇ ਬਹੁਤ ਕੁਝ ਸਤਿਹ 'ਤੇ ਲੈ ਆਂਦਾ ਸੀ ਜੋ ਕੁਝ ਅੰਦਰੇ-ਅੰਦਰ ਸੁਲਗ ਰਿਹਾ ਸੀ; ਜੀਉਣ ਸਲੀਕੇ ਦੇ ਫ਼ਰਕ, ਆਸਥਾਵਾਂ ਦੇ ਫ਼ਰਕ। ਨਾ ਕੇਵਲ ਉਨ੍ਹਾਂ ਦੇ, ਸਗੋਂ ਸਮੁੱਚੇ ਮੱਧ-ਵਰਗ ਨੂੰ ਕਰੋਨਾ ਨੇ ਬੇਨਕਾਬ ਕਰ ਦਿੱਤਾ ਸੀ। ਆਪਸੀ ਅੰਡਰ-ਸਟੈਂਡਿੰਗ, ਇਕ ਦੂਸਰੇ ਦੀਆਂ ਭਾਵਨਾਵਾਂ ਨੂੰ ਸਮਝਣਾ, ਇਕ ਦੂਸਰੇ ਦੇ ਜਜ਼ਬਿਆਂ ਦਾ ਸਤਿਕਾਰ ਕਰਨਾ, ਗਰੀਬ-ਗੁਰਬਿਆਂ ਲਈ ਸਹਾਇਤਾ ਜਿਹੇ ਲਫ਼ਜ ਸਪੱਸ਼ਟ ਬੇਮਾਇਨਾ ਹੁੰਦੇ ਦੇਖ ਰਿਹਾ ਸੀ ਉਹ। ਇਕ-ਇਕ ਵਕਤ ਦੇ ਖਾਣੇ ਲਈ ਸਾਰਾ-ਸਾਰਾ ਦਿਨ ਲੱਗੀਆਂ ਰਹਿੰਦੀਆਂ ਲੰਮੀਆਂ-ਲੰਮੀਆਂ ਲਾਈਨਾਂ। ਉਹ ਵੀ ਕਦੀ ਮਿਲ ਜਾਂਦਾ ਕਦੀ ਨਹੀਂ। ਭੁੱਖ ਨਾਲ ਵਿਲਕਦੇ ਹੋਏ ਬੱਚੇ। ਆਪਣੇ-ਆਪਣੇ ਘਰਾਂ ਲਈ ਸੈਂਕੜੇ, ਹਜ਼ਾਰਾਂ ਮੀਲਾਂ ਦੇ ਸਫ਼ਰ 'ਤੇ ਨਿਕਲ ਤੁਰੇ ਮਜ਼ਦੂਰ; ਪੈਦਲ, ਸਾਈਕਲਾਂ ਜਾਂ ਰਿਕਸ਼ਿਆਂ 'ਤੇ ਵੀ। ਟਰੱਕਾਂ, ਟੈਂਪੂਆਂ 'ਚ

ਸਾਮਾਨ ਦੀਆਂ ਗੰਢਾਂ ਵਾਂਗ ਤੂੜ-ਤੂੜ ਕੇ ਭਰੇ ਹੋਏ ਵੀ। ਉਹ ਕੋਈ ਦੇਸ਼ ਜਿੱਤਣ ਨਹੀਂ ਜਾ ਰਹੇ ਸਨ, ਨਾ ਹੀ ਉਨ੍ਹਾਂ ਦੇ ਘਰਾਂ 'ਚ ਕੋਈ ਵਿਆਹ, ਮੰਗਣਾ ਸੀ ਕਿ ਉਨ੍ਹਾਂ ਦਾ ਘਰ ਪੁੱਜਣਾ ਜ਼ਰੂਰੀ ਸੀ। ਜਿੱਥੇ ਮੁੜ ਰਹੇ ਸਨ, ਉਥੇ ਉਨ੍ਹਾਂ ਲਈ ਕੋਈ ਕੰਮ ਨਹੀਂ ਸੀ ਉਡੀਕ ਰਿਹਾ। ਦੇਰ-ਸਵੇਰ ਉਥੋਂ ਵੀ ਵਾਪਸ ਮੁੜਨਗੇ ਕੰਮ ਦੀ ਭਾਲ 'ਚ! ਪਰ ਕੀ ਕਰਨ...?... ਇਸ ਵਕਤ ਉਨ੍ਹਾਂ ਦਾ ਢਿੱਡ ਭੁੱਖਾ ਸੀ ਤੇ ਅਜਨਬੀ ਥਾਂ 'ਤੇ ਉਨ੍ਹਾਂ ਨੂੰ ਰੋਟੀ ਨਹੀਂ ਸੀ ਮਿਲ ਰਹੀ। ਮੌਤ ਦੇ ਖੌਫ਼, ਢਿੱਡ ਦੀ ਭੁੱਖ ਨੇ ਉਨ੍ਹਾਂ ਨੂੰ ਆਪਣੇ ਘਰਾਂ, ਪਿੰਡਾਂ ਵੱਲ ਚਾਲੇ ਪਾਉਣ ਲਈ ਮਜਬੂਰ ਕਰ ਦਿੱਤਾ ਸੀ। ਕਿਹੀ ਅਜੀਬ ਗੱਲ ਸੀ ਕਿ ਮੌਤ ਦੇ ਖੌਫ਼ ਤੇ ਭੁੱਖ ਨਾਲ ਕਰਾਹੁੰਦੇ ਉਨ੍ਹਾਂ ਦੇ ਇਸ ਸਫ਼ਰ ਨੂੰ 'ਸੁਭਾਵਿਕ ਪਰਵਿਰਤੀ' ਦਰਸਾਇਆ ਜਾ ਰਿਹਾ ਸੀ; ਤੇ ਮੱਧ ਵਰਗ ਇਸ 'ਜੁਮਲੇ' ਨੂੰ ਚੁਪਚਾਪ ਆਤਮਸਾਤ ਕਰ ਰਿਹਾ ਸੀ, ਆਪਣੇ-ਆਪਣੇ ਘਰਾਂ 'ਚ ਮਨਪਸੰਦ ਖਾਣੇ ਖਾਂਦਿਆਂ, ਸੀਰੀਅਲ ਦੇਖਦਿਆ ਜਾਂ ਸੋਸ਼ਲ ਨੈਟ-ਵਰਕਿੰਗ 'ਤੇ ਹਮਦਰਦੀ ਦੇ ਮਗਰਮੱਛੀ ਹੰਝੂ ਵਹਾਉਂਦਿਆਂ।

ਉਨ੍ਹਾਂ ਦੇ ਘਰ 'ਚ ਸਵੇਰੇ ਉੱਠਣ ਦਾ ਰੂਟੀਨ ਅਜਕੱਲ੍ਹ ਗੜਬੜਾਇਆ ਹੋਇਆ ਸੀ। ਸਭ ਤੋਂ ਪਹਿਲਾਂ ਓਹੀ ਉੱਠਦਾ ਸਾਢੇ ਕੁ ਛੇ ਵਜੇ। ਉੱਠ ਕੇ ਆਪਣੇ ਲਈ ਚਾਹ ਬਣਾਉਂਦਾ ਤੇ ਕੱਪ ਲੈ ਬਾਹਰ ਪੋਰਚ 'ਚ ਆ ਬਹਿੰਦਾ। ਚਾਹ ਦੇ ਘੁੱਟ ਭਰਦਿਆਂ ਨਾਲੋ-ਨਾਲ ਅਖ਼ਬਾਰਾਂ ਪੜ੍ਹਦਾ। ਅਖ਼ਬਾਰਾਂ ਦਾ ਵੀ ਹਰ ਪੰਨਾ ਕਰੋਨਾ ਦੀਆਂ ਰਿਪੋਰਟਾਂ ਨਾਲ ਭਰਿਆ ਹੁੰਦਾ। ਨਵੇਂ ਆਏ ਕੇਸ। ਪੁਲੀਸ/ਪ੍ਰਸ਼ਾਸਨ ਵਲੋਂ ਸੀਲ ਕੀਤੇ ਗਏ ਮੁਹੱਲੇ, ਕਸਬੇ, ਸ਼ਹਿਰ। ਲਾਕ-ਡਾਊਨ ਦਾ ਪਾਲਣ ਕਰਵਾਉਣ ਲਈ ਕੀਤੀ ਜਾ ਰਹੀ ਕਾਰਵਾਈ। ਸਮਾਜ ਸੇਵੀ ਸੰਸਥਾਵਾਂ ਵਲੋਂ ਵੰਡੇ ਜਾ ਰਹੇ ਮਾਸਕ/ਸੈਨੇਟਾਈਜ਼ਰ/ਰਾਸ਼ਨ। ਸਿਹਤ, ਸਫਾਈ ਤੇ ਸੁਰੱਖਿਆ ਮੁਲਾਜ਼ਮਾਂ ਨੂੰ 'ਫਰੰਟ-ਲਾਇਨ ਵਾਰੀਅਰ' ਵਲੋਂ ਸਨਮਾਨਿਤ ਕੀਤੇ ਜਾਣ ਦੀਆਂ ਤਸਵੀਰਾਂ। ਮੰਤਰੀਆਂ, ਅਧਿਕਾਰੀਆਂ ਦੇ ਬਿਆਨ: 'ਕਿਸੇ ਨੂੰ ਵੀ ਭੁੱਖਾ ਨਹੀਂ ਸੌਣ ਦਿੱਤਾ ਜਾਵੇਗਾ'।

'ਹਰ ਇਕ ਦੇ ਖਾਤੇ 'ਚ ਪੰਜ-ਪੰਜ ਹਜ਼ਾਰ ਰੁਪਏ ਪਾ ਦਿਤੇ ਗਏ ਹਨ'

'ਇਸ ਸੰਕਟ ਦੀ ਘੜੀ ਗਰੀਬਾਂ/ਮਜ਼ਦੂਰਾਂ ਦੇ ਨਾਲ ਹਾਂ'

ਲਗਪਗ ਇਕੋ ਜਿਹੀ ਭਾਸ਼ਾ, ਇਕੋ ਜਿਹੀ ਸੁਰ। ਵਿਰੋਧੀ ਪਾਰਟੀਆਂ ਦੇ ਸਰਕਾਰ 'ਤੇ ਸਮੱਸਿਆ ਨਾਲ ਨਜਿੱਠਣ 'ਚ ਅਸਫ਼ਲ ਰਹਿਣ ਦੇ ਦੋਸ਼ ਤੇ ਸੱਤਾਧਾਰੀ ਧਿਰ ਵੱਲੋਂ ਵਿਰੋਧ 'ਤੇ ਸਮੱਸਿਆ ਤੋਂ ਰਾਜਸੀ ਲਾਹਾ ਲੈਣ ਦੇ। ਇਸ ਵਿਚਾਲੇ ਪਿੱਸ ਕੇ ਰਹਿ ਜਾਂਦੀਆਂ ਪ੍ਰਬੰਧ 'ਤੇ ਸਵਾਲ ਖੜ੍ਹੇ ਕਰਦੀਆਂ ਖ਼ਬਰਾਂ: 'ਐਡਹਾਕ 'ਤੇ ਕੰਮ ਕਰਦੇ ਮੁਲਾਜ਼ਮਾਂ ਦੀ ਮੰਗ, ਸਾਨੂੰ ਸਨਮਾਨ ਨਹੀਂ ਨੌਕਰੀ ਪੱਕੀ ਕਰੋ'

'ਤਨਖਾਹਾਂ ਵਧਾਉਣ ਦੀ ਮੰਗ ਕਰਦੇ ਸਫ਼ਾਈ ਕਾਮੇ'

'ਕਿਸਾਨਾਂ ਦੀਆਂ ਸਬਜ਼ੀਆਂ, ਫਲ ਖੇਤਾਂ 'ਚ ਰੁਲਣ ਦੇ ਦ੍ਰਿਸ਼'

'ਬੰਦ ਹੋਏ ਕਾਰਖਾਨਿਆਂ ਦੇ ਮਜ਼ਦੂਰਾਂ ਵਲੋਂ ਤਨਖਾਹਾਂ ਨਾ ਦੇਣ ਦੇ ਦੋਸ਼'

'ਕੈਂਸਰ ਨਾਲ ਤਬਾਹ ਹੋ ਰਹੇ ਪਰਿਵਾਰਾਂ ਦੇ ਪਰਿਵਾਰ'

'ਜਵਾਨੀ ਨੂੰ ਨਿਗਲ ਰਿਹਾ ਨਸ਼ੇ ਦਾ ਤੰਦੂਆ ਜਾਲ।' ਅਜਿਹੀਆਂ ਖ਼ਬਰਾਂ ਲੱਭਦੀਆਂ ਹੀ ਨਾ ਜਾਂ ਕਿਸੇ ਅਜਿਹੇ ਕੋਨੇ-ਨੁਕਰੇ ਲੱਗੀਆਂ ਹੁੰਦੀਆਂ ਕਿ ਉਨ੍ਹਾਂ 'ਤੇ ਸਹਿਜ ਕੀਤੇ ਧਿਆਨ ਨਾ ਜਾਂਦਾ। ਸਾਰੀਆਂ ਖ਼ਬਰਾਂ 'ਤੇ ਧਿਆਨ ਮਾਰ ਉਹ ਆਪਣੇ ਸ਼ਹਿਰ ਦੀਆਂ ਖ਼ਬਰਾਂ 'ਤੇ ਧਿਆਨ

ਦਿੰਦਾ, ਖਾਸ ਕਰਕੇ ਆਪਣੀ ਬੀਟ ਦੀਆਂ ਖ਼ਬਰਾਂ 'ਤੇ, ਕਿ ਉਹ ਦੂਸਰੀਆਂ ਅਖ਼ਬਾਰਾਂ ਨੇ ਕਿੰਜ ਛਾਪੀਆਂ ਹਨ।

ਪੂਰਨਿਮਾ ਸਾਢੇ ਕੁ ਸੱਤ ਉੱਠਦੀ। ਉੱਠ ਕੇ ਚਾਹ ਬਣਾਉਂਦੀ ਤੇ ਇਕ ਕੱਪ ਉਸਨੂੰ ਮੁੜ ਬਾਹਰ ਫੜਾ ਦਿੰਦੀ। ਆਪ ਅੰਦਰ ਚਾਹ ਪੀਂਦੀ ਨਾਲ ਟੀ.ਵੀ. ਦੇਖਦੀ ਰਹਿੰਦੀ। ਟੀ.ਵੀ. ਦੇ ਬਹੁਤੇ ਪ੍ਰੋਗਰਾਮਾਂ, ਇਸ਼ਤਿਹਾਰਾਂ ਨੂੰ ਦੇਖਕੇ ਤਾਂ ਇੰਜ ਲਗਦਾ ਹੈ ਲਾਕ-ਡਾਊਨ ਜਿਵੇਂ ਬਿਊਟੀ-ਟਿੱਪਸ ਦੇ ਨਵੇਂ ਤੋਂ ਨਵੇਂ ਨੁਸਖੇ ਜਾਨਣ, ਯੋਗ ਅਭਿਆਸ ਨਾਲ ਸਰੀਰ ਨੂੰ ਤੰਦਰੁਸਤ ਰੱਖਣ ਜਾਂ ਖਾਣ-ਪੀਣ ਦੀਆਂ ਰੈਸਪੀਜ਼ ਸਿੱਖਣ ਲਈ ਹੀ ਲਾਇਆ ਗਿਆ ਹੈ। ਰੰਗ ਬਰੰਗੀਆਂ ਮਸ਼ਹੂਰੀਆਂ ਦੀ ਭਰਮਾਰ ਵੱਧ ਗਈ ਹੈ। ਨਾਲ ਦੀ ਨਾਲ ਦੇਸ਼ ਦੀ ਲਗਪਗ ਤੀਜਾ ਵਸੋਂ ਇਨ੍ਹਾਂ ਪ੍ਰੋਗਰਾਮਾਂ/ਮਸ਼ਹੂਰੀਆਂ 'ਚੋਂ ਉੱਕਾ ਹੀ ਗੈਰ ਹਾਜ਼ਰ ਹੋ ਗਈ ਸੀ ਜਿਹੜੀ ਬੁਰੀ ਤਰ੍ਹਾਂ ਭੁੱਖ ਹੰਢਾ ਰਹੀ ਸੀ, ਭੁੱਖ ਨਾਲ ਮਰ ਰਹੀ ਸੀ।

ਆਰਾਮ ਨਾਲ ਚਾਹ ਪੀ, ਕੁਦਰਤੀ ਕਿਰਿਆ ਤੋਂ ਫਾਰਗ ਹੋ ਉਹ ਸਾਫ਼-ਸਫ਼ਾਈਆਂ ਕਰਨ ਲੱਗ ਪੈਂਦੀ। ਨਾਲੋ-ਨਾਲ ਕੁੜਦੀ ਰਹਿੰਦੀ। ਉਸਨੂੰ ਇੰਜ ਹੱਥੀਂ ਕੰਮ ਕਰਨ ਦੀ ਆਦਤ ਨਹੀਂ ਸੀ ਰਹੀ। ਲਾਕ-ਡਾਊਨ ਤੋਂ ਦੋ ਕੁ ਦਿਨ ਬਾਅਦ ਤੱਕ ਤਾਂ ਲਾਜੋ ਆਉਂਦੀ ਰਹੀ ਸੀ ਸਾਫ਼-ਸਫ਼ਾਈ ਕਰਨ ਪਰ ਫਿਰ ਹਟ ਗਈ। ਉਡੀਕ-ਉਡੀਕ ਕੇ ਉਸਨੂੰ ਫੋਨ ਕੀਤਾ ਤਾਂ ਉਸਨੇ ਕਿਹਾ, "ਮੈਂ ਨਹੀਂ ਆ ਸਕਦੀ!"

"ਹਮ ਤੁਝੇ ਬੜਾ ਕਰ ਪੈਸੇ ਦੇ ਦੇਂਗੇ!"

"ਪੈਸਿਆਂ ਦੀ ਗੱਲ ਨਹੀਂ ਮੈਡਮ ਜੀ, ਪੁਲੀਸ ਲੰਘਣ ਨਹੀਂ ਦੇਂਦੀ... ਡੰਡੇ ਮਾਰਦੇ ਹਨ।" ਉਹ ਚੁਗਿੱਟੀ ਵਲੋਂ ਆਉਂਦੀ ਸੀ, ਲਗਪਗ ਪੰਜ ਕਿਲੋਮੀਟਰ ਤੋਂ। ਇਥੇ ਕਿੰਨੇ ਹੀ ਘਰਾਂ 'ਚ ਉਹ ਝਾੜੂ-ਪੋਚੇ ਦਾ ਕੰਮ ਕਰਦੀ ਸੀ। ਪਤਾ ਨਹੀਂ ਉਸਨੂੰ ਡੰਡਿਆਂ ਦਾ ਬਹੁਤਾ ਡਰ ਸੀ ਕਿ ਕਰੋਨਾ ਦਾ। ਉਹ ਹਟ ਗਈ ਤਾਂ ਔਖੀ-ਸੌਖੀ ਹੋ ਕੇ ਸਫ਼ਾਈਆਂ ਕਰਦੀ ਪੂਰਨਿਮਾ ਨੂੰ, ਉਸ ਰਾਹੀਂ ਸਾਰੀ ਦੁਨੀਆਂ ਦੇ ਮਜ਼ਦੂਰਾਂ 'ਤੇ ਗੁੱਸਾ ਚੜਨ ਲਗਦਾ, "ਹੱਡ ਹਰਾਮੀ, ਆਪਣੇ ਮੁਹੱਲੇ 'ਚ ਹੀ ਕਿਤੇ ਕੰਮ ਫੜ ਲਿਆ ਹੋਣਾ! ਮਹੀਨੇ ਭਰ ਦਾ ਐਡਵਾਂਸ ਲੈ ਕੇ ਅਹੁ ਗਈ।"

ਅਖ਼ਬਾਰਾਂ ਤੋਂ ਵਿਹਲਾ ਹੋ ਉਹ ਨਹਾਉਣ ਧੋਣ 'ਚ ਰੁਝ ਜਾਂਦਾ ਤੇ ਫਿਰ ਟੀ.ਵੀ. ਦੇ ਵੱਖ-ਵੱਖ ਚੈਨਲਾਂ ਤੋਂ ਆਉਂਦੀਆਂ ਖ਼ਬਰਾਂ/ਟਿੱਪਣੀਆਂ 'ਚ। ਕੋਸ਼ਿਸ਼ ਕਰਦਾ ਰਵੀਸ਼ ਦਾ ਪ੍ਰੋਗਰਾਮ ਜ਼ਰੂਰ ਦੇਖੇ। ਨਾਲੋ-ਨਾਲ ਬਰੇਕਫਾਸਟ ਵੀ ਕਰਦਾ ਰਹਿੰਦਾ। ਗਿਆਰਾਂ ਕੁ ਵਜੇ ਤੱਕ ਤਿਆਰ ਹੋ ਕੇ ਦਫ਼ਤਰ ਲਈ ਤੁਰ ਪੈਂਦਾ। ਸਾਢੇ ਗਿਆਰਾਂ ਜਾ ਕੇ ਸੂਰੀ ਨਾਲ ਪਲਾਨਿੰਗ ਕਰਨੀ ਹੁੰਦੀ। ਕਈ ਵਾਰ ਉਹ ਉਸਨੂੰ ਘਰ ਵੀ ਫੋਨ ਕਰ ਦਿੰਦਾ ਸੀ ਉਸ ਦਿਨ ਦੇ ਰੁਝੇਵਿਆਂ ਬਾਰੇ ਜਿਵੇਂ ਕਿ ਅੱਜ। ਇਸ ਨਾਲ ਮੀਟਿੰਗ ਤੋਂ ਤਾਂ ਖਹਿੜਾ ਛੁੱਟ ਜਾਂਦਾ ਪਰ ਕੰਮ ਇੰਜ ਗਲ-ਗਲ ਤੱਕ ਚਾੜ੍ਹ ਦਿੱਤੇ ਜਾਂਦੇ ਕਿ ਉਸਨੂੰ ਸਮੇਂ ਸਿਰ ਫਿਰ ਵੀ ਨਿਕਲਣਾ ਹੀ ਪੈਂਦਾ। ਦਫ਼ਤਰ ਵਲੋਂ ਪਲ-ਪਲ ਦੀ ਟਰੈਕਿੰਗ ਵੀ ਹੁੰਦੀ ਰਹਿੰਦੀ ਸੀ। ਕਿਥੇ ਹੋ ? ਕੀ ਕਰ ਲਿਆ ਹੈ ਹੁਣ ਤੱਕ ? ਕਿੰਨੀ ਕੁ ਸਪੇਸ ਘੇਰ ਸਕਦੀਆਂ ਹਨ ਰਿਪੋਰਟਾਂ। ਕਈ ਵਾਰ ਹੁੰਦਾ ਕਿ ਉਹ ਪੂਰੇ ਮਨ ਨਾਲ ਮਿਹਨਤ ਕਰਕੇ ਕੋਈ ਰਿਪੋਰਟ ਤਿਆਰ ਕਰਦਾ ਪਰ ਸੂਰੀ ਕੱਟ-ਵੱਢ ਕੇ ਸਿੰਗਲ ਕਰ ਦਿੰਦਾ। ਕਈ ਵਾਰ ਉਸਨੇ ਕੋਈ ਸਿੰਗਲ ਬਣਾਈ ਹੁੰਦੀ ਪਰ ਉਸਨੂੰ ਬੇਲੋੜਾ ਵਿਸਥਾਰ ਦੇ ਕੇ, ਫੋਟੋਆਂ ਲਾ ਕੇ ਫਲੈਸ਼ ਕਰਨ ਲਈ ਕਿਹਾ ਜਾਂਦਾ ਕਿ ਉਸਨੂੰ ਕੋਫ਼ਤ ਹੋਣ ਲਗਦੀ, ਜਿਵੇਂ ਦੋ ਦਿਨ ਪਹਿਲਾ ਹੀ...

...ਉਹ ਹਰੀਪੁਰ 'ਚ ਮੁਹੱਲਾ ਵੈਲਫੇਅਰ ਕਮੇਟੀ ਵਲੋਂ ਗਰੀਬ ਲੋਕਾਂ ਨੂੰ ਵੰਡੇ ਜਾ ਰਹੇ ਰਾਸ਼ਨ ਦੀ ਕਵਰੇਜ਼ ਕਰਨ ਲਈ ਗਿਆ। ਮੁਹੱਲਾ ਕਮੇਟੀ ਨੇ ਆਪਣੇ ਰਿਜ਼ਰਵ ਫੰਡ 'ਚੋਂ ਇਕਵੰਜਾ ਹਜ਼ਾਰ ਦੇ ਆਟਾ, ਚੌਲ, ਦਾਲਾਂ ਲਿਆਂਦੀਆਂ ਸਨ ਤੇ ਪੰਜ-ਪੰਜ ਕਿਲੋ ਦੇ ਪੈਕਟ ਬਣਾ ਕੇ ਗਰੀਬ ਘਰਾਂ 'ਚ ਇਹ ਪੈਕਟ ਦਿੱਤੇ ਗਏ। ਹਰ ਪੈਕਟ 'ਚ ਤਿੰਨ ਕਿਲੋ ਆਟਾ, ਇਕ ਕਿਲੋ ਚਾਵਲ ਤੇ ਇਕ ਕਿਲੋ ਦਾਲ। ਉਸ ਸਮੇਤ ਹੋਰ ਵੀ ਅਖ਼ਬਾਰਾਂ, ਚੈਨਲਾਂ ਦੇ ਪੱਤਰਕਾਰ ਪਹੁੰਚੇ ਹੋਏ ਸਨ। ਕੈਮਰਿਆਂ ਦੀ ਕਲਿੱਕ-ਕਲਿੱਕ 'ਚ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਗਿੱਲ ਤੇ ਬਾਕੀ ਮੈਂਬਰ, ਇਕ-ਇਕ ਕਰਕੇ ਮੁਹੱਲੇ ਦੇ ਘਰਾਂ 'ਚ ਰਾਸ਼ਨ ਵੰਡਦੇ ਰਹੇ। ਬਿਨਾਂ ਸ਼ਕ ਜਿਨ੍ਹਾਂ ਘਰਾਂ 'ਚ ਰਾਸ਼ਨ ਦਿੱਤਾ ਗਿਆ, ਉਹ ਗਰੀਬ ਸਨ। ਦੋ ਗਲੀਆਂ 'ਚ ਲਗਪਗ ਸੌ ਕੁ ਘਰ ਉਨ੍ਹਾਂ ਲੋਕਾਂ ਦਾ ਸੀ ਜਿਹੜੇ ਛੋਟੇ-ਮੋਟੇ ਧੰਦਿਆਂ ਵਾਲੇ ਸਨ। ਰਾਜ ਮਜ਼ਦੂਰੀ, ਸਬਜ਼ੀ-ਫਲਾਂ ਦੀਆਂ ਰੇਹੜੀਆਂ ਵਾਲੇ, ਕਾਰਖਾਨਿਆਂ 'ਚ ਛੋਟੇ-ਮੋਟੇ ਕੰਮ ਕਰਨ ਵਾਲੇ ਹੁਨਰਮੰਦ ਜਾਂ ਗੈਰ-ਹੁਨਰਮੰਦ ਕਾਮੇ, ਮੌਲਜ਼/ਹੋਟਲਾਂ 'ਚ ਕੰਮ ਕਰਨ ਵਾਲੇ ਮੁਲਾਜ਼ਮ। ਉਹ ਸਾਰੇ ਜਿਹੜੇ ਲਾਕ-ਡਾਊਨ ਕਰਕੇ ਵਿਹਲੇ ਹੋ ਗਏ ਸਨ। ਉਹ ਗਰੀਬ ਸਨ, ਪਰ ਸਭ ਤੋਂ ਗਰੀਬ ਨਹੀਂ ਕਿ ਭੁੱਖਮਰੀ ਵਾਲੀ ਹਾਲਤ ਹੋਵੇ। ਉਨ੍ਹਾਂ ਕੋਲ ਘਰ ਸੀ, ਚਾਹੇ ਛੋਟੇ ਹੀ ਸਹੀ। ਘਰਾਂ 'ਚ ਕੁਝ ਨਾ ਕੁਝ ਖਾਣ ਲਈ ਵੀ ਸੀ। ਭੁੱਖ ਤਾਂ ਸੀ, ਪਰ ਭੁੱਖਮਰੀ ਨਹੀਂ।

ਮੁਹੱਲੇ ਦੀ ਸੜਕ ਤੋਂ ਪਾਰ ਝੁੱਗੀ ਝੌਂਪੜੀ ਬਸਤੀ ਸੀ, ਐਫ.ਸੀ.ਆਈ. ਗੁਦਾਮਾਂ ਦੇ ਨਾਲ। ਸੜਕਾਂ/ਗਲੀਆਂ 'ਚੋਂ ਪੁਰਾਣੇ ਕਿੱਲ, ਲੋਹੇ ਦੇ ਟੁਕੜੇ, ਪਲਾਸਟਿਕ ਦਾ ਕਚਰਾ 'ਕੱਠਾ ਕਰਨ ਵਾਲੇ। ਰਿਕਸ਼ਾ ਚਾਲਕ ਜਾਂ ਚੌਂਕਾਂ 'ਚ ਮਜ਼ਦੂਰੀ ਲਈ ਖੜੌਣ ਵਾਲੇ ਤੇ ਹੋਰ ਅਜਿਹੇ ਨਿੱਕੇ-ਮੋਟੇ ਕੰਮ ਕਰਨ ਵਾਲੇ। ਪਰ ਉਨ੍ਹਾਂ ਵਲ ਕੋਈ ਨਾ ਗਿਆ ਰਾਸ਼ਨ ਵੰਡਣ ਵਾਲਿਆਂ 'ਚੋਂ। ਉਹ ਦੇਖਦੇ ਹੀ ਰਹਿ ਗਏ। ਉਸਨੇ ਗਿੱਲ ਦਾ ਧਿਆਨ ਉਧਰ ਦੁਆਇਆ ਵੀ, ਪਰ ਉਸਨੇ ਟਾਲ ਦਿੱਤਾ, "ਇਨ੍ਹਾਂ ਨੂੰ ਗੁਰਦੁਆਰੇ ਵਾਲੇ ਲੰਗਰ ਵੰਡ ਜਾਂਦੇ ਐ... ਨਾਲੇ ਅਸੀਂ ਕਿੰਨਾ ਕੁ ਕਰ ਸਕਦੇ ਹਾਂ। ਸਾਡੀ ਕਰਨ ਦੀ ਇਕ ਸੀਮਾ ਹੈ!" ਉਸਨੂੰ ਸਮਝ ਨਾ ਆਵੇ, ਇਹ ਕਰਨ ਦੀ ਸੀਮਾ ਹੈ ਕਿ ਭਵਿੱਖ ਦੀ ਵੋਟ-ਰਾਜਨੀਤੀ ਦਾ ਤਕਾਜ਼ਾ!

ਉਥੋਂ ਮੁੜਦਿਆਂ ਉਸਨੇ ਝੁੱਗੀ-ਝੌਂਪੜੀ ਬਸਤੀ ਦੀ ਕਵਰੇਜ਼ ਵੀ ਕਰ ਲਈ। ਲਾਕ-ਡਾਊਨ ਕਾਰਨ ਪੈਦਾ ਹੋਈਆਂ ਉਨ੍ਹਾਂ ਦੀਆਂ ਸਮੱਸਿਆਵਾਂ। ਉਨ੍ਹਾਂ ਦਾ ਦਰਦ ਮੂੰਹੋਂ ਬੋਲਦਾ ਸੀ, "ਇਕ-ਇਕ ਵੇਲੇ ਦੀ ਰੋਟੀ ਲਈ ਚਾਰ-ਚਾਰ, ਪੰਜ-ਪੰਜ ਘੰਟੇ ਲਾਈਨਾਂ 'ਚ ਲੱਗੇ ਰਹੀਦਾ... ਉਹ ਵੀ ਕਦੀ ਮਿਲ ਜਾਂਦੀ ਹੈ, ਕਦੀ ਖਾਲੀ ਹੱਥ ਹੀ ਮੁੜਨਾ ਪੈ ਜਾਂਦਾ... ਵਿਲੂੰ-ਵਿਲੂੰ ਕਰਦੀਆਂ ਆਂਦਰਾਂ ਨਾਲ ਮੂੰਹ ਚੁੱਕ-ਚੁੱਕ ਦੇਖਦੇ ਰਹੀਦਾ। ਸਾਰਾ-ਸਾਰਾ ਦਿਨ ਬਸ ਇਹੀ ਕੰਮ ਰਹਿ ਗਿਆ ਹੈ... ਆਪਣੀ ਤਾਂ ਫਿਰ ਵੀ ਖੈਰ ਹੈ, ਪਰ ਬੱਚਿਆਂ ਦੀ ਭੁੱਖ ਜਰੀ ਨਹੀਂ ਜਾਂਦੀ... ਕਲੇਜਾ ਮੂੰਹ ਨੂੰ ਆਉਂਦਾ!" ਉਥੋਂ ਹੀ ਉਸਨੂੰ ਪਤਾ ਲੱਗਾ, ਉਨ੍ਹਾਂ ਨਾਲੋਂ ਸੱਤ-ਅੱਠ ਪਰਿਵਾਰ ਸਵੇਰੇ ਹੀ ਤੁਰ ਗਏ ਹਨ ਵਤਨ ਵਾਪਸੀ ਲਈ। ਆਪਣੇ ਸਾਮਾਨ ਵਾਲੀਆਂ ਗੰਢਾਂ ਸਿਰਾਂ 'ਤੇ ਚੁੱਕ, ਉਨ੍ਹਾਂ ਰੇਲਵੇ ਲਾਈਨ ਦੇ ਨਾਲ-ਨਾਲ ਚਾਲੇ ਪਾ ਦਿੱਤੇ ਸਨ।

ਉਸਨੇ ਕੈਮਰਾਮੈਨ ਕਮਲਜੀਤ ਨੂੰ ਨਾਲ ਬਿਠਾਇਆ ਤੇ ਫਗਵਾੜੇ ਵਲ ਨੂੰ ਬਾਈਕ ਪਾ ਲਈ। ਉਹ ਉਨ੍ਹਾਂ ਨੂੰ ਲਵਲੀ ਯੂਨੀਵਰਸਿਟੀ ਤੋਂ ਕੁਝ ਅਗਾਂਹ ਲਾਈਨ ਕੰਢੇ ਤੁਰੇ ਦਿਸ ਗਏ। ਉਸਤੋਂ ਅਗਲੇ, ਉਸ ਪਾਸੇ ਵਲ ਮੁੜਦੇ ਰਾਹ ਤੋਂ ਉਹ ਰੇਲਵੇ ਲਾਇਨ ਦੇ ਕਰਾਸਿੰਗ 'ਤੇ

ਜਾ ਖੜ੍ਹੇ ਹੋਏ। ਬੱਚਿਆਂ ਔਰਤਾਂ ਸਮੇਤ ਤੁਰਿਆ ਜਾ ਰਿਹਾ ਕਾਫ਼ਲਾ। ਸਿਰਾਂ 'ਤੇ ਸਾਮਾਨ ਵਾਲੀਆਂ ਗੰਢਾਂ, ਪੈਰੀਂ ਕੈਂਚੀ ਚੱਪਲਾਂ।

"ਕਿਥੇ ਜਾ ਰਹੇ ਹੋ ਤੁਸੀਂ ?" ਕਮਲਜੀਤ ਨਾਲੋ-ਨਾਲ ਵੀਡੀਓ ਬਣਾਉਣ ਲੱਗਾ।

"ਆਪਣੇ ਘਰ ਲਖੀਮਪੁਰ ਖੀਰੀ... ਯੂ.ਪੀ.।"

"ਲਖੀਮਪੁਰ ਤਾਂ ਇਥੋਂ ਲਗਪਗ ਸੱਤ ਸੌ ਕਿਲੋਮੀਟਰ ਐ... ਕਿਵੇਂ ਪਹੁੰਚੋਗੇ ਇੰਜ ਤੁਰਕੇ..." ਉਸਨੇ 'ਗੂਗਲ' ਤੋਂ ਸਰਚ ਕਰਕੇ ਦੂਰੀ ਦਾ ਹਿਸਾਬ ਲਾਇਆ।

"ਪਤਾ ਨਹੀਂ... ਪਰ ਇਥੇ ਵੀ ਭੁੱਖੇ ਕਿੰਨਾ ਕੁ ਚਿਰ ਬੈਠੇ ਰਹੀਏ... ਕੋਈ ਕੰਮ ਨਹੀਂ, ਰਹਿਣ ਲਈ ਕੋਈ ਵਸੇਰਾ ਨਹੀਂ ਬਚਿਆ... ਸਰਕਾਰਾਂ ਵਲੋਂ ਕੋਈ ਸਹਾਇਤਾ ਨਹੀਂ ਮਿਲ ਰਹੀ... ਪੁਲੀਸ ਵਾਲੇ ਦੂਜੇ ਤੀਜੇ ਆਉਂਦੇ ਐ, ਨਾਂ ਲਿਖ ਕੇ ਲੈ ਜਾਂਦੇ, ਆਧਾਰ ਕਾਰਡ ਨੰਬਰ ਵੀ, ਪਰ ਸਾਨੂੰ ਨਾ ਤਾਂ ਅੱਜ ਤੱਕ ਕੋਈ ਸਰਕਾਰੀ ਰਾਸ਼ਨ ਮਿਲਿਆ, ਨਾ ਨਕਦ ਮਦਦ ਹੀ... ਕਿੰਨਾ ਕੁ ਚਿਰ ਹੋਰ ਬੈਠੇ ਰਹੀਏ ਕਿਸੇ ਧੰਦੇ ਦੀ ਆਸ 'ਚ!" ਉਨ੍ਹਾਂ ਦੀਆਂ ਅੱਖਾਂ 'ਚੋਂ ਝਲਕਦਾ ਭੁੱਖ ਦਾ ਦਰਦ ਦੇਖ ਉਸਨੇ ਉਸ ਦਰਦ ਨੂੰ, ਉਸ ਤੜਪ ਨੂੰ, ਉਨ੍ਹਾਂ ਦੀ ਬੇਵਸੀ ਨੂੰ ਸ਼ਬਦਾਂ 'ਚ ਉਤਾਰਨ ਦਾ ਯਤਨ ਕੀਤਾ। ਬਹੁਤ ਘੱਟ ਰਿਪੋਰਟਾਂ ਉਸਨੇ ਇੰਜ ਜੁੜਕੇ ਲਿਖੀਆਂ ਸਨ ਜਾਂ ਇਸ ਰਾਹੀਂ ਉਸਨੇ ਆਪਣੇ ਘਰ ਦਾ ਦਰਦ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਹਰ ਰੋਜ਼ ਘਰ 'ਚ ਕਿਸੇ ਨਾ ਕਿਸੇ ਚੀਜ਼ 'ਤੇ ਕੱਟ ਲਾਉਣਾ ਪੈ ਰਿਹਾ ਸੀ। ਦੁੱਧ ਦੇ ਪਹਿਲਾਂ ਚਾਰ ਪੈਕਟ ਆਉਂਦੇ ਸਨ, ਹੁਣ ਦੋ ਹੀ ਰਹਿ ਗਏ ਸਨ। ਚਿਕਨ-ਮਟਨ ਆਉਣਾ ਬੰਦ ਹੋ ਗਿਆ ਸੀ। ਦਹੀਂ, ਮੱਖਣ ਸਿਰਫ਼ ਸੁਖਮ ਜੋਗਾ ਆਉਂਦਾ। ਆਮਲੇਟ ਵੀ ਉਸ ਲਈ ਹੀ ਬਣਦਾ। ਉਹ ਆਪ ਬਸ ਇਕ ਅੱਧ ਟੁਕੜਾ ਉਸ ਨਾਲੋਂ ਸੁਆਦ ਵਜੋਂ ਚੱਖ ਲੈਂਦੇ। ਭੁੱਖਮਰੀ ਭਾਵੇਂ ਨਹੀਂ, ਪਰ 'ਭੁੱਖ' ਸੀ... ਤੇ ਇਸ ਅਹਿਸਾਸ ਨੂੰ ਉਸਨੇ 'ਭੁੱਖਮਰੀ' ਤੱਕ ਫੈਲਾਅ ਕੇ ਚਿਤਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਸੂਰੀ ਨੂੰ ਉਹ ਪਸੰਦ ਨਾ ਆਈ, "ਤੁਸੀਂ ਤਾਂ ਰਾਸ਼ਨ ਵੰਡਣ ਦਾ ਈਵੈਂਟਸ ਕਵਰ ਕਰਨ ਗਏ ਸੀ... ਇਹ ਰੇਲਵੇ ਟਰੈਕ 'ਤੇ ਕਿਧਰ ਚਲੇ ਗਏ!"

"ਸਰ, ਮੈਨੂੰ ਉਥੋਂ ਹੀ ਪਤਾ ਲੱਗਾ ਸੀ... ਇਹ ਬਿਲਕੁਲ ਐਕਸਕਲਿਊਸਵ ਰਿਪੋਰਟ ਐ... ਇਥੋਂ ਦੇ ਕਿਸੇ ਪੇਪਰ ਨੇ ਅਜਿਹੀ ਰਿਪੋਰਟ ਨਹੀਂ ਛਾਪੀ... ਕਮਲਜੀਤ ਨੇ ਫੋਟੋਆਂ ਵੀ ਕਮਾਲ ਦੀਆਂ ਖਿੱਚੀਆਂ... ਸੜਕ ਕੰਢੇ ਕੁਝ ਵੀ ਖਾਣ ਲਈ ਹੱਥ ਅੱਡ ਕੇ ਮੰਗਦੇ ਭੁੱਖੇ ਲੋਕ ਅਤੇ ਕੰਧ ਤੋਂ ਪਾਰ ਐਫ.ਸੀ.ਆਈ. ਦੇ ਭਰੇ ਗੋਦਾਮ... ਗੋਦਾਮਾਂ ਤੋਂ ਬਾਹਰ ਵੀ ਖੁੱਲ੍ਹੇ ਅਸਮਾਨ ਹੇਠ ਕਣਕ ਦੀਆਂ ਬੋਰੀਆਂ ਦੀਆਂ ਲੱਗੀਆਂ ਦਿਓ-ਕੱਦ ਧਾਂਕਾਂ... ਕਈ ਥਾਂ ਬੋਰੀਆਂ ਗਲ ਜਾਣ 'ਤੇ ਉਨ੍ਹਾਂ 'ਚੋਂ ਕਿਰ ਕੇ ਹੇਠਾਂ ਲੱਗੀਆਂ ਸੜੀ ਕਣਕ ਦੀਆਂ ਢੇਰੀਆਂ ਵੀ... ਤੁਸੀਂ ਇਕ ਵਾਰ ਸਾਰੀਆਂ ਫੋਟੋਆਂ ਦੇਖ ਲੈਣੀਆਂ ਸੀ ਸਰ..."

"ਜਿਨ੍ਹਾਂ ਬਾਰੇ ਇਹ ਹੈ, ਉਨ੍ਹਾਂ ਕੋਲ ਤਾਂ ਰੋਟੀ ਖਾਣ ਜੋਗੇ ਪੈਸੇ ਨਹੀਂ... ਉਹ ਕਿਥੋਂ ਅਖ਼ਬਾਰ ਖਰੀਦ ਕੇ ਪੜ੍ਹਨਗੇ... ਫੋਕੀ ਵਾਹ-ਵਾਹ ਨਾਲ ਪੇਪਰ ਨਹੀਂ ਚਲਦਾ!"

"ਭਰੋਸੇਯੋਗਤਾ ਤਾਂ ਵਧੇਗੀ ਨਾ, ਸਰ!"

"ਮਾਲਕਾਂ ਨੂੰ ਭਰੋਸੇਯੋਗਤਾ ਨਹੀਂ, ਪੈਸਿਆਂ ਦੀ ਲੋੜ ਹੈ।" ਉਸਨੇ ਅਜਿਹੇ ਰੁੱਖੇ ਤੇ ਬੇਹੂਦਾ ਅੰਦਾਜ਼ 'ਚ ਕਿਹਾ ਕਿ ਇਕ ਵਾਰ ਤਾਂ ਉਸ ਅੰਦਰ ਗੁੱਸੇ ਦਾ ਗੁਬਾਰ ਚੜ੍ਹਿਆ 'ਇਹ ਸਾਲਾ ਸਮਝਦਾ ਕੀ ਹੈ ਆਪਣੇ ਆਪ ਨੂੰ!' ਇਹ ਗੁੱਸਾ ਪਹਿਲਾਂ ਵੀ ਕਈ ਵਾਰ ਆਇਆ ਸੀ,

ਜਦੋਂ ਉਸਦੀ ਕਿਸੇ ਚੰਗੀ-ਭਲੀ ਰਿਪੋਰਟ ਨੂੰ 'ਟਰੈਸ਼' ਦੇ ਹਵਾਲੇ ਕਰ ਦਿੰਦਾ। ਉਸਦੇ ਲੈਪਟਾਪ 'ਚ ਕਿੰਨੀਆਂ ਹੀ ਅਜਿਹੀਆਂ ਰਿਪੋਰਟਾਂ ਸਾਂਭੀਆਂ ਹੋਈਆਂ ਸਨ, ਜਿਹੜੀਆਂ ਉਸਨੇ ਲਿਖੀਆਂ ਤਾਂ ਸ਼ਬਦਾਂ 'ਚ ਰੂਹ ਪਾ ਕੇ ਸੀ ਪਰ ਸੂਰੀ ਕੋਲ ਜਾਂਦਿਆਂ ਹੀ ਟਰੈਸ਼ 'ਚ ਚਲੀਆਂ ਗਈਆਂ। ਹਰ ਵਾਰ ਹੀ ਅੰਦਰ ਉੱਠਦੇ ਗੁਬਾਰ ਨੂੰ ਘੁੱਟਣਾ ਪੈਂਦਾ ਕਿ ਰੁਜ਼ਗਾਰ ਦਾ ਹੋਰ ਕੋਈ ਬਦਲ ਨਾ ਦਿਸਦਾ। ਲੋੜਾਂ ਦਾ ਮਕੜਜਾਲ ਇੰਜ ਆਸੇ-ਪਾਸੇ ਉਣਿਆ ਹੋਇਆ ਸੀ ਕਿ ਗੁੱਸੇ ਨੂੰ ਬੇਕਾਬੂ ਹੋਣ ਲਈ ਕੋਈ ਰਾਹ ਨਾ ਲੱਭਦਾ। ਸਟਾਫ਼ ਤਾਂ ਪਹਿਲਾਂ ਹੀ ਘਟਾਇਆ ਜਾ ਰਿਹਾ ਸੀ। ਜੇ ਇਸ ਛਾਂਟੀ 'ਚ ਉਸਦਾ ਵੀ ਨੰਬਰ ਆ ਗਿਆ ਤਾਂ...

... ਅਦਾਰੇ ਲਈ ਸਰਕਾਰੀ ਹੁਕਮ ਵਰਦਾਨ ਬਣਕੇ ਆਏ ਸਨ। 'ਪੰਜਾਹ ਪ੍ਰਤੀਸ਼ਤ ਮੁਲਾਜ਼ਮਾਂ ਨਾਲ ਕੰਮ ਚਲਾਓ, ਸੋਸ਼ਲ-ਡਿਸਟੈਂਸਿੰਗ ਦਾ ਖਿਆਲ ਰੱਖ ਕੇ'। ਹਰ ਸੈਕਸ਼ਨ 'ਚੋਂ ਲਗਪਗ ਅੱਧੇ ਸਟਾਫ਼ ਦੀ ਛੁੱਟੀ ਕਰ ਦਿੱਤੀ ਗਈ ਸੀ। ਜਲੰਧਰ ਨੂੰ ਕਵਰ ਕਰਨ ਵਾਲੇ ਨੌਂ ਰਿਪੋਰਟਰਾਂ 'ਚੋਂ ਵੀ ਚਾਰ ਨੂੰ ਨਾ ਆਉਣ ਲਈ ਕਹਿ ਦਿੱਤਾ ਗਿਆ। 'ਜਦੋਂ ਹਾਲਾਤ ਸੁਧਰੇ, ਅਸੀਂ ਆਉਣ ਲਈ ਫੋਨ ਕਰ ਦਿਆਂਗੇ, ਓਨਾ ਚਿਰ ਛੁੱਟੀ ਕਰੋ।' ਉਦੋਂ ਉਹ ਖ਼ੁਸ਼ ਹੋਏ ਸਨ ਘਰ ਬੈਠੇ ਬਿਠਾਏ ਤਨਖਾਹ ਮਿਲੇਗੀ। ਹਰ ਇਕ ਦੇ ਜ਼ਿਹਨ 'ਚ ਪ੍ਰਧਾਨ ਮੰਤਰੀ ਦਾ ਭਾਸ਼ਣ ਸੀ ਕਿ ਕੰਮ ਬੰਦ ਹੋਣ ਜਾਂ ਕਿਸੇ ਕਾਰਨ ਕੰਮ 'ਤੇ ਨਾ ਆਉਣ ਵਾਲੇ ਮਜ਼ਦੂਰਾਂ/ਮੁਲਾਜ਼ਮਾਂ ਦੀ ਤਨਖਾਹ ਨਾ ਕੱਟੀ ਜਾਵੇ। ਪਰ ਅਦਾਰੇ ਇਸ ਆਦੇਸ਼ ਨੂੰ ਇੰਜ ਲਾਗੂ ਕਰਨਗੇ, ਇਸਦਾ ਅਹਿਸਾਸ ਅਗਲੇ ਮਹੀਨੇ ਹੋਇਆ ਜਦੋਂ ਤਨਖਾਹ ਉਨ੍ਹਾਂ ਦੇ ਅਕਾਊਂਟ 'ਚ ਆਈ। ਛੁੱਟੀ ਕੀਤਿਆਂ ਦੀ, ਪੰਝੀ ਮਾਰਚ ਤੋਂ ਬਾਅਦ ਦੇ ਦਿਨਾਂ ਦੇ ਪੈਸੇ ਕੱਟ ਕੇ ਤਨਖਾਹ ਪਾਈ ਗਈ ਸੀ। ਅਪਰੈਲ ਦੀ ਤਨਖਾਹ ਪਾਈ ਹੀ ਨਾ, ਨਾ ਮਈ ਦੀ। ਅਗਾਂਹ ਇਹ ਸੰਸਾ ਕਿ ਕਿੰਨਾ ਚਿਰ ਹਾਲਤ ਇੰਜ ਹੀ ਰਹੇਗੀ ? ਕੰਮ 'ਤੇ ਮੁੜ ਸੱਦਿਆ ਵੀ ਜਾਵੇਗਾ ਕਿ ਨਹੀਂ ? ਉਧਰ ਬਾਕੀ ਬਚਦੇ ਸਟਾਫ਼ ਤੇ ਕੰਮ ਦਾ ਭਾਰ ਵਧਾ ਦਿੱਤਾ ਗਿਆ ਸੀ। "ਆਪਣਾ ਕੰਮ ਪੂਰਾ ਕਰਕੇ ਜਾਓ... ਸਾਡਾ ਅਦਾਰਾ ਕੀ, ਪੂਰੀ ਦੁਨੀਆਂ ਇਸ ਵੇਲੇ ਬਹੁਤ ਗੰਭੀਰ ਪ੍ਰਸਥਿਤੀਆਂ 'ਚੋਂ ਲੰਘ ਰਹੀ ਹੈ। ਹੱਕਾਂ ਦੀ ਗੱਲ ਛੱਡੋ, ਇਸ ਵੇਲੇ ਤਾਂ ਹੈ ਕਿਸੇ ਤਰ੍ਹਾਂ ਇਸ ਸਥਿਤੀ 'ਚੋਂ ਪਾਰ ਜਾਇਆ ਜਾ ਸਕੇ... ਪੇਪਰ ਨੂੰ ਬਚਾਇਆ ਜਾ ਸਕੇ।" ਐਮ.ਡੀ. ਦੀ ਇਸ ਸੰਖੇਪ ਭਾਸ਼ਣ-ਨੁਮਾ ਟਿੱਪਣੀ ਨਾਲ ਸੰਕਟ ਦਾ ਸਾਰਾ ਭਾਰ ਸਟਾਫ਼ 'ਤੇ ਆਣ ਪਿਆ ਸੀ। ਕਈ ਵਾਰ ਤਿੰਨ-ਤਿੰਨ, ਚਾਰ-ਚਾਰ ਘੰਟੇ ਵਾਧੂ ਲਗ ਜਾਂਦੇ ਕੰਮ ਸਮੇਟਦਿਆਂ, ਪਰ ਕੋਈ ਓਵਰ-ਟਾਈਮ ਨਹੀਂ। ਹੋਰ ਤਾਂ ਹੋਰ ਇਸ ਵਾਧੂ ਕੰਮ ਦਾ ਕਿਤੇ ਕੋਈ ਇੰਦਰਾਜ ਵੀ ਨਾ ਹੁੰਦਾ।

ਰੇਲਵੇ ਟਰੈਕ 'ਤੇ ਜਾ ਰਹੇ ਮਜ਼ਦੂਰਾਂ ਵਾਲੀ ਰਿਪੋਰਟ 'ਟਰੈਸ਼' ਕਰ ਦਿੱਤੀ ਗਈ ਸੀ। ਝੁੱਗੀ-ਝੌਂਪੜੀ ਵਾਲੀ ਸਿੰਗਲ ਲਾ ਦਿੱਤੀ, ਪਰ ਵੰਡੇ ਜਾ ਰਹੇ ਰਾਸ਼ਨ ਵਾਲੀ ਹੋਰ ਵਿਸਥਾਰਿਤ ਕਰਵਾਈ, "ਗਿੱਲ ਸਾਬ ਨੂੰ ਫੋਨ ਕਰਕੇ ਪੁੱਛ ਲਓ ਬਾਕੀ ਅਹੁਦੇਦਾਰਾਂ ਦੇ ਨਾਂ... ਉਹ ਵੀ ਐਡ ਕਰੋ... ਫੋਟੋ ਵੀ ਹੋਰ ਮੰਗਵਾਓ, ਜਿਸ 'ਚ ਸਾਰੇ ਅਹੁਦੇਦਾਰ ਦਿਸਦੇ ਹੋਣ!" ਉਸਨੇ ਮੁੜ ਲਿਖ ਕੇ ਵਿਸਥਾਰ ਦਿੱਤਾ ਸੀ। ਪੰਜਾਬੀਆਂ ਦੀ ਖੁੱਲ੍ਹਦਿਲੀ, ਵੰਡ ਕੇ ਖਾਣ ਦੀ ਪ੍ਰਵਿਰਤੀ ਬਾਰੇ ਕੁਝ ਗੱਲਾਂ ਜੋੜ ਕੇ ਇੰਟਰੋ ਨੂੰ ਖਿਚਿਆ। ਜਿਹੜੀ ਖ਼ਬਰ ਸਿੰਗਲ ਛਪਣ ਵਾਲੀ ਬਣਾਈ ਸੀ, ਉਹ ਡਿਸਪਲੇਅ ਨਾਲ ਚਾਰ ਕਾਲਮੀ ਛਪੀ ਫੋਟੋ ਫੀਚਰ ਵਜੇ... ਤੇ ਜਿਹੜੀ ਪੂਰੀ ਰੂਹ ਨਾਲ, ਧੁੱਪ 'ਚ ਦੌੜ ਭੱਜ ਕਰਕੇ ਲਿਖੀ ਸੀ, ਉਹ ਡਿਲੀਟ 'ਚ ਜਾ ਪਈ ਸੀ...

...."ਮੰਮਾ, ਲੰਚ ਮੇਂ ਹਮ ਕੇ.ਐਫ.ਸੀ. ਸੇ ਪੀਜ਼ਾ ਮੰਗਵਾਏਂਗੇ।" ਆਪਣੀ ਪਰੌਂਠੀ ਮੁਕਾ ਟੇਬਲ ਤੋਂ ਉੱਠਦੀ ਸੂਖਮ ਨੇ ਕਿਹਾ ਤਾਂ ਉਹ ਸਸ਼ੋਪੰਜ 'ਚ ਪੈ ਗਿਆ। ਪੀਜ਼ਾ, ਮਤਲਬ ਤਿੰਨ ਸੌ ਰੁਪਏ। ਕੀ ਉਹ ਅਜਿਹੀ 'ਅੱਯਾਸ਼ੀ' ਬਾਰੇ ਸੋਚ ਸਕਦੇ ਸਨ ਇਨ੍ਹਾਂ ਦਿਨਾਂ 'ਚ! ਪਰ ਕਿਵੇਂ ਟਾਲਿਆ ਜਾ ਸਕਦਾ ਉਸਨੂੰ! ਸੋਚ ਹੀ ਰਿਹਾ ਸੀ ਕਿ ਪੂਰਨਿਮਾ ਨੇ ਤੁਰੰਤ ਗੱਲ ਨੂੰ ਸਾਂਭ ਲਿਆ, "ਆਜ ਨਹੀ ਬੇਟੇ, ਫਿਰ ਕਿਸੇ ਦਿਨ ਸਹੀ!"

"ਆਜ ਕਿਉਂ ਨਹੀਂ... ਇਤਨੇ ਡੇਜ਼ ਹੋ ਗਏ ਹੈ। ਨਾ ਕਹੀਂ ਬਾਹਰ ਗਯੇ ਹੈਂ, ਔਰ ਨਾ ਕੁੱਛ ਟੇਸਟੀ ਖਾਇਆ ਹੈ!"

"ਆਜ ਮੈਂ ਆਪ ਕੇ ਲੀਏ ਪੂਰੀਆਂ ਤਲ ਰਹੀ ਹੂੰ ਜ਼ੀਰਾ-ਆਲੂ ਕੇ ਸਾਥ... ਆਪਕੋ ਕਿਤਨੀ ਪਸੰਦ ਹੈ!" ਪੂਰਨਿਮਾ ਨੇ ਉਸਦੀ ਪਸੰਦ ਦਾ ਸਸਤਾ ਬਦਲ ਤਲਾਸ਼ ਲਿਆ ਸੀ। ਨਾਲ ਹੀ ਉਸਨੇ ਉਹਦੇ ਵਾਲਾਂ ਨੂੰ ਪਿਆਰ ਨਾਲ ਸਹਿਲਾਉਂਦਿਆਂ ਉਸਦਾ ਮੱਥਾ ਚੁੰਮ ਲਿਆ। ਇਸ ਨਾਲ ਉਸਦੀ ਤਸੱਲੀ ਤਾਂ ਨਹੀਂ ਸੀ ਹੋਈ ਲਗਦੀ, ਜਿਵੇਂ ਉਹ ਖੁਸ਼ ਹੋਣ ਤੇ ਖਿੜ ਕੇ ਆਖਦੀ ਸੀ, "ਮੰਮਾ, ਆਪ ਕਿਤਨੇ ਅੱਛੇ ਹੋ!" ਪਰ ਉਸਨੇ ਆਪਣੀ ਨਾਪਸੰਦਗੀ ਵੀ ਜ਼ਾਹਰ ਨਾ ਕੀਤੀ।

ਸ਼ਾਇਦ ਉਸਨੂੰ 'ਚੁੱਪ-ਚੁਪੀਤੇ' ਕੁਝ-ਕੁਝ ਸਮਝ ਆਉਣ ਲਗ ਪਈ ਸੀ!

✶✶✶




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਵਿਚ ਅਜਿਹਾ ਨਾਵਲਕਾਰ ਹੈ, ਜਿਹੜਾ ਸਿਰਜਣਕਾਰੀ ਨੂੰ ਭਾਵਨਾਵਾਂ ਦੇ ਉਬਾਲ ਦੀ ਥਾਂ ਪ੍ਰਯੋਜਨਕ ਅਮਲ ਸਮਝਦਾ ਹੈ। ਇਸ ਲਈ ਉਸਦੀ ਸਿਰਜਣਕਾਰੀ ਦਾ ਕੇਂਦਰ ਉਹ ਸਥਿਤੀ ਹੈ, ਜਿਸ ਵਿਚ ਪੇਂਡੂ ਸਮਾਜਚਾਰਾ ਵਿਅਕਤੀਵਾਦ ਦੀ ਮਾਨਸਿਕਤਾ ਅਧੀਨ ਅਮਾਨਵੀਕਰਣ ਦੀ ਡੂੰਘੀ ਖਾਈ ਵਿਚ ਡਿਗ ਰਿਹਾ ਹੈ। ਨਾਵਲ 'ਸ਼ੋਅ ਰੂਮ' ਇਸੇ ਵਰਤਾਰੇ ਨੂੰ ਮੁਖ਼ਾਤਬ ਹੈ। ਮਾਈਨਿੰਗ ਦਾ ਵਰਤਾਰਾ ਕੰਢੀ ਇਲਾਕੇ ਨੂੰ ਆਪਣੀ ਜਕੜ ਵਿਚ ਲੈ ਰਿਹਾ ਹੈ। ਇਸ ਵਰਤਾਰੇ ਦੇ ਅੰਦਰਲੇ ਅਤੇ ਬਾਹਰਲੇ ਸੰਘਰਸ਼ ਇਸ ਨਾਵਲ ਦੇ ਪਲਾਟ ਉੱਤੇ ਫੈਲੇ ਹੋਏ ਹਨ। ਦੀਪਾ, ਸੁੱਖੀ, ਬੌਬੀ ਵਰਗੇ ਪਾਤਰ ਜੇ ਖਪਤ ਸਭਿਆਚਾਰ ਦੇ ਵਾਹਕ ਹਨ, ਤਾਂ ਦਿਨੇਸ਼ ਰਾਣਾ ਅਤੇ ਸੰਘਰਸ਼ ਕਰ ਰਹੇ ਲੋਕ ਦੂਜੇ ਪਾਸੇ ਖੜ੍ਹੇ ਹਨ। ਇਸ ਤਰ੍ਹਾਂ ਇਹ ਨਾਵਲ ਸਹਿਜ ਵਰਤਾਰੇ ਦੇ ਖਪਤ ਸਭਿਆਚਾਰ ਵਿਚ ਢਲਣ ਦਾ ਵਧੀਆ ਚਿੱਤਰ ਹੈ। ਵਸਤੂ ਪੱਧਰ ਉੱਤੇ ਵੱਖਰਤਾ ਵਾਲੇ ਇਸ ਨਾਵਲ ਦਾ ਪੰਜਾਬੀ ਨਾਵਲੀ ਸੰਸਾਰ ਵਿਚ ਸੁਆਗਤ ਹੈ। **-ਰਜਨੀਸ਼ ਬਹਾਦਰ ਸਿੰਘ**

**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 187, ਮੁੱਲ: 250 ਰੁਪਏ**

**ਸਵੈ ਜੀਵਨੀ ਅੰਸ਼** **ਹਰਜਿੰਦਰ ਸਿੰਘ ਸੂਰੇਵਾਲੀਆ**

# ਤਾਂ ਜ਼ਿੰਦਗੀ ਹੋਰ ਹੋਣੀ ਸੀ

**ਮੰਦੀ ਕਿਸਮਤ ਵਾਲਿਆਂ ਦੇ ਢਠੇ ਪਏ ਖੋਲੇ, ਉਜੜ ਗਏ ਹੋਣੇ, ਗਏ ਵਸ ਪਹਿਲੋਂ।**
**ਡਲੇ ਕੱਚੀ ਮੱਟੀ ਦੇ ਜੀ, ਦਿਲਾਂ ਨੂੰ ਲੱਗਦੇ ਸਿਉਂਨਿਉਂ ਸੋਹਣੇ, ਰੰਣ ਦੇ ਮਹਿਲੋਂ।**
**ਜਿੱਥੇ ਮੱਝੀਆਂ ਚਾਰਦਾ ਸੀ, ਵੱਜੇ ਨਾ ਵੰਝਲੀ, ਚਾਕ ਦੇ ਬੇਲੇ, ਜੀ ਤਖ਼ਤ-ਹਜ਼ਾਰੇ।**
**ਰਹੇ ਤਾਂਘ ਵਤਨ ਦੀ ਜੀ, ਨਹਿਰ ਦੇ ਬੰਗਲੇ, ਰਤਨ ਦੇ ਮੇਲੇ, ਭੁੱਲਣ ਨਾ ਪਿਆਰੇ।**
**ਬਾਬੂ ਰਜ਼ਬਅਲੀ**

1ਜੁਲਾਈ 1965 ਤੋਂ 3 ਅਗਸਤ 1972 ਤੱਕ, ਭੁੰਬੇ ਪਿੰਡ ਵਿਚ ਮੈਂ ਆਪਣੇ ਬਚਪਣ ਦੇ ਕੀਮਤੀ ਸੱਤ ਸਾਲ ਬਿਤਾਏ ਸਨ ਤੇ ਮੇਰੇ ਇਹ ਸੱਤ ਸਾਲ ਇਕ ਰਾਜ ਕੁਮਾਰ ਵਾਂਗ ਹੀ ਬੀਤੇ ਸਨ। ਮੈਂ ਇਥੇ ਆ ਕੇ ਤੀਸਰੀ ਜਮਾਤ ਵਿਚ ਦਾਖਲ ਹੋਇਆ ਸਾਂ ਤੇ ਜਦੋਂ ਭੁੰਬਾ ਛੱਡਿਆ ਤਾਂ ਦਸਵੀਂ ਵਿਚ ਸਾਂ। ਹੈਡਮਾਸਟਰ ਦਾ ਪੁੱਤ ਹੋਣ ਕਾਰਨ ਕੱਪੜੇ ਵੀ ਦੂਜੇ ਵਿਦਿਆਰਥੀਆਂ ਤੋਂ ਚੰਗੇ ਪਾਉਂਦਾ ਸੀ। ਸਿਆਲਾਂ ਵਿਚ ਜਦੋਂ ਸਵਾਟਰ ਵੀ ਕਿਸੇ ਵਿਰਲੇ ਟਾਵੇਂ ਵਿਦਿਆਰਥੀ ਦੇ ਪਾਇਆ ਹੁੰਦਾ ਸੀ ਤਾਂ ਓਦੋਂ ਮੇਰੇ ਸਵਾਟਰ ਦੇ ਉਪਰੋਂ ਕੋਟ ਵੀ ਪਾਇਆ ਹੁੰਦਾ ਸੀ। ਦੋ ਤਿੰਨ ਹੋਰ ਵੀ ਅਧਿਆਪਕਾਂ ਦੇ ਬੱਚੇ ਸਕੂਲ ਵਿਚ ਸਨ ਪਰ ਮੇਰੀ ਟੌਅਰ ਵੱਖਰੀ ਹੀ ਹੁੰਦੀ ਸੀ। ਮੈਂ ਉਹਨਾਂ ਸਾਰਿਆਂ ਤੋਂ ਉਮਰ ਵਿਚ ਵੱਡਾ, ਪੜ੍ਹਣ ਵਿਚ ਹੁਸ਼ਿਆਰ ਤੇ ਸ਼ਕਲ-ਸੂਰਤ ਤੋਂ ਵੀ ਸਾਰਿਆਂ ਤੋਂ ਸੋਹਣਾ ਸਾਂ। ਸਕੂਲ ਦੇ ਸਾਰੇ ਮਾਸਟਰ ਤੇ ਖਾਸ ਤੌਰ ਤੇ ਮਾਸਟਰਾਨੀਆਂ ਮੈਨੂੰ ਪਿਆਰ ਕਰਦੀਆਂ। ਕੋਈ ਵਿਦਿਆਰਥੀ ਮੇਰੇ ਨਾਲ ਲੜਦਾ ਝਗੜਦਾ ਨਹੀਂ ਸੀ ਤੇ ਮੈਂ ਵੀ ਕਦੇ ਕਿਸੇ ਉਪਰ ਫਾਲਤੂ ਦਾ ਰੋਅਬ ਨਹੀਂ ਸੀ ਪਾਇਆ। ਦਿਨ ਤੀਆਂ ਵਰਗੇ ਗੁਜ਼ਰਦੇ ਸਨ। ਅੱਧੀ ਛੁੱਟੀ ਤੋਂ ਬਾਅਦ ਜਦੋਂ ਅਸੀਂ ਪੜ੍ਹ ਪੜ੍ਹ ਬੋਰ ਹੋ ਜਾਂਦੇ ਤਾਂ ਮੇਰੀ ਕਲਾਸ ਦੇ ਵਿਦਿਆਰਥੀ ਮੈਨੂੰ ਕਹਿੰਦੇ ਕਿ ਜਾ ਆਪਣੇ ਦਾਰਜੀ ਤੋਂ ਖੇਡਣ ਦੀ ਛੁੱਟੀ ਲੈ ਕੇ ਆ। ਮੈਂ ਜਾਂਦਾ ਤੇ ਪਿਤਾ ਜੀ ਤੋਂ ਆਗਿਆ ਲੈ ਆਉਂਦਾ। ਸਾਰੇ ਮੁੰਡੇ ਕੁੜੀਆਂ ਖੁਸ਼ ਹੋ ਜਾਂਦੇ ਤੇ ਅਸੀਂ ਸਾਰੇ ਗਰਾਂਊਂਡ ਵਿਚ ਦੁੜੰਗੇ ਲਾਉਂਦੇ ਫਿਰਦੇ। ਵਿਸ਼ਾਲ ਸਕੂਲ ਕੰਪਲੈਕਸ ਮੇਰੇ ਪਿਤਾ ਜੀ ਦੀ ਰਿਆਸਤ ਸੀ, ਜਿਸ ਵਿਚ ਉਹਨਾਂ ਦਾ ਰਾਜ ਚਲਦਾ ਸੀ ਤੇ ਮੈਂ ਇਸ ਰਿਆਸਤ ਦਾ ਰਾਜਕੁਮਾਰ ਸਾਂ। ਪਰ ਇਸ ਪਿੰਡ ਨਾਲ ਕਦੇ ਮੇਰੀ ਦਿਲੀ ਸਾਂਝ ਨਹੀਂ ਸੀ ਬਣੀ। ਮੈਂ ਪਹਿਲਾਂ ਦੋ ਸਾਲ ਆਪਣੇ ਪਿੰਡ ਸੂਰੇਵਾਲੇ ਲਾ ਆਇਆ ਸਾਂ ਤੇ ਇਕ ਤਰਾਂ ਨਾਲ ਮੈਨੂੰ ਸਮਾਜਿਕ ਸੂਝ ਆਪਣੇ ਪਿੰਡ ਵਿਚ ਹੀ ਆਈ ਸੀ। ਓਥੇ ਸਾਰੇ ਮੇਰੇ ਆਪਣੇ ਸਨ। ਕੋਈ ਚਾਚਾ ਸੀ, ਕੋਈ ਤਾਇਆ ਸੀ, ਕੋਈ ਭਰਾ ਸੀ ਤੇ ਕੋਈ ਬਾਬਾ ਸੀ। ਔਰਤਾਂ ਵਿਚੋਂ ਕੋਈ ਚਾਚੀ ਸੀ ਕੋਈ ਤਾਈ ਸੀ ਕੋਈ ਭੂਆ ਸੀ ਤੇ ਕੋਈ ਭੈਣ ਤੇ ਕੋਈ ਅੰਬੋ ਜਿਸ ਨੂੰ ਮੈਂ 'ਮਾਂ ਜੀ' ਕਹਿੰਦਾ ਤੇ ਜਦੋਂ ਕੋਈ ਮਾਂ ਜੀ ਮਿਲਦੀ ਮੈਂ ਭੱਜ ਕੇ ਉਸ ਦੇ ਪੈਰਾਂ 'ਤੇ ਚੰਗੀ ਤਰ੍ਹਾਂ ਆਪਣੇ ਹੱਥ ਘਸਾ ਕੇ ਪੈਰੀਂ ਹੱਥ ਲਾ ਦਿੰਦਾ ਤੇ ਉਹ ਮੇਰੇ 'ਤੇ ਅਸੀਸਾਂ ਦੀ ਝੜੀ ਲਾ ਦਿੰਦੀ। ਮੇਰੀ ਬੀਬੀ ਨੇ ਮੈਨੂੰ ਇਹ ਸਿਖਾਇਆ ਸੀ ਕਿ ਵੱਡੀ ਉਮਰ ਦੀ ਔਰਤ ਨੂੰ ਮਾਂ ਜੀ ਕਹਿਣਾ ਹੈ ਤੇ ਉਸ ਦੇ ਪੈਰੀਂ ਹੱਥ ਲਾਉਣੇ ਹਨ। ਪਰ ਇਸ ਪਿੰਡ ਵਿਚ ਤਾਂ ਮੇਰਾ ਕਿਸੇ ਨਾਲ ਕੋਈ ਰਿਸ਼ਤਾ ਹੀ ਨਹੀਂ ਬਣਦਾ ਸੀ। ਮੈਨੂੰ ਆਦਮੀ ਤੇ ਔਰਤਾਂ ਨੂੰ ਸੰਬੋਧਨ ਕਰਨ ਵਿਚ ਬੜੀ ਦਿੱਕਤ ਆਉਂਦੀ, ਕਿਉਂਕਿ ਇਥੇ ਮੈਂ ਕਿਸੇ ਨੂੰ ਚਾਚਾ ਤਾਇਆ ਜਾਂ ਚਾਚੀ ਤਾਈ ਨਹੀਂ ਕਹਿ ਸਕਦਾ

ਸਾਂ। ਮੈਂ ਇਥੇ ਦੋ ਹੀ ਸੰਬੋਧਨ ਰੱਖੇ ਹੋਏ ਸਨ-ਵੱਡੀ ਉਮਰ ਦੀਆਂ ਬੁੜੀਆਂ ਨੂੰ ਮਾਂ ਜੀ ਤੇ ਦੂਜੇ ਸਾਰੇ ਬੰਦਿਆਂ ਨੂੰ ਬਾਈ ਜੀ ਕਹਿਣਾ, ਕਿਉਂਕਿ ਮੇਰੀ ਬੀਬੀ ਵੀ ਬੰਦਿਆਂ ਨੂੰ ਬਾਈ ਜੀ ਹੀ ਕਹਿੰਦੀ ਸੀ। ਹੋਰਾਂ ਨੂੰ ਬੁਲਾਉਣ ਸਮੇਂ ਮੈਂ ਅਊਂ-ਗਊਂ ਕਰ ਜਾਂਦਾ ਸੀ। ਰਿਸ਼ਤਿਆਂ ਦਾ ਇਹ ਆਰਜੀ ਜਿਹਾ ਪ੍ਰਬੰਧ ਸੀ ਜਿਸ ਕਰਕੇ ਮੈਂ ਕਦੇ ਵੀ ਭਾਵਨਾਤਮਕ ਤੌਰ 'ਤੇ ਭੁੱਬੇ ਨਾਲ ਜੁੜ ਨਾ ਸਕਿਆ। ਇਸ ਕਰਕੇ ਮੈਨੂੰ ਭੁੱਬਾ ਛੱਡਣ ਦਾ ਕੋਈ ਅਫਸੋਸ ਜਾਂ ਵੈਰਾਗ ਨਹੀਂ ਸੀ, ਬਲਕਿ ਮੈਂ ਤਾਂ ਖੁਸ਼ ਸਾਂ ਕਿ ਮੈਂ ਆਪਣਿਆਂ ਵਿਚ ਜਾ ਰਿਹਾ ਹਾਂ।

ਇਸ ਵਾਰ ਸਾਡਾ ਸਮਾਨ ਲੈ ਕੇ ਜਾਣ ਲਈ ਪਿਤਾ ਜੀ ਲਛਮਣ ਸਿੰਘ ਨੂੰ ਆਖ ਆਏ ਸਨ। ਬਾਦਲ ਪਿੰਡ ਦੇ ਨਜ਼ਦੀਕ ਗੱਗੜ ਉਸ ਦਾ ਨਾਨਕਾ ਪਿੰਡ ਸੀ। ਉਸ ਨੇ ਉਹਨਾਂ ਦਾ ਵੀ ਕੋਈ ਕੰਮ ਕਰਕੇ ਜਾਣਾ ਸੀ ਤੇ ਨਿਸ਼ਚਿਤ ਦਿਨ 'ਤੇ ਲਛਮਣ ਨੇ ਆਪਣਾ ਮੈਸੀ ਟਰੈਕਟਰ ਟਰਾਲੀ ਸਮੇਤ ਸਾਡੇ ਬਾਰ ਵਿਚ ਲਿਆ ਖੜਾਇਆ। ਮੱਝ ਦਾ ਸੰਗਲ ਅਸੀਂ ਸੁਭ੍ਹਾ ਮੂੰਹ ਹਨੇਰੇ ਹੀ ਦਿਹਾੜੀਏ ਨੂੰ ਫੜਾ ਕੇ ਤੋਰ ਦਿੱਤਾ ਸੀ। ਸਕੂਲ ਦੇ ਦਰਜਾ ਚਾਰ ਕਰਮਚਾਰੀਆਂ ਰਾਮ ਤੇ ਨਰਾਇਣ ਹੁਰਾਂ ਨੇ ਕੁੱਝ ਸਮੇਂ ਵਿਚ ਹੀ ਸਾਡਾ ਸਾਰਾ ਸਮਾਨ ਟਰਾਲੀ ਵਿਚ ਟਿਕਾ ਦਿੱਤਾ। ਸਮਾਨ ਵੀ ਕਿਹੜਾ ਸੀ ? ਉਹਨਾਂ ਸਮਿਆਂ ਵਿਚ ਸਾਡੇ ਕੋਲ ਅੱਜ ਵਾਂਗ ਨਾਂ ਤਿੰਨ ਤਿੰਨ ਡਬਲ-ਬੈੱਡ ਸਨ ਤੇ ਨਾ ਸੋਫਾ-ਸੈਟ, ਨਾ ਮੇਜ਼ ਕੁਰਸੀਆਂ, ਨਾ ਗਾਡਰੇਜ਼ ਦੀਆਂ ਅਲਮਾਰੀਆਂ, ਨਾ ਗੈਸੀ ਚੁੱਲੇ-ਸਿਲੰਡਰ ਤੇ ਨਾ ਹੀ ਬਿਜਲੀ ਨਾਲ ਚੱਲਣ ਵਾਲੇ ਯੰਤਰ ਪੱਖੇ, ਟੇਬਲ ਫੈਨ, ਫਰਿਜ਼, ਟੈਲੀਵਿਯਨ, ਐਲ. ਸੀ. ਡੀ, ਜੂਸਰ, ਮਾਈਕਰੋਵੇਵ, ਆਦਿ ਕੁੱਝ ਵੀ ਤਾਂ ਨਹੀਂ ਹੁੰਦਾ ਸੀ। ਭੁੱਬੇ ਵੀ ਬਿਜਲੀ ਨਹੀਂ ਹੁੰਦੀ ਸੀ। ਬੱਸ ਕੁੱਝ ਭਾਂਡੇ ਸਨ ਜੋ ਬੋਰੀ ਵਿਚ ਪਾ ਲਏ ਸਨ ਤੇ ਦੋ ਚਾਰ ਮੰਜੇ ਪੀਹੜੀਆਂ, ਇਕ ਜਾਂ ਦੋ ਪੰਡਾਂ ਬਿਸਤਰਿਆਂ ਦੀਆਂ, ਦੋ ਚਾਰ ਸੂਟਕੇਸ। ਆਟੇ ਵਾਲਾ ਪੀਪਾ ਤੇ ਖੰਡ, ਲੂਣ, ਤੇਲ ਆਦਿ ਦੇ ਡੱਬੇ ਹੀ ਘਰੇਲੂ ਸਮਾਨ ਸੀ ਜੋ ਟਰਾਲੀ ਵਿਚ ਰੱਖ ਲਿਆ ਸੀ। ਸਾਡੇ ਘਰ ਸਕੂਲੋਂ ਲਿਆਂਦੀਆਂ ਇਕ ਦੋ ਮੇਜ਼ ਕੁਰਸੀਆਂ ਸਨ ਜੋ ਫਿਰ ਤੋਂ ਸਕੂਲ ਦੀ ਵਰਤੋਂ ਵਿਚ ਆਉਣ ਲੱਗ ਪੈਣੀਆਂ ਸਨ। ਪਿੰਡੋਂ ਤਾਂ ਅਸੀਂ ਦੋ ਅਟੈਚੀਆਂ ਵਿਚ ਕਪੜੇ ਆਦਿ ਹੀ ਲਿਆਏ ਸਾਂ ਤੇ ਇਹ ਸਾਰਾ ਕੁੱਝ ਮੰਜੇ ਪੀੜ੍ਹੀਆਂ ਇੱਥੇ ਹੀ ਬਣਾਏ ਸਨ। ਮੇਰੇ ਮਾਤਾ ਪਿਤਾ ਦੋਵੇਂ ਹੀ ਮੰਜੇ ਸ਼ੌਂਕ ਨਾਲ ਬੁਣ ਲੈਂਦੇ ਸਨ। ਸੱਭ ਤੋਂ ਅਖੀਰ 'ਤੇ ਸਾਈਕਲ ਰੱਖਿਆ ਗਿਆ। ਜਦੋਂ ਸਾਰਾ ਸਮਾਨ ਟਿਕ ਗਿਆ ਤਾਂ ਬੀਬੀ ਟਰਾਲੀ ਵਿਚ ਡਾਹੇ ਮੰਜੇ 'ਤੇ ਬੈਠ ਗਈ ਤੇ ਮੈਂ ਅਤੇ ਦਾਰਜੀ ਟਰੈਕਟਰ ਦੇ ਪਿੱਛਲੇ ਟਾਇਰਾਂ ਉਪਰਲੇ ਮਡਗਾਰਡਾਂ ਨੂੰ ਜੋੜਨ ਵਾਲੀ ਫੱਟੀ 'ਤੇ ਬੈਠ ਗਏ ਤਾਂ ਲਛਮਣ ਨੇ ਸੈਲਫ ਮਾਰ ਦਿੱਤੀ। ਮੈਸੀ ਟਰੈਕਟਰ ਕਿਰ ਕਿਰ ਦੀ ਮਿੱਠੀ ਅਵਾਜ਼ ਨਾਲ ਸਟਾਰਟ ਹੋ ਕੇ ਫਰਾਟੇ ਜਿਹੇ ਮਾਰਨ ਲੱਗਿਆ। ਆਂਢ ਗੁਆਂਢ ਦੇ ਆਦਮੀ ਸਾਰੇ ਆਪੋ ਆਪਣੇ ਖੇਤੀਂ ਕੰਮੀ ਧੰਦੀ ਲੱਗੇ ਹੋਏ ਸਨ ਤੇ ਗਲੀ ਗੁਆਂਢ ਦੇ ਮੁੰਡੇ ਕੁੜੀਆਂ ਸਕੂਲ ਨੂੰ ਗਏ ਸਨ। ਸਾਨੂੰ ਮੇਘੇ ਦੀ ਬੇਬੇ ਤੇ ਘਰਾਂ ਦੀਆਂ ਚਾਰ ਪੰਜ ਔਰਤਾਂ ਨੇ ਵਿਦਾਇਗੀ ਦਿੱਤੀ। ਬੀਬੀ ਓਸੇ ਤਰ੍ਹਾਂ ਟਰਾਲੀ ਵਿਚ ਡਾਹੇ ਹੋਏ ਮੰਜੇ 'ਤੇ ਬੈਠੀ ਸੀ ਜਿਵੇਂ ਮੁੱਦਕੀ ਤੋਂ ਆਉਣ ਸਮੇਂ ਬੈਠੀ ਸੀ। ਮੇਰਾ ਨਹੀਂ ਖਿਆਲ ਬਈ ਕਿਸੇ ਦੀ ਅੱਖ ਸਿੰਮੀ ਹੋਵੇਗੀ।

ਮੁੱਦਕੀ ਵਾਲੀ ਹਵੇਲੀ ਛੱਡਣ ਤੋਂ ਬਾਅਦ ਅਸੀਂ ਪਿੰਡ ਵਾਲੇ ਘਰ ਵਿਚ ਰਹੇ ਤੇ ਫਿਰ ਭੁੱਬੇ ਆ ਕੇ ਵੀ ਪੰਜ ਘਰ ਬਦਲੇ। ਕਹਿੰਦੇ ਹਨ ਕਿ ਬਿੱਲੀ ਆਪਣੇ ਬਲੂੰਗੜਿਆਂ ਨੂੰ ਉਹਨਾਂ ਦੇ ਉਡਾਰ ਹੋਣ ਤੱਕ ਸੱਤ ਘਰ ਵਿਖਾ ਦਿੰਦੀ ਹੈ ਤੇ ਕਦੇ ਕਿਸੇ ਇਕ ਘਰੇ ਨਹੀਂ ਟਿਕ ਕੇ

ਰਹਿੰਦੀ। ਪਿਤਾ ਜੀ ਨੇ ਮੈਨੂੰ ਵੀ ਸੱਤ ਘਰ ਵਿਖਾ ਦਿੱਤੇ ਸਨ ਤੇ ਅੱਗੇ ਚੱਲ ਕੇ ਮੈਂ ਵੀ ਆਪਣੇ ਬੱਚਿਆਂ ਨੂੰ ਸੱਤ ਘਰ ਵਿਖਾ ਦੇਣੇ ਸਨ।

***

ਪਿੰਡ ਦੁਬਾਰਾ ਆ ਜਾਣ ਦਾ ਚਾਅ ਤਾਂ ਬਹੁਤ ਸੀ ਪਰ ਹੁਣ ਪਹਿਲਾਂ ਵਾਲੀਆਂ ਗੱਲਾਂ ਨਹੀਂ ਸਨ ਰਹੀਆਂ। ਹੁਣ ਤੱਕ ਤਾਂ ਬਹੁਤ ਸਾਰਾ ਪਾਣੀ ਪੁਲਾਂ ਹੇਠ ਦੀ ਵਹਿ ਗਿਆ ਸੀ। ਇਹਨਾਂ ਸੱਤਾਂ ਸਾਲਾਂ ਵਿਚ ਪਿੰਡ ਬਹੁਤ ਬਦਲ ਗਿਆ ਸੀ। ਮੈਨੂੰ ਪਿਆਰ ਕਰਨ ਵਾਲੀਆਂ ਘਰਾਂ ਦੀਆਂ ਵੱਡੀਆਂ ਕੁੜੀਆਂ ਜੋ ਮੇਰੀਆਂ ਭੂਆ ਜਾਂ ਭੈਣਾਂ ਲੱਗਦੀਆਂ ਸਨ, ਹੁਣ ਵਿਆਹੀਆਂ ਗਈਆਂ ਸਨ। ਚਾਚੇ ਅੱਡੋ-ਅੱਡ ਹੋ ਗਏ ਸਨ। ਘਰ ਵੰਡਿਆ ਗਿਆ ਸੀ। ਸਾਡੇ ਹਿੱਸੇ ਬਾਅਦ ਵਿਚ ਲਿਆ ਦਸ ਕੁ ਮਰਲੇ ਥਾਂ ਆਇਆ ਸੀ ਜਿਸ ਵਿਚ ਦੱਖਣੀ ਕੰਧ ਨਾਲ ਪਾਇਆ ਇਕ ਅੱਧ ਪੱਕਾ-ਕਮਰਾ ਸੀ ਜੋ ਪਲੱਸਤਰ ਵੀ ਨਹੀਂ ਸੀ ਕੀਤਾ ਗਿਆ। ਉਤਰ ਦਿਸ਼ਾ ਵਾਲੀ ਕੰਧ ਦੇ ਨਾਲ ਇਕ ਵੀਹ ਫੁੱਟ ਲੰਮਾ ਤੇ ਬਾਰਾਂ ਕੁ ਫੁੱਟ ਚੌੜਾ ਕੱਚਾ ਕੋਠਾ ਵੀ ਇਸ ਥਾਂ ਵਿਚ ਸ਼ਾਮਲ ਸੀ। ਮਸ਼ੀਨ ਓਸ ਘਰੋਂ ਪੁੱਟ ਕੇ ਬਾਹਰਲੀ ਫਿਰਨੀ 'ਤੇ ਲੈ ਗਏ ਸਨ। ਮਸ਼ੀਨ ਵਾਲਾ ਡੇਢ ਕਨਾਲ ਦਾ ਸਾਰਾ ਘਰ ਚਾਚੇ ਸੁਖਦੇਵ ਦੇ ਕੋਲ ਆ ਗਿਆ ਸੀ। ਚਾਚਾ ਹਰਨੇਕ ਆਪਣੇ ਹਿੱਸੇ ਦਾ ਥਾਂ ਉਸ ਨੂੰ ਦੇ ਗਿਆ ਸੀ ਤੇ ਆਪ ਉਹ ਮੇਰੇ ਬਾਬੇ ਕੇ ਮਕਾਨ ਦੇ ਨਾਲ ਪਏ ਬਾਬੇ ਹਾਕਮ ਸਿੰਘ ਕੇ ਖਾਲੀ ਮਕਾਨ ਵਿਚ ਜਾ ਰਹਿਣ ਲੱਗਾ ਸੀ। ਬਾਬਾ ਹਾਕਮ ਆਪਣੇ ਦੋ ਪੁੱਤਾਂ ਨੂੰ ਨਾਲ ਲੈ ਕੇ ਹਰਿਆਣੇ ਦੇ ਐਲਨਾਬਾਦ ਕੋਲ ਛੋਟੇ ਜਿਹੇ ਪਿੰਡ ਢਾਣੀ ਸ਼ੇਰੇ ਕੀ ਵਿਚ ਚਲਾ ਗਿਆ ਸੀ ਤੇ ਉਹ ਓਥੇ ਜਮੀਨ ਲੈ ਕੇ ਵਾਹੀ ਕਰਨ ਲੱਗ ਪਏ ਸਨ। ਮਸ਼ੀਨ ਵਿਚੋਂ ਚਾਚੇ ਸੁਖਦੇਵ ਨੇ ਅੱਠ ਹਜ਼ਾਰ ਲੈ ਕੇ ਆਪਣਾ ਹਿੱਸਾ ਕੱਢਾ ਲਿਆ ਸੀ ਤੇ ਇਕ ਪੁਰਾਣਾ ਫਰਗੁਸ਼ਨ ਪਾਵਰੀਨ ਟਰੈਕਟਰ ਲੈ ਕੇ ਵਾਹੀ ਕਰਨ ਲੱਗ ਪਿਆ ਸੀ। ਸਾਨੂੰ ਮਸ਼ੀਨ ਵਿਚੋਂ ਕੋਈ ਹਿੱਸਾ ਨਹੀਂ ਦਿੱਤਾ ਗਿਆ ਸੀ, ਕਿਉਂਕਿ ਪਿਤਾ ਜੀ ਤਾਂ ਸਰਕਾਰੀ ਨੌਕਰੀ ਕਰਦੇ ਸਨ। ਇੰਜਨ ਵੀ ਹੁਣ ਬੁੱਢਾ ਹੋ ਗਿਆ ਸੀ ਤੇ ਥਾਂ ਥਾਂ ਤੋਂ ਉਸਦਾ ਤੇਲ ਰਿਸਦਾ ਰਹਿੰਦਾ ਸੀ, ਜਿਸ ਕਰਕੇ ਇੰਜਨ ਵਾਲੇ ਕੋਠੇ ਦੀਆਂ ਕੰਧਾਂ ਵੀ ਕਾਲੀਆਂ ਹੋ ਗਈਆਂ ਸਨ। ਚਿੱਟੇ ਕਪੜੇ ਪਾ ਕੇ ਇੰਜਨ ਵਾਲੇ ਕਮਰੇ ਵਿਚੋਂ ਬਿਨਾਂ ਕਾਲਾ ਦਾਗ ਲਵਾਇਆਂ ਕੋਈ ਨਿਕਲ ਹੀ ਨਹੀਂ ਸਕਦਾ ਸੀ। ਚਾਚੇ ਹਰਨੇਕ ਨੇ ਅੱਠ ਹਜ਼ਾਰ ਬਾਬੇ ਕਪੂਰ ਤੋਂ ਲੈ ਕੇ ਉਸ ਨੂੰ ਅੱਧ ਦਾ ਹਿਸੇਦਾਰ ਬਣਾ ਲਿਆ। ਬਾਬੇ ਕਪੂਰ ਸਿੰਘ ਨੇ ਬੋਹੜ ਨੂੰ ਪੜ੍ਹਨੋ ਹਟਾ ਕੇ ਚਾਚੇ ਹਰਨੇਕ ਦਾ ਸਾਥੀ ਬਣਾ ਦਿੱਤਾ। ਇਕ ਤਰਾਂ ਨਾਲ ਉਹ ਬਚਪਣ ਤੋਂ ਹੀ ਮਸ਼ੀਨਮੈਨ ਬਣ ਗਿਆ ਸੀ। ਉਸ ਦੇ ਕੱਪੜੇ ਅਤੇ ਹੱਥ ਹਮੇਸ਼ਾ ਹੀ ਕਾਲੇ ਰਹਿੰਦੇ ਤੇ ਉਸ ਦੇ ਸਰੀਰ ਵਿਚੋਂ ਹਰ ਸਮੇਂ ਡੀਜ਼ਲ ਤੇਲ ਦਾ ਮੁਸ਼ਕ ਆਉਣ ਲੱਗਾ ਸੀ। ਕਈ ਤਾਂ ਮਖੌਲ ਵਿਚ ਇਹ ਵੀ ਕਹਿ ਦਿੰਦੇ ਸਨ ਕਿ ਬੋਹੜ ਜੇ ਪੱਦ ਵੀ ਮਾਰੇ ਤਾਂ ਉਸ ਵਿਚੋਂ ਵੀ ਤੇਲ ਦਾ ਹੀ ਮੁਸ਼ਕ ਆਉਂਦਾ ਹੈ। ਹੁਣ ਉਹ ਪਹਿਲਾਂ ਵਾਂਗ ਮੈਨੂੰ ਢਾਉਣ ਨਹੀਂ ਪੈਂਦਾ ਸੀ ਤੇ ਮੇਰਾ ਇਕ ਤਰਾਂ ਨਾਲ ਦੋਸਤ ਵੀ ਬਣ ਗਿਆ ਸੀ ਪਰ ਮੇਰੇ ਪ੍ਰਤੀ ਉਸ ਦੇ ਮਨ ਵਿਚ ਕੋਈ ਖਾਰ ਸੀ ਜਿਸ ਕਰਕੇ ਉਹ ਮੈਨੂੰ ਨੀਵਾਂ ਵਿਖਾਉਣ ਦਾ ਮੌਕਾ ਭਾਲਦਾ ਰਹਿੰਦਾ। ਕਦੇ ਕਦੇ ਉਹ ਮੈਨੂੰ ਬੋਲਾ ਵੀ ਕਹਿੰਦਾ ਪਰ ਕਿਸੇ ਹੋਰ ਨੇ ਮੈਨੂੰ ਕਦੇ ਬੋਲਾ ਨਹੀਂ ਸੀ ਕਿਹਾ ਭਾਵੇਂ ਕਿ ਮੈਨੂੰ ਅਜੇ ਵੀ ਉੱਚਾ ਸੁਣਦਾ ਸੀ। ਮੇਰਾ ਕੋਈ ਹੋਰ ਛੋਟਾ ਨਾਂ ਵੀ ਨਹੀਂ ਸੀ ਤੇ ਚੰਗੀ ਕਿਸਮਤ ਨੂੰ ਸਾਰੇ ਹੀ ਮੈਨੂੰ ਹਰਜਿੰਦਰ ਕਹਿ ਕੇ ਹੀ ਸੰਬੋਧਨ ਕਰਦੇ ਰਹੇ। ਹਾਂ ਮੇਰੇ ਮਾਮੇ ਵਾਂਗ ਮੇਰੇ ਦੋ ਬਾਬਿਆਂ, ਬਾਬੇ ਹਾਕਮ ਸਿੰਘ ਤੇ ਬਾਬੇ ਗੁਰਨਾਮ ਸਿੰਘ ਨੂੰ

ਹਰਜਿੰਦਰ ਨਹੀਂ ਕਹਿਣਾ ਆਉਂਦਾ ਸੀ ਤੇ ਉਹ ਹਮੇਸ਼ਾ ਮੈਨੂੰ ਜੋਗਿੰਦਰਾ ਕਹਿ ਕੇ ਹੀ ਬੁਲਾਉਂਦੇ ਰਹੇ। ਮਸ਼ੀਨ ਹੁਣ ਤੀਜੇ ਥਾਂ ਜਾ ਲੱਗੀ ਸੀ ਤੇ ਉਸ ਦੇ ਕਈ ਮਾਲਕ ਬਦਲ ਗਏ ਸਨ ਪਰ ਪਿੰਡ ਦੇ ਵਸਨੀਕਾਂ ਨੂੰ ਮਸ਼ੀਨ ਦੇ ਘੁੱਗੂ ਦੀ ਓਹੋ ਮਿੱਠੀ ਮਿੱਠੀ ਤੁੱਕ ਤੁੱਕ ਦੀ ਅਵਾਜ਼ ਦਿਨ ਢਲਦੇ ਹੀ ਸੁਣਾਈ ਦੇਣ ਲੱਗ ਪੈਂਦੀ ਸੀ।

***

ਸਾਡੇ ਤਿੰਨ ਜੀਆਂ ਦੇ ਪਰੀਵਾਰ ਲਈ ਇਕ ਕਮਰਾ ਕਾਫੀ ਸੀ। ਇਕ ਕੱਚਾ ਕੋਠਾ ਜਿਸ ਦੇ ਅੱਧੇ ਹਿੱਸੇ ਵਿਚ ਤੂੜੀ ਭਰੀ ਹੁੰਦੀ ਤੇ ਅੱਧੇ ਹਿੱਸੇ ਵਿਚ ਮੱਝ ਬੱਝਦੀ ਸੀ, ਸਾਡੀ ਬੂਰੀ ਮੱਝ ਲਈ ਕਾਫੀ ਸੀ। ਸਾਡੇ ਕਮਰੇ ਦੀ ਇਕ ਨੁੱਕਰੇ ਮੇਰੀ ਬੀਬੀ ਦੇ ਦਾਜ ਵਾਲੀ ਦਰਮਿਆਨੇ ਜਿਹੇ ਅਕਾਰ ਦੀ ਲੋਹੇ ਦੀ ਪੇਟੀ ਪਈ ਹੁੰਦੀ ਸੀ ਜਿਸ ਦਾ ਹਰਾ ਰੰਗ ਹੁਣ ਘਸਮੈਲਾ ਹੋ ਚੁੱਕਾ ਸੀ। ਪੇਟੀ ਅਸੀਂ ਮੁੱਦਕੀ ਅਤੇ ਝੁੰਬੇ ਨਹੀਂ ਲੈ ਕੇ ਗਏ ਸਾਂ। ਉਸ ਪੇਟੀ ਦੇ ਮੂਹਰੇ ਕੰਧ ਨਾਲ ਮੇਰਾ ਮੰਜਾ ਡਾਹਿਆ ਹੁੰਦਾ ਸੀ ਜਿਸਦੇ ਇਕ ਪਾਸੇ ਮੇਜ ’ਤੇ ਲੈਂਪ ਜਗਾ ਕੇ ਮੈਂ ਸਿਆਲਾਂ ਦੀਆਂ ਰਾਤਾਂ ਨੂੰ ਪੜ੍ਹਦਾ ਹੁੰਦਾ ਸੀ। ਘਰ ਦੇ ਸਾਡੇ ਵਾਲੇ ਹਿੱਸੇ ਅਤੇ ਸੁਖਦੇਵ ਸਿੰਘ ਦੇ ਹਿੱਸੇ ਆਏ ਘਰ ਦੇ ਦਰਮਿਆਨ ਛੱਪੜ ਦੇ ਵੱਡੇ ਵੱਡੇ ਡਲਿਆਂ ਦੀ ਕੱਚੀ ਕੰਧ ਸੀ ਜਿਸ ਵਿਚ ਵਿਚਕਾਰੋਂ ਪੰਦਰਾਂ ਕੁ ਫੁੱਟ ਦਾ ਲਾਂਘਾ ਰੱਖਿਆ ਹੋਇਆ ਸੀ। ਛੁੱਟੀ ਵਾਲੇ ਦਿਨ ਮੈਂ ਟਰੈਕਟਰ ਚਲਾਉਣ ਦੇ ਚਾਅ ਵਿਚ ਚਾਚੇ ਨਾਲ ਖੇਤ ਚਲਾ ਜਾਂਦਾ। ਜੇ ਉਹ ਖੇਤ ਤਵੀਆਂ ਨਾਲ ਵਾਹ ਰਿਹਾ ਹੁੰਦਾ ਤਾਂ ਮੈਨੂੰ ਸੀਟ ’ਤੇ ਬਿਠਾ ਕੇ ਆਪ ਛਾਵੇਂ ਜਾ ਬੈਠਦਾ ਤੇ ਮੈਨੂੰ ਸਮਝਾ ਜਾਂਦਾ ਸੀ ਹਲਾਂ ਕਿਵੇਂ ਵਲਣਾ ਹੈ ਤੇ ਤਵੀਆਂ ਪਿੱਛੇ ਹੋਣ ਤਾਂ ਟਰੈਕਟਰ ਕਿਹੜੇ ਪਾਸੇ ਨਹੀਂ ਮੋੜੀਦਾ। ਇਕ ਵਾਰ ਉਹ ਆਪਣੇ ਸਹੁਰੇ ਪਿੰਡ ਮੱਲਣ ਆਪਣੇ ਸਹੁਰਿਆਂ ਦੇ ਖੇਤ ਰੂੜੀ ਦੀ ਰੇਹ ਪਾਉਣ ਗਿਆ ਤਾਂ ਮੈਨੂੰ ਵੀ ਨਾਲ ਲੈ ਗਿਆ ਸੀ। ਜਦੋਂ ਖੇਤੋਂ ਖਾਲੀ ਟਰਾਲੀ ਲੈ ਕੇ ਮੁੜਦੇ ਤਾਂ ਟਰੈਕਟਰ ਮੈਂ ਚਲਾਉਂਦਾ ਹੁੰਦਾ ਸੀ। ਇਕ ਵਾਰ ਅਸੀਂ ਦੋਦੇ ਦੇ ਪੈਟਰੋਲ ਪੰਪ ਤੋਂ ਤੇਲ ਲੈਣ ਆਏ ਤਾਂ ਚਾਚੇ ਨੇ ਪੰਪ ਦੇ ਕਰਿੰਦੇ ਨਾਲ ਗਿੱਟ-ਮਿੱਟ ਕਰਕੇ ਵੱਧ ਤੇਲ ਪਵਾ ਲਿਆ। ਪੰਪ ਦੇ ਮਾਲਕ ਨੂੰ ਸ਼ੱਕ ਪੈ ਗਿਆ ਤੇ ਉਸ ਨੇ ਢੋਲ ਵਿਚ ਪਾਏ ਤੇਲ ਦੀ ਦੁਬਾਰਾ ਮਿਣਤੀ ਕਰਵਾ ਲਈ ਤੇ ਓਸੇ ਵਕਤ ਕਰਿੰਦੇ ਦੇ ਚਪੇੜਾਂ ਮਾਰ ਕੇ ਨੌਕਰੀ ਤੋਂ ਭਜਾ ਦਿੱਤਾ। ਮੈਨੂੰ ਟਰੈਕਟਰ ’ਤੇ ਬੈਠੇ ਨੂੰ ਸ਼ਰਮ ਆ ਰਹੀ ਸੀ ਤੇ ਕਰਿੰਦੇ ’ਤੇ ਤਰਸ ਆ ਰਿਹਾ ਸੀ ਜਿਸ ਨੂੰ ਮੇਰੇ ਚਾਚੇ ਨੇ ਲਾਲਚ ਦੇ ਕੇ ਬੇਈਮਾਨ ਬਣਾ ਦਿੱਤਾ ਸੀ। ਸ਼ਾਮ ਨੂੰ ਚਾਚਾ-ਚਾਚੀ ਆਪਣੀਆਂ ਚੋਣੀਆਂ ਨਾਲ ਨਰਮਾ ਚੁਗ ਕੇ ਖੇਤੋਂ ਮੁੜਦੇ ਤਾਂ ਮਣ-ਮਣ, ਸਵਾ-ਸਵਾ ਮਣ ਦੀਆਂ ਪੰਡਾਂ ਸਪਰਿੰਗ ਵਾਲੇ ਕੰਡੇ ਨਾਲ ਤੋਲੀਆਂ ਜਾਂਦੀਆਂ ਜਿੰਨ੍ਹਾਂ ਦੀ ਪੜ੍ਹਤ ਮੈਂ ਹੀ ਨੋਟ ਕਰਦਾ ਤੇ ਇਕ ਕਾਪੀ ’ਤੇ ਲਿਖ ਦਿੰਦਾ। ਚਾਚੇ ਨੇ ਮੈਨੂੰ ਕਿਹਾ ਹੋਇਆ ਸੀ ਕਿ ਆਪਣਾ ਕੰਡਾ ਵੱਧ ਦੱਸਦਾ ਹੈ ਤੂੰ ਤਿੰਨ ਚਾਰ ਕਿੱਲੋ ਘੱਟ ਦੱਸ ਕੇ ਲਿਖਿਆ ਕਰ। ਪਰ ਮੈਨੂੰ ਚਾਚੇ ਦੇ ਬੇਈਮਾਨ ਅਤੇ ਲਾਲਚੀ ਸੁਭਾਅ ਦੀ ਸੋਝੀ ਆ ਗਈ ਸੀ ਤੇ ਮੈਂ ਹਮੇਸ਼ਾ ਅਸਲੀ ਪੱੜ੍ਹਤ ਹੀ ਲਿਖਦਾ ਜਾਂ ਵੱਧ ਤੋਂ ਵੱਧ ਇਕ ਅੱਧਾ ਕਿਲੋ ਦਾ ਫਰਕ ਪਾ ਲੈਂਦਾ, ਕਿਉਂਕਿ ਇਹਨਾਂ ਕੰਡਿਆਂ ਦੀ ਭਰੋਸੇ ਯੋਗਤਾ ਵੀ ਕੋਈ ਨਹੀਂ ਸੀ।

***

ਸਾਉਣੀ ਤੋਂ ਬਾਅਦ ਆਪਣੇ ਹਿੱਸੇ ਆਉਂਦੀ ਜ਼ਮੀਨ ਅਸੀਂ ਆਪ ਵਾਹ ਲੈਣੀ ਸੀ ਜਾਂ ਕਿਸੇ ਹੋਰ ਨੂੰ ਦੇ ਦੇਣੀ ਸੀ। ਨਿਆਈਂ ਵਾਲੀਆਂ ਇਕੀ ਕਨਾਲਾਂ ਵਿਚੋਂ ਸਾਡੇ ਹਿਸੇ ਸੱਤ

ਕਨਾਲਾਂ ਹੀ ਆਉਂਦੀਆਂ ਸਨ ਤੇ ਸਾਡੇ ਹਿੱਸਾ ਵਿਚਾਲੇ ਰੱਖਿਆ ਗਿਆ ਸੀ। ਇਸ ਤਰਾਂ ਕੌਣੀ ਵਾਲੇ ਖੇਤ ਵਿਚੋਂ ਜੋ ਅਸੀਂ ਹੱਕ-ਸ਼ੁਭਾ ਦਾ ਦਾਅਵਾ ਕਰਕੇ ਛੁਡਾਇਆ ਸੀ, ਸਾਨੂੰ ਚਾਰ ਕਨਾਲਾਂ ਆਉਂਦੀਆਂ ਸਨ। ਇਸ ਤੋਂ ਇਲਾਵਾ ਦੋ ਕਿਲੇ ਬਾਬੇ ਹਾਕਮ ਸਿੰਘ ਕੇ ਸਾਡੇ ਕੋਲ ਚਾਚੇ ਸੁਖਦੇਵ ਨਾਲ ਸਾਝੇਂ ਦਸ ਹਜ਼ਾਰ ਵਿਚ ਗਹਿਣੇ ਸਨ ਤੇ ਹੁਣ ਤੱਕ ਸਾਡੇ ਵਾਲੇ ਹਿੱਸੇ ਨੂੰ ਵੀ ਚਾਚਾ ਸੁਖਦੇਵ ਹੀ ਵਾਹੁੰਦਾ ਬੀਜਦਾ ਸੀ। ਹੁਣ ਇਹ ਵੀ ਨਹੀਂ ਪਤਾ ਕਿ ਉਹ ਪਿਤਾ ਜੀ ਨੂੰ ਕੁੱਝ ਦਿੰਦਾ ਵੀ ਸੀ ਜਾਂ ਨਹੀਂ। ਜਦੋਂ ਚਾਚੇ ਨੂੰ ਇਲਮ ਹੋ ਗਿਆ ਕਿ ਅਗਾਂਹ ਤੋਂ ਮੈਨੂੰ ਜ਼ਮੀਨ ਨਹੀਂ ਮਿਲਣੀ ਤਾਂ ਉਸ ਨੇ ਆਪਣੇ ਹਿੱਸੇ ਵਿਚ ਕਰਾਹਾ ਲਾ ਕੇ ਆਪਣਾ ਖੇਤ ਸਾਡੇ ਖੇਤ ਨਾਲੋਂ ਇਕ ਫੁੱਟ ਨੀਵਾਂ ਕਰ ਲਿਆ। ਪਾਣੀ ਅਸੀਂ ਉਸ ਤੋਂ ਵੱਢਣਾ ਸੀ ਤੇ ਜਦੋਂ ਪਾਣੀ ਵੱਢਿਆ ਤਾਂ ਸਾਡੇ ਉੱਚੇ ਖੇਤ ਵਿਚ ਪਾਣੀ ਓਦੋਂ ਪੈਣ ਲੱਗਿਆ ਜਦੋਂ ਸਾਡੀ ਵਾਰੀ ਹੀ ਖਤਮ ਹੋ ਗਈ ਕਿਉਂਕਿ ਸਾਰੇ ਖਾਲੇ ਵਿਚੋਂ ਪਾਣੀ ਉੱਤਰ ਗਿਆ ਸੀ ਤੇ ਸਾਡੀ ਵਾਰੀ ਤਾਂ ਖਾਲਾ ਭਰਨ 'ਚ ਹੀ ਲੰਘ ਗਈ ਸੀ। ਚਾਚੇ ਨੇ ਪਹਿਲੀ ਵਾਰ ਹੀ ਦਰਸਾ ਦਿੱਤਾ ਸੀ ਉਹ ਮਤਰੇਆ ਭਰਾ ਹੀ ਨਹੀਂ ਸਗੋਂ ਸ਼ਰੀਕ ਵੀ ਹੈ। ਅਸਲ ਵਿਚ ਸੋਚੀ-ਸਮਝੀ ਸਕੀਮ ਅਧੀਨ ਉਹ ਚਾਲ ਖੇਡ ਰਿਹਾ ਸੀ। ਉਸ ਨੇ ਪ੍ਰਸਤਾਵ ਰੱਖਿਆ ਕਿ ਤੁਸੀਂ ਇਕ ਟੱਕ ਰੱਖ ਲਵੋ ਕੌਣੀ ਵਾਲਾ ਜਾਂ ਨਿਆਈਂ ਵਾਲਾ ਤੇ ਉਸ ਨੂੰ ਇਹ ਵੀ ਸੋਝੀ ਸੀ ਕਿ ਅਸੀ ਕੋਣੀ ਵਾਲੇ ਟੱਕ ਦੀ ਬਜਾਏ ਨੇੜਲਾ ਨਿਆਈਂ ਵਾਲਾ ਟੱਕ ਹੀ ਰੱਖਾਂਗੇ ਤੇ ਹੋਇਆ ਵੀ ਇਸੇ ਤਰਾਂ ਹੀ। ਪਰ ਨਿਆਈਂ ਵਾਲਾ ਟੱਕ ਰੱਖਣ ਨਾਲ ਸਾਡੇ ਹਿਸੇ ਤਾਂ ਚੌਦਾਂ ਕਨਾਲਾਂ ਆ ਗਈਆਂ ਤੇ ਉਸ ਕੋਲ ਸਿਰਫ ਇਕ ਕਿੱਲਾ ਜਾਂ ਅੱਠ ਕਨਾਲਾਂ ਹੀ ਰਹਿ ਗਈਆਂ। ਜੇ ਦੋਹਾਂ ਟੱਕਾਂ ਦਾ ਹਿੱਸਾ ਗਿਣਦੇ ਤਾਂ ਗਿਆਰਾਂ ਗਿਆਰਾਂ ਕਨਾਲਾਂ ਆਉਣੀਆਂ ਸਨ। ਇਸ ਤਰਾਂ ਸਾਡੇ ਕੋਲ ਤਿੰਨ ਕਨਾਲਾਂ ਵੱਧ ਆ ਗਈਆਂ ਸਨ। ਚਾਚੇ ਨੇ ਇਸ ਦਾ ਵੀ ਪਹਿਲਾਂ ਹੀ ਹੱਲ ਸੋਚਿਆ ਹੋਇਆ ਸੀ। ਜਿਹੜੇ ਦੋ ਕਿੱਲੇ ਸਾਡੇ ਕੋਲ ਦਸ ਹਜ਼ਾਰ ਵਿਚ ਗਹਿਣੇ ਸਨ ਉਹ ਚਾਚੇ ਨੇ ਰੱਖ ਲਏ ਸਾਡੇ ਹਿੱਸੇ ਦੇ ਪੰਜ ਹਜ਼ਾਰ ਬਦਲੇ ਤਿੰਨ ਕਨਾਲਾਂ ਉਸ ਨੇ ਸਾਨੂੰ ਵਹੀ 'ਤੇ ਲਿਖ ਕੇ ਬੈਅ ਕਰ ਦਿੱਤੀਆਂ। ਸਾਡੇ ਕੋਲ ਤਾਂ ਹੁਣ ਸਿਰਫ ਪੌਣੇ ਦੋ ਕਿੱਲੇ ਹੀ ਸਨ ਤੇ ਉਸ ਕੋਲ ਤਿੰਨ ਕਿੱਲੇ ਹੋ ਗਏ ਸਨ। ਵਹੀ ਉਪਰ ਲਿਖੇ ਬੈਨਾਮੇ ਅਤੇ ਜ਼ਮੀਨ ਦੇ ਇਸ ਆਰਜ਼ੀ ਤਬਾਦਲੇ ਨੇ ਬਾਅਦ ਵਿਚ ਸਾਨੂੰ ਬਹੁਤ ਖੱਜਲ ਖੁਆਰ ਕੀਤਾ, ਠਾਣੇ ਅਤੇ ਕੋਰਟ ਕਚਹਿਰੀਆਂ ਦੇ ਚੱਕਰ ਵਿਚ ਵੀ ਪਾਇਆ ਤੇ ਮੈਨੂੰ ਜੇਲ ਯਾਤਰਾ ਵੀ ਕਰਵਾਈ।

***

ਚਾਚੇ ਦੇ ਇਸ ਵਿਸਵਾਸ਼ਘਾਤ ਸਦਕਾ ਸਾਡੀ ਉਸ ਨਾਲ ਬੋਲ ਚਾਲ ਬੰਦ ਹੋ ਗਈ ਤੇ ਉਸ ਨੇ ਸਾਂਝੀ ਕੰਧ ਵਾਲਾ ਲਾਂਘਾ ਬੰਦ ਕਰ ਦਿੱਤਾ। ਸਾਨੂੰ ਉਤਰ ਵੱਲ ਲੰਘਦੀ ਦੋ ਕਰਮ ਦੀ ਗਲੀ ਵਿਚ ਆਪਣਾ ਛੋਟਾ ਜਿਹਾ ਬਾਰ ਕੱਚੀ ਕੰਧ ਵਿਚ ਰੱਖਣਾ ਪਿਆ। ਇਹਨਾਂ ਦਿਨਾਂ ਵਿਚ ਇਕ ਟਿਕੀ ਰਾਤ ਜਦੋਂ ਲੋਕ ਸੌਣ ਦੀ ਤਿਆਰੀ ਕਰ ਰਹੇ ਸਨ ਤਾਂ ਅੰਦਰਲੀ ਫਿਰਨੀ ਵਾਲੇ ਪਾਸੇ ਤੋਂ ਕਿਸੇ ਬੰਦੇ ਦੇ ਲਲਕਰੇ ਸੁਣਾਈ ਦਿੱਤੇ। ਉਹ ਬੰਦਾ ਉੱਚੀ ਉੱਚੀ ਗਾਲਾਂ ਕੱਢ ਰਿਹਾ ਸੀ,' ਓਏ...ਤੇਰੀ ਧੀ ਨਾਲ ਲੈ ਲਾਂ ਫੇਰੇ..।' ਸਾਡੇ ਕੰਨ ਖੜੇ ਹੋ ਗਏ ਤੇ ਅਸੀਂ ਧਿਆਨ ਨਾਲ ਉਸ ਦੇ ਲਲਕਰੇ ਸੁਣਨ ਲੱਗੇ। ਫਿਰ ਅਵਾਜ਼ ਆਈ, 'ਤੇਰੀ ਧੀ ਨਾਲ ਲੈ ਲਾਂ ਫੇਰੇ....ਓਏ ਭਾਈ ਜੀ...।' ਮੇਰੇ ਬਾਬੇ ਨੂੰ ਲੋਕ ਭਾਈ ਜੀ ਵੀ ਕਹਿ ਦਿੰਦੇ ਸਨ। ਸਪਸ਼ਟ ਸੀ ਕਿ ਉਹ ਬੰਦਾ ਮੇਰੇ ਬਾਬੇ ਨੂੰ ਹੀ ਗਾਲਾਂ ਕੱਢ ਰਿਹਾ ਸੀ ਤੇ ਓਧਰੋਂ ਬਾਬੇ ਕੇ ਘਰ ਕੋਲੋਂ ਹੀ ਅਵਾਜ਼ ਆ ਰਹੀ

ਸੀ। ਪਿਤਾ ਜੀ ਇਕ ਦਮ ਮੰਜੇ ਤੋਂ ਬੁੜਕ ਕੇ ਉਠੇ ਤੇ ਨੰਗੇ ਪਿੰਡੇ ਬਿਨਾਂ ਕੋਈ ਡੰਡਾ ਸੋਟੀ ਚੁਕਿਆਂ ਘਰੋਂ ਬਾਹਰ ਨਿਕਲ ਗਏ। ਤੇੜ ਉਹਨਾਂ ਦੇ ਇਕ ਸਾਫਾ ਵਲਿਆ ਹੋਇਆ ਸੀ। ਮੈਂ ਵੀ ਭੱਜਕੇ ਮਗਰ ਹੀ ਗਿਆ। ਦੂਜੀ ਪੱਤੀ ਵਾਲਾ ਮੱਲ ਸਿੰਘ, ਜਿਨਾਂ ਨੂੰ ਪਿੰਡ ਵਿਚ ਦਹਿਰੇ ਕਿਹਾ ਜਾਂਦਾ ਸੀ, ਦਾਰੂ ਦਾ ਡੱਕਿਆ ਬਾਬੇ ਨੂੰ ਗਾਲਾਂ ਕੱਢ ਰਿਹਾ ਸੀ। ਪਿਤਾ ਜੀ ਨੇ ਜਾ ਕੇ ਉਸ ਦੇ ਤਿੰਨ ਚਾਰ ਧੱਫੇ ਜੜ ਦਿੱਤੇ। ਰੌਲਾ ਸੁਣ ਕੇ ਫੇਰ ਮੇਰਾ ਚਾਚਾ ਸੁਖਦੇਵ ਵੀ ਬਾਹਰ ਨਿਕਲ ਆਇਆ ਤੇ ਉਸ ਨੇ ਵੀ ਮੱਲ ਦੇ ਚਪੇੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਮੱਲ ਨੂੰ ਅਜੇਹੀ ਹੋਣੀ ਦੀ ਆਸ ਨਹੀਂ ਸੀ। ਉਹ ਬਾਬੇ ਦਾ ਲਿਹਾਜ਼ੀ ਵੀ ਸੀ ਤੇ ਉਹ ਦਾਰੂ ਵੀ ਇਕੱਠੇ ਹੀ ਪੀਂਦੇ ਸਨ। ਲਾਲਾ ਲਾਲਾ ਹੋਈ ਤੋਂ ਆਂਢੀ ਗੁਆਂਢੀ ਵੀ ਆ ਗਏ ਤੇ ਉਹਨਾਂ ਮੱਲ ਨੂੰ ਮੇਰੇ ਪਿਤਾ ਅਤੇ ਚਾਚੇ ਦੇ ਜੱਫੇ ਤੋਂ ਛੁਡਾ ਕੇ ਘਰ ਨੂੰ ਤੋਰ ਦਿੱਤਾ। ਇਸ ਸਮੇਂ ਮੇਰਾ ਬਾਬਾ ਵੀ ਅੰਦਰੋ ਨਿਕਲ ਆਇਆ ਸੀ।

'ਆ ਗਿਐਂ ਹੁਣ...।' ਕਹਿ ਕੇ ਪਿਤਾ ਜੀ ਨੇ ਮੇਰੇ ਬਾਬੇ ਦੇ ਵੀ ਤਿੰਨ ਚਾਰ ਜੜ ਦਿੱਤੀਆਂ। ਸਾਡੇ ਜੱਟਾਂ ਵਿਚ ਜਦੋਂ ਕੋਈ ਰੌਲਾ ਹੋਵੇ ਤਾਂ ਪਿਓ ਪੁੱਤ ਦਾ ਲਿਹਾਜ ਨਹੀਂ ਕੀਤਾ ਜਾਂਦਾ ਤੇ ਜਿਹੜਾ ਤੱਕੜਾ ਹੁੰਦਾ ਹੈ ਉਹ ਹੀ ਦੂਜੇ ਦੇ ਮਾਰ ਜਾਂਦਾ ਹੈ। ਦੱਸਦੇ ਹੁੰਦੇ ਸਨ ਕਿ ਮੇਰੇ ਦਾਰਜੀ ਨੇ ਪਹਿਲਾਂ ਵੀ ਮੇਰੇ ਦਾਦੇ ਦੇ ਮੂੰਹ 'ਤੇ ਮੁੱਕੀ ਮਾਰੀ ਸੀ ਤੇ ਉਸ ਦਾ ਨਕਲੀ ਦੰਦਾਂ ਦਾ ਬੀੜ ਬੁੜ੍ਹਕ ਕੇ ਦੂਰ ਜਾ ਡਿਗਿਆ ਸੀ। ਝੁੰਬੇ ਪਿੰਡ ਵਿਚ ਬੜੀ ਹੀ ਸਤਿਕਾਰ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਮੇਰਾ ਪਿਤਾ, ਉਜੱਡ ਲੋਕਾਂ ਵਿਚ ਆ ਕੇ ਉਜੱਡ ਬਣ ਗਿਆ ਸੀ।

***

ਮੱਝ ਸੰਭਾਲਣ ਲਈ ਅਸੀਂ ਇਕ ਪਾਲੀ ਰੱਖ ਲਿਆ ਸੀ ਪਰ ਫਿਰ ਵੀ ਕਦੇ ਕਦੇ ਮੈਨੂੰ ਮੱਝ ਤੇ ਉਸਦੇ ਕੱਟਰੂ ਨੂੰ ਛੱਪੜ 'ਚ ਨਹਾਉਣ ਲੈ ਜਾਣਾ ਪੈਂਦਾ ਸੀ। ਉਹਨਾਂ ਸਮਿਆਂ ਵਿਚ ਛੱਪੜਾਂ ਦੇ ਪਾਣੀ ਸਾਫ਼ ਹੁੰਦੇ ਸਨ ਤੇ ਗਰਮੀਆਂ ਦੇ ਦਿਨਾਂ ਵਿਚ ਤਿੰਨ ਵਾਰ ਪਸ਼ੂ ਛੱਪੜ 'ਤੇ ਲਿਜਾਏ ਜਾਂਦੇ ਸਨ। ਆਮ ਘਰਾਂ ਕੋਲ ਵੀ ਚਾਰ-ਚਾਰ, ਪੰਜ-ਪੰਜ ਪਸ਼ੂ ਹੁੰਦੇ ਸਨ ਤੇ ਮੈਨੂੰ ਇਕ ਮੱਝ ਲਈ ਜਾਂਦੇ ਨੂੰ ਹੀਣਭਾਵਨਾ ਮਹਿਸੂਸ ਹੁੰਦੀ। ਨਿੱਕੇ ਹੁੰਦੇ ਤਾਂ ਅਸੀਂ ਬੜੇ ਚਾਅ ਨਾਲ ਛੱਪੜ 'ਤੇ ਆਉਂਦੇ ਹੁੰਦੇ ਸਾਂ ਤੇ ਨਹਾਉਂਦੇ ਹੁੰਦੇ ਸਾਂ। ਮੈਂ ਤੈਰਨਾ ਕੁੱਦਣਾ ਸਾਡੇ ਇਸ ਛੱਪੜ ਵਿਚ ਹੀ ਸਿਖਿਆ ਸੀ। ਮੇਰੇ ਛੋਟੇ ਹੁੰਦੇ ਦਾ ਹੀ ਸੱਜਾ ਕੰਨ ਡੁਲਦਾ ਹੁੰਦਾ ਸੀ ਤੇ ਇਸੇ ਕਰਕੇ ਮੈਂ ਤੀਜੀ ਚੌਥੀ ਤੋਂ ਹੀ ਪੱਗ ਬੰਨਣ ਲੱਗ ਪਿਆ ਸਾਂ ਤਾਂ ਕਿ ਕਿਸੇ ਨੂੰ ਮੇਰੇ ਕੰਨ ਵਿਚਲੀ ਪੀਕ ਨਾ ਦਿਸੇ। ਮੇਰੇ ਛੋਟੇ ਹੁੰਦੇ ਦੇ ਕੇਸ ਰੱਖੇ ਹੁੰਦੇ ਸਨ ਪਰ ਜਦੋਂ ਮੈਂ ਨੌਵੀਂ ਵਿਚ ਸਾਂ ਤਾਂ ਕੇਸ ਕਟਾ ਦਿੱਤੇ ਸਨ ਪਰ ਕਾਲਜ ਜਾਣ ਲੱਗੇ ਨੇ ਫਿਰ ਰੱਖ ਲਏ ਸਨ। ਡਾਕਟਰ ਨੇ ਵਾਰਨਿੰਗ ਦਿੱਤੀ ਸੀ ਕਿ ਕਦੇ ਵੀ ਕੰਨਾਂ ਵਿਚ ਪਾਣੀ ਨਹੀਂ ਪੈਣ ਦੇਣਾ। ਇਸ ਕਰਕੇ ਮੈਂ ਛੱਪੜ ਵਿਚ ਨਹਾਉਣ ਸਮੇਂ ਕਦੇ ਵੀ ਆਪਣੀ ਪੱਗ ਨਹੀਂ ਲਾਹੁੰਦਾ ਸੀ ਤੇ ਨਾ ਹੀ ਕਦੇ ਚੁੱਭੀ ਮਾਰਦਾ ਸੀ। ਇਕ ਵਾਰ ਛਿੱਟੇ ਪੈ ਕੇ ਮੇਰੀ ਪੱਗ ਕੁੱਝ ਜਿਆਦਾ ਹੀ ਗਿੱਲੀ ਹੋ ਗਈ ਤਾਂ ਮੈਂ ਲਾਹ ਕੇ ਸਾਡੀ ਮੱਝ ਦੇ ਸਿੰਘਾਂ ਉਪਰ ਇਸ ਤਰ੍ਹਾਂ ਟਿਕਾ ਦਿੱਤੀ ਜਿਵੇਂ ਮਾਵੇ ਵਾਲੀ ਪੱਗ ਬੱਧੀ ਬਧਾਈ ਕੋਈ ਬਾਹਰੋਂ ਆ ਕੇ ਟਾਣ 'ਤੇ ਰੱਖ ਦਿੰਦਾ ਹੈ। ਕੁੱਝ ਦੇਰ ਤਾਂ ਮੱਝ ਉਸੇ ਤਰਾਂ ਬੈਠੀ ਰਹੀ ਤੇ ਫਿਰ ਪੱਗ ਦੀ ਅਲਕੱਤ ਜਿਹੀ ਮੰਨ ਕੇ ਉਸ ਨੇ ਆਪਣਾ ਸਿਰ ਪਾਣੀ ਵਿਚ ਡੁਬੋ ਲਿਆ ਤੇ ਮੇਰੀ ਪੱਗ ਪਾਣੀ ਵਿਚ ਹੀ ਰਹਿ ਗਈ ਜੋ ਭਾਲਣ 'ਤੇ ਵੀ ਨਹੀਂ ਮਿਲੀ ਸੀ।

***

ਪਿੰਡ ਆ ਕੇ ਮੈਂ ਵੀ ਚਾਦਰਾ ਬੰਨਣ ਲੱਗ ਪਿਆ ਸੀ। ਦਸਵੀਂ ਦੇ ਪੇਪਰ ਦੇ ਕੇ ਵਿਹਲਾ ਹੀ ਸਾਂ ਤੇ ਉਸ ਦਿਨ ਸਾਡਾ ਪਾਲੀ ਸ਼ਾਇਦ ਛੁੱਟੀ ਕਰ ਗਿਆ ਸੀ ਤੇ ਮੈਂ ਛੱਪੜ 'ਤੇ ਮੱਝ ਨਹਾਉਣ ਚਲਾ ਗਿਆ ਸੀ। ਮੱਝ ਛੱਪੜ ਦੇ ਦੂਜੇ ਸਿਰੇ ਵੱਲ ਤਰੀ ਜਾ ਰਹੀ ਸੀ। ਡਰ ਸੀ ਕਿ ਉਹ ਪਰਲੇ ਪਾਰ ਨਿਕਲ ਕੇ ਅੱਗੇ ਖੇਤਾਂ ਵਿਚ ਨਾ ਭੱਜ ਜਾਵੇ। ਛੱਪੜ ਦੇ ਦੂਜੇ ਪਾਸੇ ਛੇਤੀ ਜਾਣ ਲਈ ਮਿਡਲ ਸਕੂਲ ਦੇ ਵਿਚੋਂ ਦੀ ਲੰਘਣਾ ਪੈਂਦਾ ਸੀ। ਜਦੋਂ ਮੈਂ ਸਕੂਲ ਕੋਲ ਦੀ ਲੰਘਣ ਲੱਗਿਆ ਤਾਂ ਸਕੂਲ ਦੇ ਹੈਡਮਾਸਟਰ ਸਰਦਾਰ ਹਰਬੰਸ ਸਿੰਘ ਬਰਾੜ ਨੇ ਅਵਾਜ਼ ਮਾਰ ਕੇ ਮੈਨੂੰ ਆਪਣੇ ਕੋਲ ਸੱਦ ਲਿਆ। ਇਕ ਦੋ ਇਧਰ ਓਧਰ ਦੀਆਂ ਗੱਲਾਂ ਕਰਕੇ ਉਸ ਨੇ ਮੇਰੇ ਚਾਦਰੇ ਵੱਲ ਇਸ਼ਾਰਾ ਕਰਕੇ ਕਿਹਾ, 'ਤੂੰ ਪੜ੍ਹਣ ਵਾਲਾ ਮੁੰਡੈਂ ਤੇ ਆਹ ਕੀ ਜਲੂਸ ਕੱਢੀ ਫਿਰਦੈਂ ?' ਉਸ ਸਮੇਂ ਤਾਂ ਮੈਨੂੰ ਬਹੁਤ ਸ਼ਰਮ ਆਈ ਪਰ ਮੈਂ ਚਾਦਰਾ ਬੰਨਣਾ ਨਾ ਛੱਡ ਸਕਿਆ, ਕਿਉਂਕਿ ਇਸਦਾ ਆਪਣਾ ਹੀ ਸੁੱਖ ਹੁੰਦਾ ਹੈ ਜੋ ਚਾਦਰਾ ਬੰਨਣ ਵਾਲੇ ਹੀ ਜਾਣਦੇ ਹਨ। ਹਰਬੰਸ ਸਿੰਘ ਬਰਾੜ ਬੜਾ ਦੂਰ ਅੰਦੇਸ਼ੀ ਸੀ ਤੇ ਭਾਵੇਂ ਉਸ ਦਾ ਪਿੰਡ ਮੜਾਕ ਸਾਡੇ ਪਿੰਡ ਤੋਂ ਚਾਰ ਕੁ ਕਿਲੋਮੀਟਰ ਹੀ ਦੂਰ ਸੀ ਪਰ ਉਸ ਨੇ ਆਪਣੀ ਰਹਾਇਸ਼ ਮੁਕਤਸਰ ਰੱਖੀ ਹੋਈ ਸੀ। ਉਸ ਨੇ ਆਪਣੀ ਅਧਿਆਪਕਾ ਪਤਨੀ ਦੀ ਬਦਲੀ ਵੀ ਸ਼ਹਿਰ ਦੀ ਕਰਵਾ ਲਈ ਸੀ। ਉਨੀ ਸੌ ਤਹੱਤਰ ਵਿਚ ਹੀ ਉਸ ਨੇ ਸ਼ਹਿਰਾਂ ਦੀ ਮਹੱਤਤਾ ਨੂੰ ਸਮਝ ਲਿਆ ਸੀ ਤੇ ਓਧਰ ਮੇਰੇ ਪਿਤਾ ਜੀ ਸ਼ਹਿਰ ਦਾ ਲਾਗਲਾ ਪਿੰਡ ਛੱਡ ਕੇ ਆਪਣੇ ਪਿੰਡ ਭੱਜ ਆਏ ਸਨ, ਜਿਸ ਨੂੰ ਕੋਈ ਸ਼ਹਿਰ ਵੀ ਨਹੀਂ ਨੇੜੇ ਲੱਗਦਾ। ਪਿੰਡ ਰਹਿਣ ਦੇ ਨਤੀਜੇ ਅਸੀਂ ਭੁਗਤਣ ਲੱਗ ਪਏ ਸਨ ਤੇ ਇਸ ਤੋਂ ਹੋਰ ਗੰਭੀਰ ਅਜੇ ਭੁਗਤਣੇ ਬਾਕੀ ਸਨ।

***

ਪਿੰਡ ਆਉਣ 'ਤੇ ਅਗਲੇ ਸਾਲ ਅਸੀਂ ਪਹਿਲੇ ਕਮਰੇ ਦੇ ਨਾਲ ਇਕ ਪੱਕਾ ਕਮਰਾ ਵੀ ਪਾ ਲਿਆ ਤੇ ਗਲੀ ਵਾਲੀ ਕੰਧ ਪੱਕੀ ਕਰਕੇ ਇਸ ਵਿਚ ਵੱਡਾ ਬਾਰ ਰੱਖ ਲਿਆ। ਮੇਰੇ ਵਿਆਹ ਤੋਂ ਪਹਿਲਾਂ ਅਸੀਂ ਤੂੜੀ ਵਾਲਾ ਕੱਚਾ ਕੋਠਾ ਢਾਹ ਕੇ ਇਸ ਪੱਕੀ ਕੰਧ ਦੇ ਨਾਲ ਦਰਵਾਜਾ ਪਾ ਲਿਆ ਸੀ ਤੇ ਦਰਵਾਜੇ ਵਿਚ ਚਾਚੇ ਵਾਲੇ ਪਾਸੇ ਇਕ ਬਾਰਾਂ ਬਾਈ ਬਾਰਾਂ ਦੀ ਪੱਕੀ ਬੈਠਕ ਬਣਾ ਲਈ ਸੀ ਤੇ ਵਿਹੜੇ ਵਿਚੋਂ ਦਰਵਾਜੇ ਨੂੰ ਪੱਕੀਆਂ ਪੌੜੀਆਂ ਚੜ੍ਹਾ ਲਈਆਂ ਸਨ। ਨਵੇਂ ਪਾਏ ਕਮਰੇ ਦੇ ਮੂਹਰੇ ਦਸ ਕੁ ਫੁੱਟ ਥਾਂ ਛੱਡ ਕੇ ਰਸਈ ਬਣਾ ਲਈ ਸੀ ਤੇ ਪਹਿਲੇ ਕਮਰੇ ਮੂਹਰੇ ਚਾਚੇ ਵਾਲੇ ਪਾਸੇ ਪੰਦਰਾਂ ਬਾਈ ਬਾਰਾਂ ਦਾ ਨਵਾਂ ਪੱਕਾ ਕਮਰਾ ਪਾ ਲਿਆ ਸੀ ਤੇ ਇਸ ਵਿਚ ਤੂੜੀ ਪਾਉਣ ਲੱਗ ਪਏ ਸਾਂ। ਰਸੋਈ ਤੋਂ ਲੈ ਕੇ ਇਸ ਨਵੇਂ ਕਮਰੇ ਤੱਕ ਕੰਧੋਲੀ ਬਣ ਗਈ ਸੀ ਤੇ ਇਸ ਸਾਰੇ ਵਿਹੜੇ ਜਾਂ ਚੌਂਤਰੇ ਵਿਚ ਇੱਟਾਂ ਦੀ ਫਰਸ਼ ਲਾ ਦਿੱਤੀ ਸੀ। ਮੇਰੀ ਪਤਨੀ ਆਪਣੇ ਦਾਜ਼ ਵਿਚ ਟੈਕਸਲਾ ਟੈਲੀਵਿਯਨ ਲਿਆਈ ਸੀ। ਸਾਡੇ ਪਿੰਡ ਇਹ ਪਹਿਲਾ ਟੈਲੀਵਿਯਨ ਸੀ। ਚਾਲੀ ਪੰਜਤਾਲੀ ਫੁੱਟ ਉੱਚਾ ਟੈਲੀਵਿਯਨ ਦਾ ਐਂਟੀਨਾ ਪਿੰਡ ਵਾਲਿਆਂ ਲਈ ਅਜੂਬੇ ਤੋਂ ਘੱਟ ਨਹੀਂ ਸੀ ਪਰ ਪਿੰਡ ਦੇ ਕਬੂਤਰਬਾਜ਼ਾਂ ਲਈ ਇਹ ਐਂਟੀਨਾ ਇਕ ਸਿਰਦਰਦੀ ਸੀ ਕਿਉਂਕਿ ਉਹਨਾਂ ਦੇ ਛੱਡੇ ਕਬੂਤਰ ਅਕਸਰ ਹੀ ਸਾਡੇ ਐਂਟੀਨੇ 'ਤੇ ਆ ਬੈਠਦੇ ਸਨ। ਪਿੰਡ ਦੇ ਦੂਸਰੇ ਸਿਰੇ ਤੋਂ ਵੀ ਬੱਚੇ ਤਾਂ ਕੀ ਵੱਡੇ ਬੰਦੇ ਵੀ ਸਾਡੇ ਘਰ ਸ਼ਾਮ ਨੂੰ ਟੀ.ਵੀ. ਵੇਖਣ ਆ ਜਾਂਦੇ ਸਨ, ਕਿਉਂਕਿ ਓਦੋਂ ਟੀ. ਵੀ. ਦੇ ਪ੍ਰੋਗਰਾਮ ਸ਼ਾਮ ਨੂੰ ਹੀ ਸ਼ੁਰੂ ਹੁੰਦੇ ਸਨ। ਅਸੀਂ ਟੀ. ਵੀ. ਕਮਰੇ ਵਿਚੋਂ ਕੱਢ ਕੇ ਬਾਹਰ ਲਾ ਦਿੰਦੇ ਸਾਂ ਤੇ ਵੇਖਣ ਵਾਲੇ ਵਿਹੜੇ ਜਾਂ ਪੌੜੀਆਂ ਵਿਚ ਬੈਠ ਜਾਂਦੇ ਸਨ।

***

ਸਾਡਾ ਬਾਰ ਹੁਣ ਫਿਰਨੀ ਦੀ ਬਜਾਏ ਗਿਆਰਾਂ ਫੁੱਟੀ ਗਲੀ ਵਿਚ ਸੀ। ਜਿਸ ਦੇ ਸੱਜੇ ਹੱਥ ਅੰਦਰਲੀ ਫਰਨੀ ਤੇ ਖੱਬੇ ਹੱਥ ਬਾਹਰਲੀ ਫਿਰਨੀ ਸੀ ਤੇ ਜਦੋਂ ਅਸੀਂ ਬਾਰ ਵਿਚ ਆਉਂਦੇ ਤਾਂ ਦੁਚਿੱਤੀ ਵਿਚ ਪੈ ਜਾਦੇ ਕਿ ਅੰਦਰਲੀ ਫਿਰਨੀ 'ਤੇ ਜਾ ਕੇ ਬੈਠਿਆ ਜਾਵੇ ਜਾਂ ਬਾਹਰਲੀ ਫਿਰਨੀ 'ਤੇ। ਇਕ ਵਾਰ ਮੈਂ ਪਤਨੀ ਨੂੰ ਪੁੱਛਿਆ ਕਿ ਦਾਰਜੀ ਕਿੱਧਰ ਗਏ ਹਨ ਤਾਂ ਮੇਰੀ ਛੋਟੀ ਸਾਲੀ, ਜੋ ਸਾਨੂੰ ਮਿਲਣ ਆਈ ਸੀ ਪੁੱਛਣ ਲੱਗੀ ਕਿ ਕੋਈ ਕੰਮ ਹੈ ਤਾਂ ਪਤਨੀ ਨੇ ਉਸ ਨੂੰ ਦੱਸਿਆ ਕਿ ਕੰਮ ਕੀ ਹੋਣਾ ਹੈ, ਦੋਵੇਂ ਪਿਓ ਪੁੱਤ ਵਿਹਲੇ ਹਨ। ਇਹ ਪੁੱਛਦੇ ਬਈ ਜੇ ਦਾਰਜੀ ਅੰਦਰਲੀ ਫਿਰਨੀ 'ਤੇ ਗਏ ਹਨ ਤਾਂ ਇਹ ਬਾਹਰਲੀ ਫਿਰਨੀ 'ਤੇ ਜਾ ਬੈਠਣਗੇ ਤੇ ਜੇ ਉਹ ਬਾਹਰਲੀ ਫਿਰਨੀ 'ਤੇ ਗਏ ਹੋਣ ਤਾਂ ਇਹ ਅੰਦਰਲੀ 'ਤੇ ਜਾ ਬੈਠਣਗੇ। ਵਾਕਿਆ ਹੀ ਉਹ ਸੱਚੀ ਸੀ। ਪਿੰਡਾਂ ਦੇ ਜਦੋਂ ਮੁੰਡੇ ਜਵਾਨ ਹੋ ਜਾਂਦੇ ਹਨ ਤਾਂ ਉਹ ਆਪਣੇ ਪਿਓ ਕੋਲ ਨਹੀਂ ਬੈਠਦੇ। ਜਦੋਂ ਮੇਰੀ ਸਾਲੀ ਆਈ ਹੋਈ ਸੀ ਤਾਂ ਇਕ ਬੜੀ ਦੁਖਦਾਈ ਘਟਨਾ ਵਾਪਰੀ। ਬਾਬੇ ਹਾਕਮ ਸਿੰਘ ਨੇ ਆਪਣੇ ਖੇਤ ਜਾ ਕੇ ਟਾਹਲੀ ਨਾਲ ਫਾਹਾ ਲੈ ਲਿਆ। ਐਲਨਾਬਾਦ ਮੰਡੀ ਲਾਗਲੇ ਪਿੰਡ ਤੋਂ ਉਹ ਫਿਰ ਵਾਪਸ ਪਿੰਡ ਮੁੜ ਆਏ ਸਨ। ਕਿੰਨੀ ਹੀ ਦੇਰ ਉਹ ਟਾਹਲੀ ਨਾਲ ਲਟਕਦਾ ਰਿਹਾ। ਖੇਤਾਂ ਵਿਚ ਘਾਹ ਖੋਤਨ ਵਾਲੀਆਂ ਉਸਨੂੰ ਵੇਖ ਕੇ ਭੱਜ ਗਈਆਂ ਸਨ। ਹੌਲੀ ਹੌਲੀ ਗੱਲ ਸਾਰੇ ਪਿੰਡ ਵਿਚ ਫੈਲ ਗਈ ਤੇ ਜਦੋਂ ਪਿਤਾ ਜੀ ਨੂੰ ਪਤਾ ਲੱਗਿਆ ਤਾਂ ਉਹ ਤੁਰੰਤ ਸਰਪੰਚ ਅਜੈਬ ਸਿੰਘ ਨਾਲ ਲੈ ਕੇ ਲਾਸ਼ ਬਾਬੇ ਹਾਕਮ ਕੇ ਘਰੇ ਲੈ ਆਏ ਤੇ ਕਾਹਲੀ ਵਿਚ ਹੀ ਉਸਦਾ ਸਸਕਾਰ ਕਰ ਦਿੱਤਾ। ਮੈਂ ਦੂਜੀ ਵਾਰ ਪਿੰਡ ਦੇ ਸਿਵਿਆਂ ਵਿਚ ਗਿਆ। ਪਹਿਲੀ ਵਾਰ ਕੁੱਝ ਮਹੀਨੇ ਪਹਿਲਾਂ ਆਪਣੇ ਬਾਬੇ ਦੇ ਸਸਕਾਰ ਸਮੇਂ ਗਿਆ ਸਾਂ। ਕੁੱਝ ਦਿਨ ਪਹਿਲਾਂ ਹੀ ਬਾਬੇ ਹਾਕਮ ਨੇ ਮੈਨੂੰ ਗਲੀ ਵਿਚ ਰੋਕ ਕੇ ਦੋ ਰੁਪਏ ਮੰਗੇ ਸਨ ਤੇ ਮੈਂ ਚੁੱਪ ਕਰਕੇ ਉਸ ਨੂੰ ਦੇ ਦਿੱਤੇ ਸਨ। ਮੈਨੂੰ ਪਤਾ ਸੀ ਕਿ ਬਾਬਾ ਨਸ਼ੇ ਦੀਆਂ ਗੋਲੀਆਂ ਖਾਣ ਲੱਗ ਗਿਆ ਹੈ। ਪਹਿਲਾਂ ਉਹ ਦਾਰੂ ਪੀਂਦਾ ਸੀ ਪਰ ਦਾਰੂ ਜੋਗੇ ਉਸ ਕੋਲ ਪੈਸੇ ਨਹੀਂ ਹੁੰਦੇ ਸਨ ਤੇ ਗੋਲੀਆਂ ਖਾਣ ਲੱਗ ਗਿਆ ਸੀ ਜੋ ਉਸ ਸਮੇਂ ਸਾਡੇ ਪਿੰਡ ਵਿਚ ਅਸਾਨੀ ਨਾਲ ਮਿਲ ਜਾਂਦੀਆਂ ਸਨ। ਉਸ ਨੇ ਇਹ ਵੀ ਕਿਹਾ ਸੀ ਕਿ ਜੋਗਿੰਦਰਾ ਅੱਜ ਤੋਂ ਬਾਅਦ ਨਹੀਂ ਮੰਗਦਾ। ਉਸ ਸਮੇਂ ਮੈਂ ਉਸ ਦੀ ਗੱਲ ਦਾ ਮਤਲਬ ਨਹੀਂ ਸਮਝਿਆ ਸਾਂ ਤੇ ਉਸ ਦੀ ਖ਼ੁਦਕਸ਼ੀ ਤੋਂ ਬਾਅਦ ਵਿਚ ਵੀ ਮੇਰੇ ਦਿਮਾਗ ਵਿਚ ਇਹ ਗੱਲ ਕਦੇ ਨਾ ਆਈ। ਹੁਣ ਜਦੋਂ ਆਪਣੀ ਸਵੈਜੀਵਨੀ ਲਿਖਣ ਲੱਗਿਆਂ ਹਾਂ ਤਾਂ ਉਸ ਦੇ ਪੈਸੇ ਮੰਗਣ ਦੀ ਘਟਨਾ ਅਤੇ ਉਹ ਦ੍ਰਿਸ਼ ਅੱਖਾਂ ਮੂਹਰੇ ਸਾਕਾਰ ਹੋ ਗਿਆ ਹੈ। ਉਸ ਨੇ ਬੜਾ ਨਿਮੋਝੂਣਾ ਹੋ ਕੇ ਪੈਸੇ ਮੰਗੇ ਸਨ ਤੇ ਮੇਰੇ ਨਾਲ ਅੱਖ ਵੀ ਨਹੀਂ ਰਲਾਈ ਸੀ। ਮੈਨੂੰ ਅਹਿਸਾਸ ਹੀ ਨਹੀਂ ਸੀ ਹੋਇਆ ਕਿ ਉਸਦਾ ਸਵੈਮਾਨ ਟੁੱਟ ਚੁੱਕਾ ਸੀ। ਇਹ ਆਰਥਿਕ ਪੱਖ ਤੋਂ ਨਿਰਾਸ਼ ਹੋ ਕੇ ਕੀਤੀ ਗਈ ਖ਼ੁਦਕਸ਼ੀ ਸੀ ਜੋ ਉਸ ਸਮੇਂ ਕੋਈ ਵਿਰਲਾ ਟਾਵਾਂ ਕਿਸਾਨ ਹੀ ਕਰਦਾ ਸੀ ਤੇ ਇਹ ਵਿਕੋਲਿਤਰੀਆਂ ਘਟਨਾਵਾਂ ਪ੍ਰੈਸ ਵਿਚ ਵੀ ਨਹੀਂ ਆਉਂਦੀਆਂ ਸਨ।

***

ਜਿਵੇਂ ਪਹਿਲਾਂ ਅੰਦਰਲੀ ਫਿਰਨੀ 'ਤੇ ਰੋਣਕ ਹੁੰਦੀ ਸੀ ਹੁਣ ਓਸੇ ਤਰਾਂ ਬਾਹਰਲੀ ਫਿਰਨੀ 'ਤੇ ਰੌਣਕ ਰਹਿਣ ਲੱਗੀ ਸੀ ਤੇ ਰੌਣਕ ਦਾ ਮੁੱਖ ਕਾਰਨ ਓਥੇ ਚਲਦੀ ਆਟਾ ਚੱਕੀ ਸੀ। ਬਾਹਰਲੀ ਫਿਰਨੀ ਤੋਂ ਬਾਹਰਲੇ ਪਾਸੇ ਤਕਰੀਬਨ ਸਾਰੇ ਘਰਾਂ ਦੀਆਂ ਕਨਾਲਾਂ ਸਨ ਜੋ

ਰੂੜੀਆਂ ਵਗੈਰਾ ਲਈ ਛੱਡੀਆਂ ਗਈਆਂ ਸਨ ਤੇ ਇਹਨਾਂ ਨੂੰ ਨਹਿਰੀ ਪਾਣੀ ਨਹੀਂ ਲੱਗਦਾ ਸੀ। ਲੋਕ ਆਪਣੇ ਇਹਨਾਂ ਖਿੱਤਿਆਂ ਵਿਚ ਸਰੋਂ ਆਦਿ ਦਾ ਛਿੱਟਾ ਦੇ ਦਿੰਦੇ ਸਨ ਜੋ ਮੀਹਾਂ ਆਸਰੇ ਹੋ ਜਾਂਦੀ ਸੀ। ਮਾਰਚ ਮਹੀਨੇ ਵਿਚ ਦੂਰ ਤੱਕ ਪੀਲੀ ਪੀਲੀ ਚਾਦਰ ਵਿਛੀ ਦਿੱਸਦੀ। ਚੱਕੀ 'ਤੇ ਹੁਣ ਹਮੇਸ਼ਾ ਬੋਹੜ ਹੀ ਖੜਦਾ ਸੀ। ਪੇਂਜਾ, ਕੋਹਲੂ, ਵੇਲਣੀ ਤੋਂ ਇਲਾਵਾ ਇਥੇ ਉਹਨਾਂ ਨੇ ਘੁਲਾੜੀ ਵੀ ਲਾ ਲਈ ਸੀ ਤੇ ਗੰਨੇ ਪੀੜ ਕੇ ਇੱਥੇ ਹੀ ਗੁੜ ਬਣਾਉਣ ਲੱਗ ਪਏ ਸਨ। ਜਦੋਂ ਕਣਕ ਕੱਢਣ ਵਾਲੀਆਂ ਮਸ਼ੀਨਾਂ ਆਈਆਂ ਤਾਂ ਉਹਨਾਂ ਉਹ ਵੀ ਲਾ ਲਈ ਤੇ ਲੋਕ ਆਪਣੇ ਕਣਕ ਦਾ ਲਾਣ ਇਥੇ ਸਿੱਟਣ ਲੱਗੇ। ਦੋ ਦੋ ਮਹੀਨੇ ਮਸ਼ੀਨ 'ਤੇ ਕਣਕ ਨਿਕਲਦੀ ਰਹਿੰਦੀ ਤੇ ਤੂੜੀ ਦੀ ਫੱਕ ਉਡ ਕੇ ਸਾਡੇ ਘਰਾਂ ਤੀਕ ਆ ਜਾਂਦੀ ਤੇ ਸਾਨੂੰ ਰੋਟੀ ਪਕਾਉਣੀ ਤੇ ਖਾਣੀ ਦੁੱਭਰ ਹੋ ਜਾਂਦੀ। ਫਿਰ ਉਹਨਾਂ ਟਿਊਬਵੈਲ ਵੀ ਲਾ ਲਿਆ ਸੀ ਜਿਸ ਦਾ ਪਾਣੀ ਉਹ ਦਸ ਰੁਪਏ ਘੰਟਾ ਵੇਚਦੇ ਸਨ। ਹੁਣ ਨਿਆਈਆਂ ਵਿਚ ਸਰੋਂ ਦੀ ਥਾਂ ਕਣਕ ਵੀ ਹੋਣ ਲੱਗ ਪਈ ਸੀ।

***

ਵੱਡੇ ਹੋਣ ਕਰਕੇ ਸਾਡੀਆਂ ਹੁਣ ਖੇਡਾਂ ਬਦਲ ਗਈਆਂ ਸਨ ਤੇ ਅਸੀਂ ਖੇਡਾਂ ਨਾਲੋਂ ਬੈਠ ਕੇ ਸਿਆਣਿਆਂ ਦੀਆਂ ਗੱਲਾਂ ਸੁਣਨ ਨੂੰ ਤਰਜੀਹ ਦੇਣ ਲੱਗੇ ਸਾਂ। ਸਾਡੇ ਫਿਰਨੀ ਵਾਲੇ ਵੱਡੇ ਬਾਰ ਵਿਚ ਹੁਣ ਉਹ ਰੌਣਕ ਨਹੀਂ ਸੀ ਰਹੀ। ਫਿਰ ਵੀ ਘਰਾਂ ਦੇ ਦੋ ਚਾਰ ਬੰਦੇ ਵਿਹਲੇ ਹੋ ਕੇ ਚਾਚੇ ਸੁਖਦੇਵ ਦੇ ਬਾਰ ਵਿਚ ਕੰਧ ਨਾਲ ਢੋਅ ਲਾ ਕੇ ਬੈਠੇ ਰਹਿੰਦੇ। ਪਹਿਲਾਂ ਬੈਠਣ ਵਾਲੇ ਬਾਬੇ ਸਰਮੁੱਖ ਸਿੰਘ ਹੁਰੇ ਚੱਲ ਵਸੇ ਸਨ। ਸਰਮੁੱਖ ਸਿੰਘ ਨੇ ਪਹਿਲੀ ਸੰਸਾਰ ਜੰਗ ਲੜੀ ਸੀ ਤੇ ਇਰਾਨ ਇਰਾਕ ਵੱਲ ਉਹ ਮੋਰਚਿਆਂ 'ਤੇ ਲੜਿਆ ਸੀ। ਇਕ ਘਰਾਂ ਵਿਚੋਂ ਲੱਗਦਾ ਚਾਚਾ ਬਲਵੰਤ ਸਿੰਘ ਉਰਫ ਗੈਂਤੀ ਵੀ ਸਾਡੇ ਬਾਰ 'ਚ ਆ ਕੇ ਬੈਠਦਾ ਸੀ। ਉਹ ਤੁਤਲਾ ਬੋਲਦਾ ਸੀ ਤੇ ਬੀ.ਬੀ.ਸੀ. ਰੇਡੀਓ ਸੁਣਦਾ ਹੁੰਦਾ ਸੀ। ਉਹ ਜਾਣ ਬੁੱਝ ਕੇ ਕੋਈ ਖ਼ਬਰਾਂ ਦੀ ਗੱਲ ਛੇੜ ਲੈਂਦਾ ਤੇ ਫਿਰ ਦੱਸਦਾ ਕਿ "ਮੈਂ ਬੀ. ਬੀ. ਸੀ. ਨੰਦਨ ਤੋਂ ਖਬਰਾਂ ਸੁਣ ਕੇ ਆਇਆ ਹਾਂ।" ਇਕ ਸਾਡੇ ਪਿੰਡ ਦਾ ਇਕ ਹੋਰ ਵਾਹੀਵਾਨ ਬੰਦਾ ਜਮੀਤ ਸਿੰਘ ਵੀ ਬੀ. ਬੀ. ਸੀ. ਸੁਣਨ ਦਾ ਸ਼ੋਕੀਨ ਸੀ। ਉਸ ਦਾ ਘਰ ਬਾਹਰਲੀ ਫਿਰਨੀ 'ਤੇ ਸੀ ਤੇ ਉਹ ਮਸ਼ੀਨ ਕੋਲ ਬਾਹਰਲੀ ਫਿਰਨੀ 'ਤੇ ਬੈਠਦਾ। ਉਹ ਵੀ ਬੀ. ਬੀ. ਸੀ. ਲੰਦਨ ਦੀਆਂ ਗੱਲਾਂ ਕਰਦਾ। ਇਸ ਤਰਾਂ ਮੈਂ ਵੀ ਬਚਪਣ ਤੋਂ ਹੀ ਬੀ.ਬੀ.ਸੀ. ਦਾ ਸਰੋਤਾ ਬਣ ਗਿਆ ਸੀ।

***

ਪਹਿਲੀ ਵਾਰ ਮੈਂ ਆਪਣੀ ਦਰਾਜ ਵਾਲੀ ਮਾਸੀ ਦੇ ਮੁੰਡੇ ਨੂੰ ਜ਼ਰਦਾ ਲਾਉਂਦੇ ਵੇਖਿਆ ਸੀ। ਝੁੰਬੇ ਮੈਂ ਕਿਸੇ ਨੂੰ ਜ਼ਰਦਾ ਲਾਉਂਦੇ ਨਹੀਂ ਵੇਖਿਆ ਸੀ ਪਰ ਜਦੋਂ ਅਸੀਂ ਪਿੰਡ ਆਏ ਤਾਂ ਸਾਡੀ ਪੱਤੀ ਦੇ ਸਾਰੇ ਹੀ ਨੌਜ਼ਵਾਨ ਮੁੰਡੇ ਜ਼ਰਦਾ ਲਾਉਣ ਲੱਗ ਪਏ ਸਨ। ਕਈ ਤਾਂ ਸ਼ਰੇਆਮ ਹੀ ਸਾਰਿਆਂ ਦੇ ਸਾਹਮਣੇ ਆਪਣੀ ਹਥੇਲੀ 'ਤੇ ਜ਼ਰਦਾ ਰਗੜਨ ਲੱਗ ਜਾਂਦੇ ਸਨ ਪਰ ਕਈ ਪਰਦੇ ਨਾਲ ਹੀ ਲਾਉਂਦੇ ਸਨ। ਚਾਚੇ ਸੁਖਦੇਵ ਤੋਂ ਆਪਣੀ ਜ਼ਮੀਨ ਲੈ ਕੇ ਅਸੀਂ ਬਾਬੇ ਗੁਰਨਾਮ ਸਿੰਘ ਕਿਆਂ ਨੂੰ ਹਿੱਸੇ 'ਤੇ ਦੇ ਦਿੱਤੀ ਸੀ। ਉਹ ਵੀ ਹਰਿਆਣੇ ਵਿਚਲੇ ਕਸਬੇ ਮੰਡੀ ਐਲਨਾਬਾਦ ਦੇ ਲਾਗਲੇ ਪਿੰਡ ਨੂੰ ਛੱਡ ਕੇ ਫਿਰ ਆਪਣੇ ਪਿੰਡ ਹੀ ਆ ਗਏ ਸਨ, ਕਿਉਂਕਿ ਉਹਨਾਂ ਦਾ ਜਮੀਨ ਦੇ ਵਟਾਂਦਰੇ ਵਾਲਾ ਸੌਦਾ ਸਿਰੇ ਨਹੀਂ ਸੀ ਚੜ੍ਹਿਆ। ਬਾਬੇ ਹਾਕਮ ਸਿੰਘ ਕੇ ਵੀ ਨਾਲ ਹੀ ਆ ਗਏ ਸਨ ਤੇ ਉਹ ਆਪਣੇ ਚਾਰ ਚਾਰ ਪੰਜ ਪੰਜ ਕਿੱਲਿਆਂ ਤੋਂ ਇਲਾਵਾ

ਹਿੱਸੇ ਠੇਕੇ 'ਤੇ ਜ਼ਮੀਨ ਲੈ ਕੇ ਵਾਹੀ ਕਰਨ ਲੱਗ ਪਏ ਸਨ। ਉਦੋਂ ਤੱਕ ਕਣਕ ਕੱਢਣ ਵਾਲੀਆਂ, ਇੰਜਨਾਂ ਨਾਲ ਚੱਲਣ ਵਾਲੀਆਂ ਮਸ਼ੀਨਾਂ ਪਿੰਡਾਂ ਵਿਚ ਲੱਗ ਗਈਆਂ ਸਨ। ਚਾਚੇ ਹਰਨੇਕ ਅਤੇ ਬੋਹੜ ਸਿੰਘ ਹੁਰਾਂ ਨੇ ਵੀ ਆਪਣੀ ਮਸ਼ੀਨ 'ਤੇ ਕਣਕ ਕੱਢਣ ਵਾਲੀ ਮਸ਼ੀਨ ਲਾ ਲਈ ਸੀ ਤੇ ਲੋਕ ਹੁਣ ਫਲੇ ਪਾਉਣ ਦੀ ਥਾਂ ਇਹਨਾਂ ਮਸ਼ੀਨਾਂ ਤੋਂ ਹੀ ਕਣਕ ਕਢਾਉਣ ਲੱਗ ਪਏ ਸਨ। ਲੋਕ ਵੱਢੀ ਹੋਈ ਕਣਕ ਦੀਆਂ ਮੰਡਲੀਆਂ ਢੋਅ ਕੇ, ਮਸ਼ੀਨਾਂ ਦੇ ਆਸ ਪਾਸ ਢੇਰ ਲਾਈ ਜਾਂਦੇ ਤੇ ਆਪਣੀ ਵਾਰੀ ਆਉਣ ਦੀ ਉਡੀਕ ਕਰਦੇ। ਦੋ ਦੋ ਮਹੀਨੇ ਕਣਕ ਕੱਢਣ 'ਤੇ ਲੱਗ ਜਾਂਦੇ ਸਨ। ਉਸ ਦਿਨ ਵੀ ਸਾਡੀ ਕਣਕ ਕੱਢ ਕੇ ਬਾਬੇ ਗੁਰਨਾਮ ਦੇ ਤਿੰਨੇ ਮੁੰਡੇ ਚਾਚਾ ਤਿੱਤਰ, ਦੂਲਾ, ਮੰਦਰ ਅਤੇ ਬਾਬੇ ਹਾਕਮ ਦੇ ਦੋਵੇਂ ਮੁੰਡੇ ਮੇਰੇ ਚਾਚੇ ਦਰਸ਼ਨ ਅਤੇ ਗੁਰਚਰਨ ਮਸ਼ੀਨ ਦੇ ਮੂਹਰੇ ਬਣੀ ਖੁੱਡੀ ਵਿਚ ਪਈ ਤੂੜੀ ਢੋਅ ਰਹੇ ਸਨ । ਚਾਚਾ ਬਲਬੀਰ ਉਰਫ ਤਿੱਤਰ ਹੀ ਸਾਡੇ ਤੋਂ ਅੱਠ ਨੌਂ ਸਾਲ ਵੱਡਾ ਸੀ ਪਰ ਦੂਜੇ ਸਾਰੇ ਅਸੀਂ ਹਾਣੋ-ਹਾਣੀ ਜਿਹੇ ਹੀ ਸਾਂ। ਸ਼ੁਗਲ ਵਿਚ ਮੈਂ ਵੀ ਉਹਨਾਂ ਨਾਲ ਹੱਥ ਵਟਾ ਰਿਹਾ ਸਾਂ ਤੇ ਉਹਨਾਂ ਨੂੰ ਪੰਡਾਂ ਚੁਕਾ ਰਿਹਾ ਸਾਂ। ਸਮੇਂ ਸਮੇਂ ਚਾਹ ਪੀਣ ਜਾਂ ਪਾਣੀ ਪੀਣ ਸਮੇਂ ਉਹ ਜ਼ਰਦਾ ਮਲ ਕੇ ਬੁੱਲਾਂ ਵਿਚ ਰੱਖ ਲੈਂਦੇ ਸਨ। ਉਹਨਾਂ ਨੂੰ ਵੇਖ ਕੇ ਮੇਰਾ ਵੀ ਦਿਲ ਜ਼ਰਦਾ ਲਾਉਣ ਨੂੰ ਕਰ ਆਇਆ ਜਾਂ ਸ਼ਾਇਦ ਉਹਨਾਂ ਵਿਚੋਂ ਹੀ ਕਿਸੇ ਨੇ ਜ਼ਰਦੇ ਵਾਲੀ ਤਲੀ ਮੇਰੇ ਵੱਲ ਵਧਾ ਦਿੱਤੀ ਹੋਵੇ ਤੇ ਮੈਂ ਤਲੀ ਤੋਂ ਚੂੰਡੀ ਭਰ ਕੇ ਆਪਣੇ ਬੁੱਲਾਂ ਵਿਚ ਰੱਖ ਲਈ। ਜ਼ਰਦਾ ਬੁੱਲਾਂ ਵਿਚ ਟਿਕਣ ਦੀ ਦੇਰ ਹੀ ਸੀ ਕਿ ਮੈਨੂੰ ਤਾਂ ਭੌਆਟਣੀਆਂ ਆ ਗਈਆਂ ਤੇ ਮੈਂ ਚੱਕਰ ਖਾ ਕੇ ਓਥੇ ਹੀ ਡਿੱਗ ਪਿਆ। ਮੇਰਾ ਸਿਰ ਘੁੰਮ ਰਿਹਾ ਸੀ ਤੇ ਚੱਕਰ ਆ ਰਹੇ ਸਨ। ਮੇਰੇ ਤੋਂ ਤਾਂ ਬੁੱਲਾਂ ਵਿਚੋਂ ਜ਼ਰਦਾ ਕੱਢਣ ਦੀ ਹਿੰਮਤ ਵੀ ਨਹੀ ਸੀ। ਕਿਸੇ ਨੇ ਹੀ ਉਂਗਲ ਪਾ ਕੇ ਮੇਰੇ ਬੁੱਲਾਂ ਵਿਚੋਂ ਜ਼ਰਦਾ ਕੱਢਿਆ ਤੇ ਪਾਣੀ ਦਾ ਗਿਲਾਸ ਮੇਰੇ ਮੂੰਹ ਨੂੰ ਲਾਇਆ ਪਰ ਮੇਰੇ ਤਾਂ ਪਾਣੀ ਵੀ ਨਹੀਂ ਲੰਘ ਰਿਹਾ ਸੀ। ਮੈਨੂੰ ਹੱਥੂ ਆ ਰਹੇ ਸਨ ਤੇ ਹਿੱਚਕੀ ਲੱਗ ਗਈ ਸੀ। ਸਰੀਰ ਨਿਤਾਣਾ ਹੋ ਗਿਆ ਗਿਆ ਸੀ। ਜਿਵੇਂ ਭੁੰਬੇ ਬੀੜੀ ਪੀਣ ਨਾਲ ਮੇਰੀ ਹਾਲਤ ਵਿਗੜ ਗਈ ਸੀ, ਹੁਣ ਵੀ ਓਹੋ ਜਿਹੀ ਹਾਲਤ ਹੀ ਹੋ ਗਈ ਸੀ। ਫੜ ਕੇ ਮੈਨੂੰ ਨੇੜੇ ਹੀ ਬਾਬੇ ਗੁਰਨਾਮ ਕੀ ਅਧੂਰੀ ਜਿਹੀ ਬੈਠਕ ਵਿਚ ਲਿਟਾ ਦਿੱਤਾ ਗਿਆ। ਸਾਰੇ ਹੀ ਘਬਰਾ ਗਏ ਸਨ। ਪਰ ਹੌਲੀ ਹੌਲੀ ਮੈਂ ਠੀਕ ਹੁੰਦਾ ਗਿਆ ਤੇ ਘੰਟੇ ਕੁ ਵਿਚ ਮੈਂ ਪਹਿਲੀ ਹਾਲਤ ਵਿਚ ਆ ਗਿਆ ਸਾਂ ਪਰ ਅੱਗੇ ਤੋਂ ਜ਼ਰਦਾ ਲਾਉਣ ਤੋਂ ਤੌਬਾ ਕਰ ਲਈ ਸੀ।

***

ਪਿੰਡ ਆ ਕੇ ਅਸੀਂ ਇਕ ਸੱਜਰ ਸੂਈ ਦੇਸੀ ਗਾਂ ਵੀ ਰੱਖ ਲਈ ਸੀ। ਦੁੱਧ ਘਿਓ ਵਾਧੂ ਰਹਿਣ ਲੱਗ ਪਿਆ ਸੀ। ਭੁੰਬੇ ਮੈਂ ਦੁੱਧ ਨਹੀਂ ਪੀਂਦਾ ਸੀ। ਮੈਨੂੰ ਦੁੱਧ ਸਵਾਦ ਨਹੀਂ ਲੱਗਦਾ ਸੀ। ਮੇਰਾ ਮੂੰਹ ਤਾਂ ਭਾਰਾ ਸੀ ਪਰ ਸਰੀਰ ਦਾ ਮੈਂ ਕੰਮਜ਼ੋਰ ਹੀ ਸਾਂ ਪਰ ਇਸ ਗੱਲ ਦਾ ਕਦੇ ਅਹਿਸਾਸ ਹੀ ਨਹੀਂ ਸੀ ਹੋਇਆ। ਮੇਰੇ ਤੋਂ ਵੀਹ ਕਿਲੋ ਭਾਰ ਵੀ ਨਹੀਂ ਚੱਕਿਆ ਜਾਂਦਾ ਸੀ ਤੇ ਨਾ ਹੀ ਕਦੇ ਭਾਰ ਚੱਕਣ ਦੀ ਨੌਬਤ ਆਈ ਸੀ। ਸਾਡੇ ਘਰਾਂ ਦਾ ਸਾਡਾ ਹਾਣੀ ਨੇਕ ਬਹੁਤ ਤਕੜਾ ਹੁੰਦਾ ਸੀ ਤੇ ਜਦੋਂ ਉਸ ਦਾ ਜੀ ਕਰਦਾ ਉਹ ਆਪਣੇ ਨਾਲ ਖੇਡਣ ਵਾਲਿਆਂ ਦੀ ਬਾਂਹ ਮਰੋੜ ਲੈਂਦਾ ਸੀ। ਮੇਰੇ ਨਾਲ ਉਸ ਦੀ ਸ਼ੁਰੂ ਤੋਂ ਹੀ ਦੋਸਤੀ ਪੈ ਗਈ ਸੀ। ਉਹ ਕੋਰਾ ਅਣਪੜ੍ਹ ਸੀ ਤੇ ਇਸ ਕਰਕੇ ਵੀ ਮੇਰੇ ਪ੍ਰਤੀ ਕੁੱਝ ਸਤਿਕਾਰ ਦੀ ਭਾਵਨਾ ਵੀ ਰੱਖਦਾ ਸੀ ਤੇ ਇਸ ਕਰਕੇ ਉਹ ਮੇਰੇ ਨਾਲ ਅਜੇਹੀ ਚੌੜ ਨਹੀਂ ਸੀ ਕਰਦਾ। ਮੈਨੂੰ ਆਪਣੇ ਕੰਮਜ਼ੋਰ ਸਰੀਰ ਦਾ ਹੁਣ ਅਹਿਸਾਸ

ਹੋਣ ਲੱਗਾ ਸੀ। ਮੈਂ ਗਾਂ ਦਾ ਦੁੱਧ ਪੀਣਾ ਸ਼ੁਰੂ ਕਰ ਦਿੱਤਾ ਅਤੇ ਡੰਡ ਬੈਠਕਾਂ ਵੀ ਮਾਰਨ ਲੱਗ ਪਿਆ। ਦਸਵੀ ਦੇ ਪੇਪਰ ਦੇਣ ਤੋਂ ਬਾਅਦ ਤਿੰਨ ਮਹੀਨੇ ਮੈਂ ਘਰੇ ਵਿਹਲਾ ਹੀ ਹੁੰਦਾ ਸੀ। ਸਵੇਰੇ ਡੰਡ ਬੈਠਕਾਂ ਮਾਰ ਕੇ ਸੇਰ ਡੂੜ ਸੇਰ ਦੁੱਧ ਪੀ ਜਾਂਦਾ ਸੀ। ਚਾਚੇ ਸੁਖਦੇਵ ਨੇ ਆਪਣੇ ਹਿੱਸੇ ਵਿਚ ਕਰਾਹਾ ਲਾ ਕੇ ਪਹੀ ਵਾਲੇ ਪਾਸੇ ਧੋੜਾ ਮਿੱਟੀ ਦਾ ਟਿੱਲਾ ਲਾ ਦਿੱਤਾ ਸੀ। ਉਸ ਨੇ ਤਾਂ ਖੇਤ ਨੀਵਾਂ ਕਰਨ ਦੀ ਸ਼ਰਾਰਤ ਕੀਤੀ ਸੀ ਤਾਂ ਕਿ ਉਹ ਆਪਣੀ ਚਾਲ ਵਿਚ ਕਾਮਯਾਬ ਹੋ ਸਕੇ ਤੇ ਉਹ ਹੋ ਵੀ ਗਿਆ ਸੀ। ਖੇਤ ਦਾ ਸਾਨੂੰ ਵਟਾਂਦਰਾ ਕਰਨਾ ਪਿਆ ਸੀ। ਮਿੱਟੀ ਦੇ ਥੋੜੇ ਨੇ ਖੇਤ ਦਾ ਦਸ ਮਰਲੇ ਥਾਂ ਰੋਕਿਆ ਹੋਇਆ ਸੀ। ਮੈਂ ਸਵੇਰੇ ਦੁੱਧ ਪੀ ਕੇ ਕਹੀ ਮੋਢੇ 'ਤੇ ਰੱਖਣੀ ਤੇ ਖੇਤ ਜਾ ਕੇ ਧੋੜੇ ਨੂੰ ਉੱਚਾ ਕਰਨ ਲੱਗ ਪੈਣਾ। ਮੈਂ ਰੋਜ਼ਾਨਾ ਇਕ ਮੰਜੇ ਜਿੰਨ੍ਹਾ ਥਾਂ ਪੱਧਰਾ ਕਰਕੇ ਖੇਤ ਵਿਚ ਰਲਾ ਦਿੰਦਾ ਸੀ। ਕਹੀ ਵਾਹੁਣਾ ਮੇਰੇ ਲਈ ਸ਼ੁਗਲ ਬਣ ਗਿਆ ਸੀ। ਕਹੀ ਦਾ ਕੰਮ ਤਾਂ ਮੈਂ ਹੁਣ ਵੀ ਕਰ ਸਕਦਾ ਹਾਂ। ਮੈਂ ਹਲ ਨਹੀਂ ਵਾਹਿਆ ਪਰ ਕਹੀ ਨਾਲ ਵੱਟਾਂ ਘੜਨੀਆਂ, ਖਾਲਾ ਘੜਨਾ ਤੇ ਪਾੜੇ ਪੱਟਣਾ ਆਦਿ ਕਹੀ ਦੇ ਸਾਰੇ ਕੰਮ ਸ਼ੌਂਕ ਨਾਲ ਹੀ ਕੀਤੇ ਹਨ। ਕਹੀ ਵਾਹੁਣ ਸਮੇਂ ਮੇਰਾ ਛੇਤੀ ਕੀਤੇ ਸਾਹ ਨਹੀਂ ਚੜ੍ਹਦਾ ਸੀ। ਲੱਤਾਂ ਬਾਹਾਂ ਤਾਂ ਮੇਰੀਆਂ ਪਤਲੀਆਂ ਹੀ ਰਹੀਆਂ, ਪਰ ਦੁੱਧ ਪੀਣ ਅਤੇ ਵਰਜਿਸ਼ ਕਰਕੇ ਮੇਰਾ ਸਰੀਰ ਇੱਟ ਵਰਗਾ ਸਖਤ ਹੋ ਗਿਆ ਸੀ। ਪ੍ਰੈਪ ਵਿਚ ਮੇਰੇ ਕੋਲ ਬੈਠਣ ਵਾਲੇ ਜਸਵਿੰਦਰ ਮਾਨ ਨੇ ਇਕ ਦਿਨ ਮੇਰੇ ਪੱਟ ਤੇ ਚੂੰਡੀ ਵੱਢਣੀ ਚਾਹੀ ਪਰ ਉਸ ਤੋਂ ਚੂੰਡੀ ਭਰੀ ਨਾ ਗਈ ਤੇ ਹੈਰਾਨ ਹੋ ਕੇ ਬੋਲਿਆ, 'ਯਾਰ ਤੇਰੇ ਪੱਟ ਤਾਂ ਇੱਟ ਵਰਗੇ ਆ।' ਇਹ ਜਸਵਿੰਦਰ ਮਾਨ ਕਿਸਮਤ ਦਾ ਬੜਾ ਧਨੀ ਨਿਕਲਿਆ ਤੇ ਛੋਟੀ ਜਿਹੀ ਕਲਰਕ ਪੱਧਰ ਦੀ ਨੌਕਰੀ ਕਰਦਾ ਕਰਦਾ ਆਪਣੇ ਮਹਿਕਮੇ 'ਡੇਅਰੀ ਡਿਵੈਲਪਮੈਂਟ' ਵਿਚ ਬੜੀ ਛੇਤੀ ਡਿਪਟੀ ਡਾਇਰੈਕਟਰ ਦੇ ਅਹੁਦੇ 'ਤੇ ਪਹੁੰਚ ਗਿਆ ਸੀ ਤੇ ਵੀਹ ਸਾਲ ਬਤੌਰ ਡਿਪਟੀ ਡਾਇਰੈਕਟਰ ਦੀ ਸੇਵਾ ਉਪਰੰਤ ਰੀਟਾਇਰ ਹੋਇਆ ਤਾਂ ਹਾਲੈਂਡ ਦੀ ਇਕ ਮਲਟੀਨੈਸ਼ਨਲ ਕੰਪਨੀ ਨੇ ਉਸ ਨੂੰ ਆਪਣਾ ਮੁਲਾਜ਼ਮ ਰੱਖ ਲਿਆ ਤੇ ਇਸ ਕੰਪਨੀ ਦੀ ਬਦੌਲਤ ਉਹ ਹੁਣ ਤੱਕ ਵੀਹ ਤੋਂ ਵੱਧ ਮੁਲਕਾਂ ਵਿਚ ਘੁੰਮ ਆਇਆ ਹੈ।

***

ਇਕ ਦਿਨ ਮੇਰੇ ਬਾਬੇ ਨੇ ਰਾਤ ਦੀ ਰੋਟੀ ਖਾਣ ਤੋਂ ਬਾਅਦ ਮੇਰੇ ਦਾਰਜੀ ਅਤੇ ਚਾਚੇ ਹਰਨੇਕ ਸਿੰਘ ਨੂੰ ਆਪਣੇ ਘਰ ਸੱਦਿਆ। ਉੱਤਸੁਕਤਾ ਵੱਸ ਮੈਂ ਵੀ ਨਾਲ ਚਲਿਆ ਗਿਆ। ਬਾਬੇ ਨੇ ਬੌਰੀਆਂ ਦੇ ਖੇਤ ਵਾਲੇ ਸਾਢੇ ਤਿੰਨ ਕਿੱਲੇ ਸਿਰਫ ਅੱਠ ਹਜ਼ਾਰ ਵਿਚ ਹੀ ਬੋਹੜ ਸਿੰਘ ਪੁੱਤਰ ਜਾਗਰ ਸਿੰਘ ਕੋਲ ਗਹਿਣੇ ਰੱਖੇ ਹੋਏ ਸਨ। ਬੋਹੜ ਸਿੰਘ ਨੇ ਇਹ ਕਿੱਲੇ ਅੱਗੇ ਫਿਰ ਉਹਨਾਂ ਹੀ ਬੌਰੀਆਂ ਨੂੰ ਦੇ ਦਿੱਤੇ ਸਨ ਜਿੰਨ੍ਹਾ ਨਾਲ ਬਾਬੇ ਦਾ ਜ਼ਮੀਨ ਦਾ ਝਗੜਾ ਚਲਦਾ ਸੀ। ਬਾਬੇ ਨੇ ਦੱਸਿਆ ਕਿ ਬੋਹੜ ਸਿੰਘ ਨਾਲ ਮੇਰੀ ਗੱਲ ਹੋ ਗਈ ਹੈ, ਉਹ ਆਪਣੇ ਤੋਂ ਅੱਠ ਹਜ਼ਾਰ ਲੈ ਕੇ ਸਾਢੇ ਤਿੰਨੇ ਕਿੱਲੇ ਛੱਡ ਦੇਵੇਗਾ। ਬਾਬੇ ਨੇ ਅੱਗੇ ਕਿਹਾ ਕਿ ਉਸ ਕੋਲ ਤਾਂ ਪੈਸੇ ਨਹੀਂ ਹਨ, ਤੁਸੀ ਦੋਵੇਂ ਭਰਾ ਚਾਰ ਚਾਰ ਹਜ਼ਾਰ ਪਾ ਲਵੋ ਤੇ ਆਪਣੀ ਪੈਲੀ ਛੁਡਾ ਲਵੋ। ਮੈਂ ਤੁਹਾਡੇ ਤੋਂ ਪੈਲੀ ਨਹੀਂ ਲਵਾਂਗਾ, ਤੁਸੀਂ ਹੀ ਵਾਹੀ ਬੀਜੀ ਜਾਇਓ। ਦੋਨੇ ਭਰਾ ਸਹਿਮਤ ਹੋ ਗਏ ਪਰ ਉਸ ਵਕਤ ਏਨੇ ਪੈਸੇ ਕਿਸੇ ਕੋਲ ਵੀ ਨਹੀਂ ਸਨ। ਪਿਤਾ ਜੀ ਨੇ ਖਿਓਵਾਲੀ ਜਾ ਕੇ ਆਪਣੇ ਮਾਮੇ ਤੋਂ ਚਾਰ ਹਜ਼ਾਰ ਫੜ ਲਿਆਂਦਾ ਤੇ ਚਾਚੇ ਹਰਨੇਕ ਨੇ ਉਹਨਾਂ ਦੀ ਭੂਆ ਦੇ ਪੁੱਤ ਗੁਰਦਿਆਲ ਸਿੰਘ ਤੋਂ ਬਿਨ ਵਿਆਜੂ ਚਾਰ ਹਜ਼ਾਰ ਫੜ ਲਿਆਂਦਾ। ਤਾਇਆ

ਗੁਰਦਿਆਲ ਸਿੰਘ ਹਰੀ ਕੇ ਕਲਾਂ ਦਾ ਵੱਡਾ ਜ਼ਿਮੀਦਾਰ ਸੀ, ਜਿਸ ਕੋਲ ਸੌ ਕਿੱਲਾ ਪੈਲੀ ਸੀ ਤੇ ਉਹਨਾਂ ਦੇ ਇੰਜਨਾਂ ਨੂੰ ਚਾਚਾ ਹਰਨੇਕ ਹੀ ਠੀਕ ਕਰਕੇ ਆਉਂਦਾ ਹੁੰਦਾ ਸੀ। ਪੈਸੇ ਇਕੱਠੇ ਹੋਏ ਤਾਂ ਬੋਹੜ ਸਿੰਘ ਨੇ ਇਨਕਾਰ ਕਰ ਦਿੱਤਾ ਤੇ ਪੈਸੇ ਲੈ ਕੇ ਪੈਲੀ ਛੱਡਣ ਤੋਂ ਮੁੱਕਰ ਗਿਆ। ਪੈਸੇ ਅਦਾਲਤ ਵਿਚ ਰੱਖ ਕੇ ਕੇਸ ਝਗੜਨਾ ਪਿਆ। ਦਵਾਨੀ ਦਾਅਵੇ ਦਾ ਇਹ ਕੇਸ ਕਈ ਸਾਲ ਚੱਲਿਆ। ਕਹਿੰਦੇ ਹੁੰਦੇ ਹਨ ਦੀਵਾਨੀ ਦਾਅਵੇ ਦਾ ਭਾਵ ਹੈ ਜਦੋਂ ਨੂੰ ਕੇਸ ਦਾ ਫੈਸਲਾ ਹੁੰਦਾ ਹੈ ਓਦੋਂ ਤੱਕ ਰੁਪਈਏ ’ਚੋਂ ਦਵਾਨੀ ਹੀ ਰਹਿ ਜਾਂਦੀ ਹੈ। ਸਾਡੇ ਨਾਲ ਵੀ ਏਸੇ ਤਰ੍ਹਾਂ ਹੀ ਹੋਇਆ। ਹੇਠਲੀ ਅਦਾਲਤ ਸਾਡੇ ਹੱਕ ਵਿਚ ਫੈਸਲਾ ਕਰ ਦਿੰਦੀ ਤਾਂ ਬੌਰੀਏ ਉੱਤਲੀ ਅਦਾਲਤ ਵਿਚ ਕੇਸ ਕਰ ਦਿੰਦੇ ਤੇ ਸਟੇਅ ਲੈ ਲੈਂਦੇ। ਇਸ ਤਰਾਂ ਚਾਰ ਪੰਜ ਛੇ ਸਾਲ ਬਾਅਦ ਇਹ ਪੈਲੀ ਸਾਡੇ ਹੱਥ ਆਈ ਪਰ ਸਾਡੇ ਹੱਥ ਆ ਕੇ ਫਿਰ ਨਿਕਲ ਗਈ ਕਿਉਂਕਿ ਹੁਣ ਮੇਰੇ ਬਾਬੇ ਨੇ ਚਾਰ ਕਨਾਲਾਂ ਵਿਚ ਹੋਰ ਪਾ ਕੇ ਮੇਰੇ ਛੋਟੇ ਮਤਰੇਅ ਚਾਚੇ ਸੁਖਦੇਵ ਸਿੰਘ ਨੂੰ ਚਾਰ ਕਿੱਲੇ ਸੋਲਾਂ ਹਜ਼ਾਰ ਵਿਚ ਗਹਿਣੇ ਦੇ ਦਿੱਤੇ ਸਨ। ਚਾਚੇ ਸੁਖਦੇਵ ਤੋਂ ਬਾਬੇ ਹਾਕਮ ਨੇ ਆਪਣੇ ਦੋਵੇਂ ਕਿੱਲੇ ਦਸ ਹਜ਼ਾਰ ਦੇ ਕੇ ਛੁਡਾ ਤਾਂ ਲਏ ਸਨ ਪਰ ਫਿਰ ਕਿਸੇ ਨੂੰ ਅੱਗੇ ਬੈਅ ਕਰ ਦਿੱਤੇ ਸਨ। ਚਾਚੇ ਸੁਖਦੇਵ ਦੇ ਕੋਲੋਂ ਦੋ ਕਿੱਲੇ ਗਏ ਸਨ ਪਰ ਹੁਣ ਉਹ ਚਾਰ ਕਿੱਲੇ ਹੋਰ ਲੈ ਗਿਆ ਸੀ। ਅਸੀਂ ਫਿਰ ਠੱਗੇ ਗਏ ਸਾਂ।

***

ਪਿੰਡ ਆ ਕੇ ਮੇਰੀ ਲਿਹਾਜ ਪ੍ਰੀਤੂ ਨਾਲ ਵੀ ਰਹੀ। ਚੌਥੀ ਪੰਜਵੀਂ ਵਿਚੋਂ ਪੜ੍ਹਨੋ ਹਟ ਕੇ ਉਹ ਮਾਲ ਡੰਗਰ ਸਾਂਭਣ ਲੱਗ ਪਿਆ ਸੀ। ਉਸ ਦੇ ਵੱਡੇ ਭਰਾ ਖੇਤਾਂ ਵਿਚ ਕੰਮ ਕਰਦੇ ਤੇ ਉਹ ਘਰੇ ਪਸ਼ੂ ਸਾਂਭਦਾ। ਉਸ ਨੇ ਕਬੂਤਰ ਵੀ ਰੱਖੇ ਹੋਏ ਸਨ ਤੇ ਪਸ਼ੂਆਂ ਤੋਂ ਵਿਹਲਾ ਹੋ ਕੇ ਉਹ ਕਬੂਤਰਾਂ ਦੇ ਦੁਆਲੇ ਹੋ ਜਾਂਦਾ। ਕਬੂਤਰਾਂ ਨੂੰ ਬਦਾਮਾਂ ਦੀਆਂ ਗਿਰੀਆਂ ਚਾਰਦਾ ਤੇ ਉਹਨਾਂ ਨੂੰ ਬਾਜੀਆਂ ਤੇ ਉਡਾਉਣ ਲੈ ਕੇ ਜਾਂਦਾ ਪਰ ਮੈਂ ਉਸ ਨੂੰ ਕਦੇ ਜਿੱਤ ਕੇ ਆਇਆ ਨਹੀਂ ਸੀ ਵੇਖਿਆ। ਸਾਰਾ ਦਿਨ ਉਹ ਆਪਣੇ ਕੋਠੇ ’ਤੇ ਕਬੂਤਰਾਂ ਦੀ ਛੱਤਰੀ ਹਿਲਾਉਂਦਾ ਰਹਿੰਦਾ। ਮੇਰੀ ਕਬੂਤਰਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਪਰ ਮੇਰੀ ਦਿਲਚਸਪੀ ਉਸ ਦੀ ਇਕ ਹੋਰ ਖੇਡ ਵਿਚ ਸੀ। ਉਸ ਦੀ ਦੂਜੀ ਖੇਡ ਸੀ ਨਹਾਉਂਦੀਆਂ ਹੋਈਆਂ ਜਨਾਨੀਆਂ ਵੇਖਣ ਦੀ। ਕਬੂਤਰਾਂ ਦੇ ਬਹਾਨੇ ਉਹ ਲੋਕਾਂ ਦੇ ਕੰਧਾਂ ਕੋਠਿਆਂ ’ਤੇ ਜਾ ਚੜ੍ਹਦੇ ਸਨ। ਜਿਸ ਦਿਨ ਉਸ ਨੂੰ ਕੋਈ ਨਹਾਉਣ ਵਾਲਾ ਸੀਨ ਦਿਸ ਜਾਂਦਾ ਤਾਂ ਉਹ ਮੈਨੂੰ ਜਰੂਰ ਦੱਸਦਾ। ਉਹਨਾਂ ਸਮਿਆਂ ਵਿਚ ਆਮ ਪੇਂਡੂ ਘਰਾਂ ਵਿਚ ਨਹਾਉਣ ਲਈ ਬਾਥਰੂਮ ਨਹੀਂ ਹੁੰਦੇ ਸਨ। ਮਰਦ ਖੇਤਾਂ ਨੂੰ ਚਲੇ ਜਾਂਦੇ ਸਨ ਤਾਂ ਔਰਤਾਂ ਵਿਹੜੇ ਵਿਚ ਹੀ ਨੰਗੀਆਂ ਨਹਾਉਂਦੀਆਂ ਸਨ। ਜੇ ਕੋਈ ਮਰਦ ਘਰੇ ਹੁੰਦਾ ਤਾਂ ਵੱਧ ਤੋਂ ਵੱਧ ਉਹ ਮੰਜੇ ਦਾ ਓਹਲਾ ਕਰ ਲੈਂਦੀਆਂ ਸਨ। ਸਾਡੇ ਘਰ ਦੇ ਅੱਗੇ ਪਿੱਛੇ ਗਲੀਆਂ ਸਨ ਤੇ ਸੱਜੇ ਹੱਥ ਚਾਚੇ ਸੁਖਦੇਵ ਦਾ ਘਰ ਸੀ ਜਿਸ ਨੇ ਸਾਂਝੀ ਕੰਧ ’ਤੇ ਦੋ ਕਮਰੇ ਪਾ ਲਏ ਸਨ ਤੇ ਓਸੇ ਕੱਚੀ ਕੰਧ ’ਤੇ ਕੱਚੀਆਂ ਇੱਟਾਂ ਦੇ ਵਾਰ ਦੇ ਕੇ ਇਸ ਕੰਧ ਨਾਂਲ ਪੱਕੀਆਂ ਬੁਰਜੀਆਂ ਕੱਢ ਕੇ ਉਹਨਾਂ ਉਪਰ ਗਾਰਡਰ ਰੱਖ ਕੇ ਛੱਤਾਂ ਪਾ ਲਈਆਂ ਸਨ ਤੇ ਇਕ ਤਰ੍ਹਾਂ ਨਾਲ ਸਾਡੇ ਵਾਲੇ ਪਾਸੇ ਤੋਂ ਨਾਤਾ ਹੀ ਤੋੜ ਲਿਆ ਸੀ। ਖੱਬੇ ਹੱਥ ਸ਼ਰੀਕੇ ’ਚੋਂ ਤਾਏ ਬਖ਼ਸ਼ੀਸ਼ ਸਿੰਘ ਕਾ ਸੀ, ਜਿਸ ਦੀ ਮੌਤ ਮੇਰੀ ਸੁਰਤ ਤੋਂ ਪਹਿਲਾਂ ਹੀ ਹੋ ਗਈ ਸੀ। ਉਸ ਦੇ ਦੋ ਕੁੜੀਆਂ ਤੇ ਇਕ ਮੁੰਡਾ ਸੀ। ਹੁਣ ਜਦੋਂ ਅਸੀਂ ਦੂਜੀ ਵਾਰ ਪਿੰਡ ਆਏ ਤਾਂ ਉਹਨਾਂ ਦੀਆਂ ਕੁੜੀਆਂ

ਵਿਆਹੀਆਂ ਜਾ ਚੁੱਕੀਆਂ ਸਨ ਤੇ ਨੌਜਵਾਨ ਪੁੱਤ ਨੀਲੂ ਦੀ ਮੌਤ ਹੋ ਚੁੱਕੀ ਸੀ। ਸਾਡੇ ਨਵੇਂ ਪਾਏ ਪੱਕੇ ਕਮਰੇ ਦੇ ਨਾਲ ਉਹਨਾਂ ਦੀਆਂ ਦੋ ਕੱਚੀਆਂ ਸਵਾਤਾਂ ਸਨ ਤੇ ਸਵਾਤਾਂ ਮੂਹਰੇ ਚਾਰ ਚਾਰ ਫੁੱਟ ਉੱਚੀ ਕੱਚੀ ਕੰਧੋਲੀ ਕੀਤੀ ਹੋਈ ਸੀ। ਤਾਏ ਬਖ਼ਸ਼ੀਸ਼ ਉਰਫ ਸੀਸ ਦੀ ਪਤਨੀ ਤਾਈ ਧੰਨ ਕੁਰ ਇਕੱਲੀ ਹੀ ਰਹਿੰਦੀ ਸੀ। ਉਹ ਵਿਚਾਰੀ ਸਿੱਧ ਪੱਧਰੀ ਹੀ ਸੀ ਤੇ ਦੁਪਹਿਰ ਵੇਲੇ ਸਾਡੇ ਚੁੱਲੇ ਵਿਚੋਂ ਧੂਆਂ ਨਿਕਲਦਾ ਵੇਖ ਕੇ ਆ ਬੈਠਦੀ ਤਾਂ ਬੀਬੀ ਉਸ ਨੂੰ ਵੀ ਬਾਟੀ ਵਿਚ ਚਾਹ ਪਾ ਕੇ ਦੇ ਦਿੰਦੀ। ਸਵੇਰ ਦੇ ਵੇਲੇ ਤਾਂ ਉਹ ਅਕਸਰ ਹੀ ਹੱਥ ਵਿਚ ਚੱਪਣ ਲੈ ਕੇ ਅੱਗ ਲੈਣ ਆ ਜਾਂਦੀ ਸੀ ਤੇ ਚਾਹ ਵੀ ਪੀ ਜਾਂਦੀ ਸੀ। ਕਦੇ ਕਦੇ ਉਸ ਦੀ ਕੋਈ ਕੁੜੀ ਮਿਲਣ ਆ ਜਾਂਦੀ ਸੀ ਤਾਂ ਉਸ ਸੁੰਨੇ ਘਰ ਵਿਚ ਵੀ ਰੌਣਕ ਹੋ ਜਾਂਦੀ ਸੀ। ਇਕ ਵਾਰ ਉਸ ਦੀਆਂ ਦੋਵੇਂ ਕੁੜੀਆਂ ਇਕੱਠੀਆਂ ਹੀ ਮਿਲਣ ਆਈਆਂ। ਇਕ ਕੁੜੀ ਦੀ ਨਨਾਣ ਵੀ ਨਾਲ ਆਈ ਸੀ। ਉਹ ਉੱਚੀ ਲੰਮੀ ਤੇ ਪਤਲੀ ਕਮਰ ਵਾਲੀ ਬਹੁਤ ਸੋਹਣੀ ਮੁਟਿਆਰ ਸੀ। ਸਾਡੇ ਗੁਆਂਢ ਪੂਰੀ ਰੌਣਕ ਲੱਗ ਗਈ ਸੀ ਪਰ ਇਹ ਰੌਣਕ ਤਿੰਨ ਚਾਰ ਦਿਨ ਤੋਂ ਵੱਧ ਨਾ ਰਹੀ। ਫਿਰ ਵੀ ਇਹ ਜਾਂਦੀ ਜਾਂਦੀ ਆਪਣਾ ਜਲਵਾ ਦਿਖਾ ਗਈ ਸੀ। ਤਾਈ ਧੰਨ ਕੁਰ ਕੇ ਘਰ ਨਾਲ ਸਾਡੀ ਕੱਚੀ ਕੰਧ ਮਸਾਂ ਹੀ ਸੱਤ ਜਾਂ ਸਾਢੇ ਸੱਤ ਫੁੱਟ ਉੱਚੀ ਸੀ। ਮੈਂ ਦਸਵੀਂ ਦੇ ਪੇਪਰ ਦੇ ਕੇ ਘਰ ਹੀ ਵਿਹਲਾ ਫਿਰਦਾ ਰਹਿੰਦਾ ਸੀ ਤੇ ਉਸ ਦਿਨ ਬੀਬੀ ਵੀ ਕਿਸੇ ਦੇ ਕੌਲੇ ਕੱਛਣ ਗਈ ਹੋਈ ਸੀ। ਅਚਾਨਕ ਮੈਂ ਤਾਈ ਧੰਨ ਕੁਰ ਦੀ ਆਵਾਜ਼ ਸੁਣੀ ਜੋ ਉਸ ਮੁਟਿਆਰ ਨੂੰ ਨਹਾਉਣ ਲਈ ਕਹਿ ਰਹੀ ਸੀ। ਫਿਰ ਮੈਂ ਬਾਲਟੀ ਦੇ ਖੜਕੇ ਦੀ ਅਵਾਜ਼ ਸੁਣੀ ਤਾਂ ਮੇਰਾ ਦਿਲ ਜੋਰ ਜੋਰ ਦੀ ਧੜਕਣ ਲੱਗ ਪਿਆ। ਤੁਰੰਤ ਮੇਰੇ ਮਨ ਵਿਚ ਪ੍ਰੀਤੂ ਵਾਲੀ ਖੇਡ ਖੇਡਣ ਦਾ ਖਿਆਲ ਆ ਗਿਆ। ਮੈਂ ਇਕ ਮੰਜਾ ਕੰਧ ਨਾਲ ਦੌਣਾਂ ਹੇਠਾਂ ਕਰਕੇ ਤੇ ਸਿਰਹਾਣੇ ਵਾਲਾ ਪਾਸਾ ਕੰਧ ਨਾਲ ਲਾ ਲਿਆ ਤੇ ਮੰਜੇ ਦੇ ਸੰਘਿਆਂ ਵਿਚ ਪੈਰ ਫਸਾ ਕੇ ਉਤਾਂਹ ਚੜ੍ਹ ਕੇ ਤਾਈ ਕੇ ਘਰ ਵੱਲ ਕੰਧ ਤੋਂ ਥੋੜਾ ਜਿਹਾ ਸਿਰ ਉੱਪਰ ਚੱਕ ਕੇ ਵੇਖਣ ਲੱਗਿਆ। ਓਸੇ ਵਕਤ ਹੀ ਮੇਰੇ ਸਰੀਰ ਵਿਚ ਝਰਨਾਟਾਂ ਛਿੜ ਗਈਆਂ! ਸਾਹਮਣੇ ਉੱਚੇ ਪੱਟੜੇ ’ਤੇ ਬੈਠੀ ਪਤਲੋ ਆਪਣਾ ਗੋਰਾ ਪਿੰਡਾ ਮਲ ਮਲ ਕੇ ਨਹਾ ਰਹੀ ਸੀ! ਮੈਂ ਉਸ ਨੂੰ ਨਿਹਾਰਨ ਲੱਗ ਪਿਆ। ਪਿੱਤਲ ਦੀ ਬਾਲਟੀ ਨਾਲ ਉਸ ਨੇ ਬੱਠਲ ਭਰ ਕੇ ਮੂਹਰੇ ਰੱਖਿਆ ਹੋਇਆ ਸੀ ਤੇ ਗੜਵੀ ਨਾਲ ਉਹ ਪਿੰਡੇ ’ਤੇ ਪਾਣੀ ਪਾਉਂਦੀ ਗੁਣ ਗੁਣਾ ਰਹੀ ਸੀ। ਅਚਾਨਕ ਉਸ ਦੀ ਨਜ਼ਰ ਮੇਰੇ ’ਤੇ ਪੈ ਗਈ! ਇਕ ਵਾਰ ਤਾਂ ਉਹ ਥੋੜਾ ਜਿਹਾ ਘਬਰਾਈ ਪਰ ਅਗਲੇ ਪਲ ਹੀ ਗੋਡੇ ਜੋੜ ਕੇ ਹਿੱਕ ਨਾਲ ਲਾ ਕੇ ’ਕੱਠੀ ਜਿਹੀ ਹੋ ਕੇ ਬੈਠ ਗਈ ਤੇ ਮੇਰੇ ਵੱਲ ਮੁਸਕਰਾ ਕੇ ਨੀਂਵੀਂ ਪਾ ਲਈ। ਮੰਜੇ ਦੇ ਸੰਘਿਆਂ ਵਿਚ ਪੈਰ ਅੜਾਈ ਮੈਂ ਹੁਣ ਹੋਰ ਖੜਾ ਨਾ ਰਹਿ ਸਕਿਆ। ਮੈਂ ਪਹਿਲੀ ਵਾਰ ਕੋਈ ਨੌਜ਼ਵਾਨ ਲੜਕੀ ਨਿਰਵਸਤਰ ਵੇਖੀ ਸੀ। ਵਿਲੀਅਮ ਵਰਡਜ਼ ਵਰਥ’ ਆਪਣੀ ਜਗਤ ਪ੍ਰਸਿੱਧ ਕਵਿਤਾ ‘ਡੈਫੋਡਿਲਜ਼’ ਵਿਚ ਉਹਨਾਂ ਦਾ ਸੁੰਦਰ ਨਜ਼ਾਰਾ ਤੱਕ ਕੇ ਕਹਿੰਦਾ ਹੈ ਕਿ ‘ਏ ਥਿੰਗ ਆਫ ਬਿਊਟੀ ਇਜ਼ ਏ ਜੋਆਇ ਫਾਰ ਐਵਰ ਤੇ ਜਦੋਂ ਮੈਂ ਉਦਾਸ ਹੁੰਦਾ ਹਾਂ ਤਾਂ ਉਸ ਨਜ਼ਾਰੇ ਨੂੰ ਯਾਦ ਕਰ ਲੈਂਦਾ ਹਾਂ। ਓਸੇ ਤਰ੍ਹਾਂ ਅੱਜ ਵੀ ਜਦੋਂ ਮੈਂ ਉਹ ਦ੍ਰਿਸ਼ ਯਾਦ ਕਰ ਲੈਂਦਾ ਹਾਂ ਤਾਂ ਮੇਰੀ ਉਦਾਸੀ ਦੂਰ ਹੋ ਜਾਂਦੀ ਹੈ।

***

ਪੰਜਾਬੀ ਗ਼ਜ਼ਲ ਦੀਆਂ ਚਾਰ ਸੁਰਾਂ ਤੁਹਾਨੂੰ ਮੁਖਾਤਿਬ ਹੋਣ ਜਾ ਰਹੀਆਂ ਹਨ। ਇਨ੍ਹਾਂ ਦੀ ਮਾਰਫ਼ਤ ਪੰਜਾਬੀ ਗ਼ਜ਼ਲਗੋਈ ਦੀ ਸਰਗਮ ਦੀ ਧੁਨ ਸੁਣੀ ਜਾ ਸਕਦੀ ਹੈ।ਇਹ ਧੁਨ ਜਦੋਂ ਸ੍ਵੈ-ਸਰੂਪੀ ਰੂਪ 'ਚ ਸੁਰਜੀਤ ਹੁੰਦੀ ਹੈ ਤਾਂ, ਸਤੀਸ਼ ਗੁਲਾਟੀ ਹੈ, ਸੁਰਜੀਤ ਜੱਜ ਹੈ, ਅਨੂ ਬਾਲਾ ਹੈ, ਦਾਦਰ ਪੰਡੋਰਵੀ ਹੈ, ਤੇ ਜਦੋਂ ਸਰਬ-ਸਮੱਗਰ ਧਾਰਾ ਦਾ ਅੰਗ ਬਣਦੀ ਹੈ ਤਾਂ ਪੰਜਾਬੀ ਗ਼ਜ਼ਲ ਦੇ ਸਹਿਗਾਨ ਦੀ ਸੂਖਮ-ਭਾਵੀ ਸੰਵੇਦਨਾ ਦੇ ਦੀਦਾਰ ਕਰਵਾਉਂਦੀ ਹੈ।ਪੰਜਾਬੀ ਸ਼ਾਇਰੀ ਸਮਕਾਲ ਤੇ ਸਰਬ-ਕਾਲ ਨੂੰ ਸ਼ਿਅਰੀਅਤ ਦੇ ਸੁਹਜ ਤੇ ਸਹਿਜ, ਗੁਹਜ ਤੇ ਓਜ ਰਾਹੀਂ ਕਿਵੇਂ ਅੰਗੀਕਾਰ ਕਰਦੀ ਹੈ, ਉਸਦਾ ਬੜਾ ਮਹੀਨ ਜਿਹਾ ਅਨੁਭਵ ਇਨ੍ਹਾਂ ਗ਼ਜ਼ਲਾਂ ਦੀ ਪੜ੍ਹਤ 'ਚੋਂ ਅਨੁਭਵ ਕੀਤਾ ਜਾ ਸਕਦਾ ਹੈ। ਪੰਜਾਬੀ ਗ਼ਜ਼ਲ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਲਈ ਹੁਣ ਕਿਸੇ ਮਿਸਾਲ-ਮੁਖੀ ਲਬਾਦੇ ਜਾਂ ਲਕਬ ਦੀ ਲੋੜ ਨਹੀਂ ਹੈ। ਲੋੜ ਹੈ ਆਪਣੇ ਪਛਾਣੇ ਜਾ ਚੁੱਕੇ ਮੂਲ ਦੀ ਪ੍ਰਮਾਣਿਕਤਾ ਨੂੰ ਸ਼ਾਇਰੀ ਦੇ ਸੱਚ ਦੀ ਪਾਰਦਰਸ਼ਤਾ ਦੇ ਸਾਹਵੇਂ ਖਲੋ ਸਕਣ ਦੇ ਸਮਰੱਥ ਬਣਾਈ ਰੱਖਣ ਦੀ।ਸਮਰਥਾ ਦੀ ਸ਼ਕਤੀ ਨਿਰਸੰਦੇਹ,ਵਕਤ ਦੇ ਵਹਾਅ ਵਿਚ ਪ੍ਰਸੰਗਿਕ ਸਾਰਥਿਕਤਾ ਵਿਚ ਹੀ ਨਿਹਿਤ ਹੋਵੇਗੀ। ਪ੍ਰਸੰਗਿਕ ਸਾਰਥਿਕਤਾ ਪ੍ਰਤਿ ਸ਼ਿੱਦਤ ਸਮਕਾਲੀ ਸਰੋਕਾਰਾਂ ਨਾਲ ਸੰਵਾਦ 'ਚੋਂ ਹੀ ਕਸ਼ੀਦੀ ਜਾ ਸਕਦੀ ਹੈ। ਕਸ਼ੀਦਣ ਤੇ ਸੰਜੋਣ ਦੀ ਸਾਗਰ-ਮੰਥਨੀ ਅਮਲਕਾਰੀ ਪੰਜਾਬੀ ਗ਼ਜ਼ਲ ਨੇ ਸੂਰਤ ਤੇ ਸੀਰਤ ਦੋਹਾਂ ਰੂਪਾਂ ਵਿੱਚ ਇਕ ਵਰਕੇ ਦੇ ਦੋ ਸਫ਼ਿਆਂ ਵਾਂਗ ਸੰਜੋ ਲਈ ਹੈ। ਇਹ ਹੁਣ ਸੁਣਾਉਂਦੀ ਨਹੀਂ, ਸਿਰਜਦੀ ਹੈ। ਸੂਖਮਤਾ ਤੇ ਸੁਹਜ, ਸਿਰਜਣਾ ਦਾ ਸਹਿਜ ਸੁਭਾਅ ਹੈ।ਪੰਜਾਬੀ ਗ਼ਜ਼ਲ ਇਸੇ ਸੁਭਾਅ ਦੀ ਸ਼ਾਹਦੀ ਭਰਨ ਦੀ ਜ਼ਾਮਨ ਬਣਨ ਦੇ ਆਹਰ ਵਿਚ ਹੈ। ਇਸੇ ਆਹਰ ਦੀ ਅਜ਼ਮਤ ਦੀ ਅਹਿਮੀਅਤ ਨੂੰ ਅੰਗੀਕਾਰ ਕਰਦੀਆਂ ਇਹ ਗ਼ਜ਼ਲਾਂ ਪੰਜਾਬੀ ਗ਼ਜ਼ਲਕਾਰੀ ਦੀ ਪ੍ਰਮਾਣਿਕ ਧਾਰਾ ਦੀ ਝਲਕ ਵੀ ਵਿਖਾਉਂਦੀਆਂ ਹਨ ਤੇ ਆਪੋ-ਆਪਣਾ ਕਾਵਿ-ਮੁਹਾਵਰਾ ਵੀ ਸਿਰਜਦੀਆਂ ਹਨ। ਆਸ ਹੈ ਕਿ ਪੰਜਾਬੀ ਗ਼ਜ਼ਲ ਦੀਆਂ ਦੋ ਪੀੜ੍ਹੀਆਂ ਦੇ ਚਾਰ ਗ਼ਜ਼ਲਗੋਆਂ ਦੀ ਸ਼ਾਇਰੀ ਦੇ ਇਸ ਕਰਤਾਰੀ-ਕੋਲਾਜ ਚੋਂ ਤੁਹਾਨੂੰ ਪੰਜਾਬੀ ਸ਼ਿਅਰੀਅਤ ਦੀ ਸੁਵੰਨਵੀਂ ਸੁਖ਼ਨਕਾਰੀ ਦੇ ਦੀਦਾਰ ਹੋਣਗੇ। ਸ਼ੋਰ ਵਿੱਚ ਸਹਿਕਦੇ ਛਿਣਾਂ ਨੂੰ ਆਵਾਜ਼ ਦੇਂਦੀ ਚੁੱਪ ਨੂੰ ਸਾਕਾਰਦੇ ਸਤੀਸ਼ ਗੁਲਾਟੀ ਦੇ ਬੋਲ ਸੁਣਨਗੇ, ਨਾਰੀ ਗ਼ਜ਼ਲਗੋਆਂ ਚੋਂ ਬੁਲੰਦ ਹੋ ਕੇ ਉਭਰਦੀ ਅਨੂ ਬਾਲਾ ਦੀ ਕਾਵਿ-ਸੰਵੇਦਨਾ ਦੀ ਝਲਕ ਦਿਸੇਗੀ, ਮਾਂ-ਮਿੱਟੀ ਤੋਂ ਦੂਰ ਮਾਂ-ਬੋਲੀ ਦੀ ਸੁਖ਼ਨ-ਸਾਜੀ ਦਾ ਮਾਣ ਰੱਖਦੀ ਦਾਦਰ ਪੰਡੋਰਵੀ ਦੀ ਸ਼ਿਅਰੀਅਤ ਦੀ ਥਾਹ ਪਵੇਗੀ, ਤੇ ਹੋ ਸਕਦਾ ਹੈ ਕਿ ਸਮਕਾਲ ਸੰਗ ਸੰਵਾਦ ਛੇੜਦੇ ਸੰਘਰਸ਼ੀ-ਸ਼ਬਦਾਂ ਦੀ ਜ਼ਿੱਦ ਦੀ ਜ਼ਾਮਨ ਬਣਦੀ ਸੁਰਜੀਤ ਜੱਜ ਦੀ ਸੁਖ਼ਨ-ਸੰਵੇਦਨਾ ਦਾ ਕੁਝ ਨਾ ਕੁਝ ਅਹਿਸਾਸ ਵੀ ਆਪਣੀ ਕੁਝ ਹੋਂਦ ਜਤਾ ਸਕੇ। ........ਰੂ-ਬ-ਰੂ ਹੁੰਦੇ ਹਾਂ , ਪੰਜਾਬੀ ਗ਼ਜ਼ਲ ਦੇ ਆਭਾ-ਮੰਡਲ ਦੇ ਦੀਦਾਰ ਕਰਵਾਉਣ ਹਿੱਤ ਮੁਖਾਤਿਬ ਹੁੰਦੀਆਂ ਇਨ੍ਹਾਂ ਗ਼ਜ਼ਲਾਂ ਦੇ..........

**-ਸੁਰਜੀਤ ਜੱਜ**

## ਸੁਰਜੀਤ ਜੱਜ ਦੀਆਂ ਚਾਰ .ਗਜ਼ਲਾਂ

1

ਬੜਾ ਹੀ ਨੰਗਿਆਂ ਪੈਰਾਂ ਨੂੰ ਧੁੱਪ ਨੇ ਮਾਣ ਦਿੱਤਾ ਏ
ਤਪੇ ਸੂਰਜ ਦਾ ਸਿਰ ਉੱਤੇ ਚੰਦੋਆ ਤਾਣ ਦਿੱਤਾ ਏ

ਤਪੇ ਸੂਰਜ ਦਾ ਸਿਰ ਉੱਤੇ ਚੰਦੋਆ ਤਾਣ ਦਿੱਤਾ ਏ
ਜ਼ਰਾ ਵੇਖੋ ਖ਼ੁਦਾ ਨੇ ਹਾਣ ਨੂੰ ਕਿੰਝ ਹਾਣ ਦਿੱਤਾ ਏ

ਉਦਾਸੀ ਸੜਕ ਨੇ ਤਰਲਾ ਜਿਹਾ ਖ਼ੁਸ਼ ਹੋਣ ਦਾ ਪਾਯਾ
ਤੇ ਮੈਂ ਵੀ ਛਾਲਿਆਂ ਨੂੰ ਬੇਵਜ੍ਹਾ ਮੁਸਕਾਣ ਦਿੱਤਾ ਏ

ਰਹੇ ਬਣਿਆਂ ਭਰਮ-ਭਾਅ ਬਾਗ਼ ਦਾ ਇਹ ਸੋਚਕੇ ਹੀ ਮੈਂ
ਸੜੇ ਫੁੱਲਾਂ ‘ਤੇ ਵੀ ਖ਼ੁਸ਼ਬੂ ਨੂੰ ਪਰਦਾ ਪਾਣ ਦਿੱਤਾ ਏ

ਮੈਂ ਖ਼ਾਲੀ ਮੁੱਠ ਚੋਂ ਕੁਝ ਕਿਰਨ ਦਾ ਝੌਲ਼ਾ ਜਿਹਾ ਪਾਯਾ
ਤੇ ਉਸਨੇ ਰੀਸ ਵਿਚ ਕਿੰਨਾ ਹੀ ਕੁਝ ਕਿਰ ਜਾਣ ਦਿੱਤਾ ਏ

ਪਤਾ ਹੁੰਦਿਆਂ ਵੀ ਕਿ ਇਸ ਨਗਰ ਦੀ ਹਰ ਚੀਜ਼ ਜ਼ਹਿਰੀ ਹੈ
ਹੈ ਕੈਸੀ ਭੁੱਖ ਕਿ ਮੈਂ ਉਸਨੂੰ ਜੋ ਮਿਲਿਆ ਖਾਣ ਦਿੱਤਾ ਏ

ਉਨ੍ਹਾਂ ਦੇ ਸੀਨਿਆਂ ਦਾ ਕੜ ਤਾਂ ਟੁੱਟਣਾ ਸੀ ਜਿਨ੍ਹਾਂ ਤਾਈਂ
ਤੁਸੀਂ ਹੱਸਣ ਵੀ ਨਹੀਂ ਦਿੱਤਾ ਤੇ ਨਾ ਕੁਰਲਾਣ ਦਿੱਤਾਏ

ਜ਼ਮਾਨਾ ਜਾਗਦਾ ਤਾਂ ਵੇਖਦਾ ਸਾਡੀ ਸੁਪਨਸਾਜ਼ੀ
ਸਮੁੰਦਰ ਪੁਣਨ ਨਿਕਲੇ ਸਾਂ ਤੇ ਸਹਿਰਾ ਛਾਣ ਦਿੱਤਾ ਏ

ਚੁਰਾਕੇ ਪਿਆਸ ਹੁਣ ਮੇਰੀ ਤੁਸੀਂ ਨਮ ਰਹਿ ਨਹੀਂ ਸਕਣਾ
ਮੇਰੇ ਹੋਂਠਾਂ ਤੇ ਹੁਣ ਸਤਲੁਜ ਨੇ ਪਹਿਰਾ ਆਣ ਦਿੱਤਾ ਏ

✶✶✶

## 2

ਗੰਢਾਂ ਨੂੰ ਖੁੱਲਣ ਲਾ ਲਿਆ ਅੱਟਾਂ ਨੂੰ ਅਟਕਣ ਲਾ ਲਿਆ
ਪੈਰ ਸਨ ਉਸ ਕੋਲ ਉਸ ਰਾਹਾਂ ਨੂੰ ਚੱਲਣ ਲਾ ਲਿਆ

ਬਸਤੀਆਂ ਸਦਮੇ 'ਚ ਸਨ ਤੇ ਸ਼ਹਿਰ ਜਦ ਭੈਭੀਤ ਸੀ
ਉਸ ਬੁੱਤ ਗੱਲੀਂ ਪਾ ਲਏ,ਪੱਥਰਾਂ ਨੂੰ ਹੱਸਣ ਲਾ ਲਿਆ

ਕੁਝ ਜਿਸਮ ਸੜਕਾਂ ਹੋ ਤੁਰੇ ਕੁਝ ਰੋੜ ਧੜਕਣ ਲੱਗ ਪਏ
ਕੁਝ ਛਾਲਿਆਂ ਨੇ ਭਟਕੀਆਂ ਧੂੜਾਂ ਨੂੰ ਵੱਸਣ ਲਾ ਲਿਆ

ਨਦੀਆਂ ਨੂੰ ਨਖ਼ਰਾ ਭੁੱਲਿਆ ਸਾਗਰ ਦੀ ਸ਼ੁਹਰਤ ਔਹ ਗਈ
ਜਦ ਖ਼ੁਸ਼ਕ ਅੱਖੀਂ ਤੜਪ ਨੇ ਪਲਕਾਂ ਨੂੰ ਭਿੱਜਣ ਲਾ ਲਿਆ

ਫੁੱਲਾਂ ਨੂੰ ਹਿਜਰਤ ਕਰਦਿਆਂ ਤੱਕਿਆ ਤਾਂ ਕੰਡੇ ਕੰਬ ਗਏ
ਮਾਲੀ ਦਾ ਹਠ ਨਾ ਹਿੱਲਿਆ ਕੁਲ ਬਾਗ਼ ਕੰਬਣ ਲਾ ਲਿਆ

ਜੋ ਛੱਡਿਆ ਉਹ ਘਰ ਨਾ ਸੀ ਜਿਸ 'ਤੇ ਤੁਰੇ ਉਹ ਸਫਰ ਨਈਂ
ਇਹ ਕੈਸੀਆਂ ਵਾਟਾਂ ਜਿਨ੍ਹਾਂ ਰਾਹੀਆਂ ਨੂੰ ਹਿੱਕਣ ਲਾ ਲਿਆ

ਕੁਝ ਚੰਨ ਹੋਇਆ ਸਾਜਿਸ਼ੀ ਕੁਝ ਛਲ ਸਿਤਾਰੇ ਕਰ ਗਏ
ਸੂਰਜ ਨੇ ਖ਼ੁਦ ਨੂੰ ਜਿਨ੍ਹਾਂ ਲਈ ਬੇਵਕਤ ਅਸਤਣ ਲਾ ਲਿਆ

ਇਕ ਚਰਮਰਾਉਂਦੇ ਚੌਕ ਨੂੰ ਬੁੱਤਾਂ ਦੇ ਪਹੀਏ ਲੱਗ ਗਏ
ਉਸ ਬੇਤਹਾਸ਼ਾ ਫੈਲ ਕੇ ਰਾਹਾਂ ਨੂੰ ਸਿਮਟਣ ਲਾਲਿਆ

ਹਉਮੈ ਦੇ ਵਿੱਚ ਸੁਰਜੀਤ ਸੀ ਉਹ ਸ਼ਖ਼ਸ ਉਸ ਨੇ ਅੰਤ ਨੂੰ
ਜੀਭਾਂ ਨੂੰ ਗੁੰਗਾ ਕਰਦਿਆਂ ਢਿੱਡਾਂ ਨੂੰ ਬੋਲਣ ਲਾ ਲਿਆ

***

3

ਪਿੰਡਿਆਂ ਤੇ ਅਣਚਾਹੀਆਂ ਪੈੜਾਂ ਰੀਂਘਦੀਆਂ
ਪੈਰ ਖ਼ਲਾਅ ਵਿਚ ਸਿਰ 'ਤੇ ਸੜਕਾਂ ਰੀਂਘਦੀਆਂ

ਸਾਇਆਂ ਦੇ ਵਿਚ ਸਿਮਟੀ ਜਾਂਦੇ ਜਿਸਮਾਂ 'ਤੇ
ਦੂਹਰੀਆਂ, ਤਿਹਰੀਆਂ,ਚੌਹਰੀਆਂ ਲਾਸਾਂ ਰੀਂਘਦੀਆਂ

ਪਿੱਛਿਓਂ ਤੁਰੇ ਬੁਝਾ ਕੇ ਅੱਗੇ ਜਗੀਆਂ ਨਾ
ਮੱਥਿਆਂ ਵਿਚ ਅੱਧ-ਜਗੀਆਂ ਬੱਤੀਆਂ ਰੀਂਘਦੀਆਂ

ਬੰਦਾ ਤਾਂ ਬੰਦਾ ਹੈ ਬੁੱਤ ਤਕ ਝੁਕ ਜਾਂਦੈ
ਸਿਰ ਤੋਂ ਪੈਰਾਂ ਤਕ ਜਦ ਭੁੱਖਾਂ ਰੀਂਘਦੀਆਂ

ਨਾ ਸੂਰਜ ਸ਼ਰਮਾਇਆ ਨਾ ਹੀ ਮੀਂਹ ਵਰਿਆ
ਧੀਆਂ ਦੇ ਖ਼ਾਬਾਂ ਵਿਚ ਗੁੱਡੀਆਂ ਰੀਂਘਦੀਆਂ

ਛਲਣੀ ਹੋਏ ਪੈਰਾਂ ਪੱਛੀਆਂ ਤਲੀਆਂ 'ਤੇ
ਮਲ੍ਹਮ ਬਹਾਨੇ ਸ਼ਾਹੀ ਧਾੜਾਂ ਰੀਂਘਦੀਆਂ

ਨਾ ਹੀ ਮਿੱਧੀਆਂ ਗਈਆਂ ਨਾ ਹੀ ਟੱਪ ਹੋਈਆਂ
ਲੂੰ-ਲੂੰ ਵਿਚ ਖ਼ੁਦ ਕੀਤੀਆਂ ਵਾੜਾਂ ਰੀਂਘਦੀਆਂ

ਸਰਘੀ ਨੂੰ ਖ਼ਤ ਕੀ ਲਿਖੀਏ ਸਭ ਸਫ਼ਿਆਂ 'ਤੇ
ਦਾਸ ਦੁਪਹਿਰਾਂ ਵਿਕੀਆਂ ਸ਼ਾਮਾਂ ਰੀਂਘਦੀਆਂ

ਤੁਰਦੇ ਹਾਂ ਪਰ ਕੋਈ ਮੁਸਾਫ਼ਰ ਨਈਂ ਕਹਿੰਦਾ
ਮੰਜ਼ਿਲਾਂ ਦੀ ਮਮਟੀ 'ਤੇ ਠਾਹਰਾਂ ਰੀਂਘਦੀਆਂ

ਵਰਿਆਂ ਵਿੱਚ ਵਸਾਈਆਂ ਪਲ ਵਿਚ ਛੁੱਟ ਗਈਆਂ
ਨਜ਼ਰਾਂ ਵਿਚ ਬੇ-ਨੂਰ ਬਸਤੀਆਂ ਰੀਂਘਦੀਆਂ

ਮਾਂ-ਮਿੱਟੀ ਦਾ ਮੋਹ ਸੁਰਜੀਤ ਰਿਹਾ,
ਭਾਵੇਂਹੱਦਾਂ ਵੀ ਬਣ-ਬਣ ਸਰਹੱਦਾਂ ਰੀਂਘਦੀਆਂ

***

4

ਸੁਣੇ ਦੁਨੀਆਂ ਵਤਨ ਦੀ ਖ਼ੁਰ ਰਹੀ ਪਹਿਚਾਣਦਾ ਕਿੱਸਾ
ਸਿਆਸਤ ਦੀ ਬੇਸ਼ਰਮੀ ਦਾ ਸੱਤਾ ਦੀ ਕਾਣ ਪਾ ਕਿੱਸਾ

ਲਿਖਾਂਗੇ ਪਰ ਅਸੀਂ ਹਰ ਪਲ ਸਮੇਂ ਦੇ ਹਾਣ ਦਾ ਕਿੱਸਾ
ਤੁਹਾਡੇ ਜਬਰ ਦੀ ਹਰ ਹੱਦ ਨੂੰ ਅਜ਼ਮਾਣ ਦਾ ਕਿੱਸਾ

ਤੁਸੀਂ ਕਿੰਨੀ ਵੀ ਦੜ ਵੱਟੋ, ਤੁਹਾਨੂੰ ਵਾਚਣਾ ਪੈਣੈ
ਹਰਿਕ ਮਸਲੀ ਕਲੀ ਤੇ ਫੁੱਲ ਦੇ ਮੁਰਝਾਣ ਦਾ ਕਿੱਸਾ

ਬਣਾਂ ਦਿੱਤੇ ਤਸੀਹਾ-ਘਰ ਉਨ੍ਹਾਂ ਵਿਦਿਆ ਦੇ ਸਭ ਮੰਦਰ
ਤੇ ਲਿਖ ਜੇਲ੍ਹਾਂ 'ਚ ਦਿੱਤਾ, ਸਤਯੁੱਗ ਦੇ ਆਣ ਦਾ ਕਿੱਸਾ

ਜਦੋਂ ਰਾਜਾ ਵੀ ਕਾਤਿਲ ਹੈ ਤੇ ਕਾਤਿਲ ਨੇ ਮੁਕੱਦਮ ਵੀ
ਉਹ ਝੂਠੇ ਭੰਡ ਨੇ ਛੇੜਨ ਜੋ ਜਨ-ਕਲਿਆਣ ਦਾ ਕਿੱਸਾ

ਉਨ੍ਹਾਂ ਉਹ ਅੱਗ ਲਾਈ ਹੈ ਜੋ ਵਰ੍ਹਿਆਂ ਤੀਕ ਸੁਲਗੇਸੀ
ਤੁਸੀਂ ਸੁਣਦੇ ਰਹੋ ਅੱਛੇ ਦਿਨਾਂ ਦੇ ਆਣ ਦਾ ਕਿੱਸਾ

ਤੁਸੀਂ ਵੇਖੋਗੇ ਲਿਖਿਆ ਹਰ ਜਗ੍ਹਾ ਸੜਕਾਂ ਦੇ ਸਫ਼ਿਆਂ 'ਤੇ
ਤੁਹਾਡੇ ਫਤਵਿਆਂ ਦੇ ਢੌਂਗ ਨੂੰ--ਸਾਣ ਦਾ ਕਿੱਸਾ

ਇਨ੍ਹਾਂ ਨੇ ਰਾਹ-ਕੁਰਾਹ ਹਰ ਧਾੜਵੀ ਦਾ ਰੋਕ ਲੈਣਾ ਏਂ
ਨਵੀਂ ਸੱਸੀਆਂ ਨੇ ਦੇਣਾ ਬਣਨ ਹੁਣ ਸੌਂ ਜਾਣ ਦਾ ਕਿੱਸਾ

ਅਜੇ ਸੁਰਜੀਤ ਹੋਏਂ ਨੇ ਹਜ਼ਾਰਾਂ ਬਾਗ਼ ਜੱਲ੍ਹਿਆਂ ਦੇ
ਹਕੀਕਤ ਬਣ ਨਹੀਂ ਸਕਣਾ, ਇਹ ਮੁਰਦੇ ਹਾਣ ਦਾ ਕਿੱਸਾ

✶✶✶

## ਸਤੀਸ਼ ਗੁਲਾਟੀ ਦੀਆਂ ਚਾਰ ਗ਼ਜ਼ਲਾਂ

1

ਹਰ ਯੁਗ ਅੰਦਰ ਅਥਰੂਆਂ ਦੇ ਸੋਮੇ ਸਨ
ਪਹਿਲਾਂ ਵੀ ਤਾਂ ਤਾਰੇ ਟੁਟਦੇ ਰਹਿੰਦੇ ਸਨ

ਹਰ ਯੁਗ ਵਿਚ ਬੰਦੇ ਨੂੰ ਜੀਣਾ ਆਉਂਦਾ ਸੀ
ਹਰ ਯੁਗ ਕੋਲੇ ਜੀਵਨ ਲਈ ਕਲਪੁਰਜੇ ਸਨ

ਨਿਊਟਨ ਦੀ ਹੀ ਅੱਖ ਨੇ ਭੇਤ ਨੂੰ ਸਮਝ ਲਿਆ
ਸੇਬ ਤਾਂ ਉਸਤੋਂ ਪਹਿਲਾਂ ਪਹਿਲ ਵੀ ਡਿੱਗਦੇ ਸਨ

ਪਹਿਲਾਂ ਵੀ ਤਾਂ ਆਫ਼ਤ ਆਉਂਦੀ ਰਹਿੰਦੀ ਸੀ
ਪਹਿਲਾਂ ਵੀ ਦੁਨੀਆਂ ਵਿੱਚ ਰਾਹ-ਰੁਸ਼ਨੇਰੇ ਸਨ

ਉਸ ਨੂੰ ਮਿਲ ਕੇ ਬਹੁਤ ਨਿਰਾਸ਼ਾ ਹੋਈ ਹੈ
ਉਸ ਦੇ ਕੋਲੇ ਘੜੇ-ਘੜਾਏ ਫ਼ਿਕਰੇ ਸਨ

ਉਹਨਾਂ ਦੇ ਘਰ ਵਿਚ ਵੀ 'ਨੇਰ੍ਹਾ ਫੈਲ ਰਿਹੈ
ਜਿੰਨ੍ਹਾਂ ਦੇ ਘਰ ਸੁਣਿਐ! ਬਹੁਤ ਉਜਾਲੇ ਸਨ

ਪਹਿਲਾਂ ਵੀ ਸੰਗੀਤ ਗੂੰਜਦਾ ਰਹਿੰਦਾ ਸੀ
ਪਹਿਲਾਂ ਵੀ ਤਾਂ ਦੁਖ-ਸੁਖ ਹੁੰਦੇ ਰਹਿੰਦੇ ਸਨ

•

2

ਕਿਸੇ ਨੂੰ ਜਿਹਲਮ 'ਚੋਂ ਨੂਰ ਦਿਸਦਾ
ਕਿਸੇ ਨੂੰ ਜਾਪੇ ਚਨਾਬ ਬਿਹਤਰ
ਕਿਸੇ ਨੂੰ ਰਾਵੀ 'ਚੋਂ ਸੁਹਜ ਦਿਸਦਾ
ਕਿਸੇ ਨੂੰ ਪਰ ਪੰਜ-ਆਬ ਬਿਹਤਰ

ਹਰੇਕ ਪਲ ਇਕ ਲਫ਼ਜ਼ ਜਿਹਾ ਹੈ
ਹਰੇਕ ਪਲ ਇਕ ਸਤਰ ਜਿਹਾ ਹੈ
ਹਜ਼ਾਰਾਂ ਵਰਕੇ ਉਮਰ ਦੇ ਮੌਸਮ
ਹੈ ਜ਼ਿੰਦਗੀ ਦੀ ਕਿਤਾਬ ਬਿਹਤਰ

ਉਹ ਦੌਰ ਕਿੱਦਾਂ ਦਾ ਦੌਰ ਜਿਸ ਵਿਚ
ਉਦਾਸੀਆਂ ਹੀ ਉਦਾਸੀਆਂ ਸਨ
ਕਿਹਾ ਉਦਾਸੀ 'ਚ ਬਾਬਿਆਂ ਨੇ
ਸਹੂਲਤਾਂ ਤੋਂ ਰਬਾਬ ਬਿਹਤਰ

ਹਰੇਕ ਬੱਚੇ ਦੇ ਮਨ 'ਚ ਸੁਪਨੇ
ਖਲਾਅ ਨੂੰ ਛੋਹਣਾ, ਗਗਨ ਨੂੰ ਤਕਣਾ
ਕਿਸੇ ਨੂੰ ਲਗਦੀ ਪਤੰਗ ਸੁੰਦਰ
ਕਿਸੇ ਨੂੰ ਜਾਪੇ ਉਕਾਬ ਬਿਹਤਰ

ਤੁਸੀਂ ਨਜ਼ਾਰੇ 'ਚ ਮਸਤ ਜਾਪੋ
ਤੇ ਲੋੜ ਸਾਡੀ 'ਚ ਨੀਰ ਹਰ ਪਲ
ਤੁਹਾਡੇ ਮਨ ਵਿਚ ਉਹ ਝੀਲ ਸੁੰਦਰ
ਅਸਾਡੇ ਮਨ ਵਿਚ ਇਹ ਢਾਬ ਬਿਹਤਰ

ਅਜੇ ਵੀ ਏਸੇ ਉਧੇੜਬੁਨ ਵਿਚ
ਮੈਂ ਤੇਰੇ ਬਾਰੇ ਹੀ ਸੋਚਦਾ ਹਾਂ
ਕਿ ਤੇਰੇ ਖ਼ਤ ਦਾ ਸਵਾਲ ਬਿਹਤਰ
ਜਾਂ ਮੇਰੇ ਖ਼ਤ ਦਾ ਜਵਾਬ ਬਿਹਤਰ

ਮੈਂ ਇੱਕ ਸੱਜਣ ਨੂੰ ਪੁੱਛ ਰਿਹਾ ਸੀ
ਤੇਰੀ ਨਜ਼ਰ ਵਿਚ ਹੈ ਅਕਲ ਕਿਸ ਨੂੰ
ਤਾਂ ਉਸ ਨੇ ਸੋਚਣ ਤੋਂ ਬਾਅਦ ਦੱਸਿਆ
ਕਿ 'ਕੋਟਲੇ ਦਾ ਨਵਾਬ' ਬਿਹਤਰ

•

3

ਇਕੱਲਾ ਤੂੰ ਨਹੀਂ ਮਿਲਿਆ, ਮਹਿਜ ਸਦਮੇ ਦੇ ਵਿੱਚ ਮੈਨੂੰ
ਇਹ ਸਾਰਾ ਵਿਸ਼ਵ ਹੀ ਲਗਦਾ ਪਿਆ ਖ਼ਤਰੇ ਦੇ ਵਿੱਚ ਮੈਨੂੰ

ਮੇਰੇ ਅਹਿਸਾਸ ਹੀ ਮਿਲਦੇ ਰਹੇ ਜਜ਼ਬੇ ਦੇ ਵਿੱਚ ਮੈਨੂੰ
ਮੇਰਾ ਆਪਾ ਵੀ ਕਿਧਰੇ ਮਿਲ ਗਿਆ ਮਲਬੇ ਦੇ ਵਿੱਚ ਮੈਨੂੰ

ਸਿਰਾਂ ਦੀ ਭੀੜ ਮਿਲ ਸਕਦੀ ਹੈ ਕਦ ਜਲਸੇ ਦੇ ਵਿਚ ਮੈਨੂੰ?
ਅਜੇ ਤਾਂ ਧੜ ਹੀ ਧੜ ਦਿਸਦੇ ਪਏ, ਰਸਤੇ ਦੇ ਵਿਚ ਮੈਨੂੰ

ਕਦੇ ਅੱਖਾਂ ਦੇ ਅੰਦਰ ਜੋ ਸਮੁੰਦਰ ਹੈ, ਨਹੀਂ ਦਿਸਦਾ
ਕਦੇ ਦਰਿਆ ਵੀ ਦਿਸ ਪੈਂਦਾ ਹੈ, ਇਕ ਕਤਰੇ ਦੇ ਵਿਚ ਮੈਨੂੰ

ਇਹ ਸਾਰੇ ਪਾਰਦਰਸ਼ੀ ਨੇ ਜਾਂ ਮੇਰੀ ਅੱਖ ਵਖਰੀ ਹੈ
ਕਿ ਸਭ ਨੰਗੇ ਜਿਹੇ ਹਨ, ਪਰ ਦਿਸਣ ਪਰਦੇ ਦੇ ਵਿਚ ਮੈਨੂੰ

ਤੁਸੀਂ ਹੱਦਾਂ ਤੇ ਸਰਹੱਦਾਂ, ਦਿਲਾਂ ਵਿਚ ਹੀ ਬਣਾਈਆਂ ਨੇ
ਕੋਈ ਦੀਵਾਰ ਤਾਂ ਦਿਸਦੀ ਨਹੀਂ, ਨਕਸ਼ੇ ਦੇ ਵਿੱਚ ਮੈਨੂੰ

ਉਹ ਕਿਸ ਦੇ ਪੈਰ ਹਨ, ਜੋ ਥਿਰਕਦੇ ਸੰਗੀਤ ਦੀ ਲੈਅ 'ਤੇ
ਉਹ ਕਿਸ ਦੇ ਬੋਲ ਹਨ, ਜੋ ਫਿਰ ਸੁਣੇ ਨਗ਼ਮੇ ਦੇ ਵਿਚ ਮੈਨੂੰ

•

4

ਅਧੂਰੇ ਖ਼ਾਬ ਦਾ ਇਕ ਵਾਕਿਆ ਹਾਂ
ਅਜੇ ਵੀ ਜਾਪਦੈ ਕੋਰਾ ਸਫ਼ਾ ਹਾਂ

ਅਜੇ ਕੁਝ ਕਹਿਣ ਦੇ ਲਈ ਤਾਂਘਦਾ ਹਾਂ
ਅਜੇ ਵੀ ਜਾਪਦੈ ਕੁਝ ਸੁਲਘਦਾ ਹਾਂ

ਕਦੇ ਹਰਫ਼ਾਂ ਦਾ ਪਿੱਛਾ ਕਰਨ ਲੱਗਦਾਂ
ਕਦੇ ਸ਼ਬਦਾਂ ਦੇ ਗਲ਼ ਲਗ ਰੋ ਰਿਹਾ ਹਾਂ

ਜੋ ਵੀ ਮਿਲਦਾ ਹੈ, ਟੈਸਟ ਕਰਨ ਲੱਗਦੈ
ਮੈਂ ਇਕ ਪ੍ਰਯੋਗਸ਼ਾਲਾ ਬਣ ਗਿਆ ਹਾਂ

ਕਦੀ ਸੁਣਦਾ ਹਾਂ ਟਹਿਣੀ ਗੱਲ ਕਰਦੀ
ਕਦੇ ਪੱਤਿਆਂ ਦੀ ਬੋਲੀ ਸੁਣ ਰਿਹਾ ਹਾਂ

ਕਹਾਂਗਾ ਚੁੱਪ ਦੇ ਅਣਗਿਣਤ ਕਿੱਸੇ
ਅਜੇ ਚਿਹਰੇ 'ਤੇ ਚਿਹਰਾ ਪੜ੍ਹ ਰਿਹਾ ਹਾਂ

ਸਮੇਂ ਦੇ ਨਾਲ ਤੁਰ ਕੇ ਵੇਖਣਾ ਸੀ
ਦਿਸ਼ਾ ਕਿਹੜੀ 'ਚ ਤੁਰਿਆ ਜਾ ਰਿਹਾ ਹਾਂ

•

## ਦਾਦਰ ਪੰਡੋਰਵੀ ਦੀਆਂ ਚਾਰ ਗ਼ਜ਼ਲਾਂ

1

ਸਮੁੰਦਰ ਵਿਚ ਵੀ ਅਜ ਕਲ੍ਹ ਮੱਛੀਆਂ ਦਾ ਜਿਸਮ ਜਲ਼ ਜਾਂਦੈ।
ਉਡਾਰੀ ਭਰਨ ਜਦ ਪੰਛੀ ਤਾਂ ਅੰਬਰ ਨਿਗਲ ਜਾਂਦੈ।

ਅਸੀਂ ਦੀਵੇ ਜਗਾਉਣੇ ਜਾਣਦੇ ਹਾਂ ਤੇ ਜਗਾ ਲੈਣੇ,
ਅਸੀਂ ਤਾਂ ਵੇਖਦੇ ਸੀ ਦਿਨ ਤੇਰਾ ਕਿੰਨਾ ਕੁ ਢਲ਼ ਜਾਂਦੈ।

ਛੁਡਾ ਕੇ ਜਾਨ ਸ਼ਹਿਰਾਂ ਤੋਂ ਉਹ ਜੰਗਲ ਵਿੱਚ ਜਾ ਬੈਠਾ,
ਅਜਬ ਗੱਲ ਹੈ ਕਿ ਅਜ ਕਲ੍ਹ ਓਸਦਾ ਹਾਸਾ ਨਿਕਲ ਜਾਂਦੈ।

ਨਾ ਸੂਲ਼ੀ 'ਤੇ ਹੀ ਚੜ੍ਹਦਾ ਹੈ ਤੇ ਨਾ ਹੀ ਜ਼ਹਿਰ ਪੀਂਦਾ ਹੈ,
ਹੈ ਇਹ ਸੁਕਰਾਤ ਕਿਸ ਮਿੱਟੀ ਦਾ ਖ਼ੁਦਕੁਸ਼ੀਆਂ 'ਚ ਢਲ ਜਾਂਦੈ।

ਵਪਾਰੀ ਸਾਗਰਾਂ ਦੇ ਸਾਡੇ ਸਿਰ ਇਹ ਦੋਸ਼ ਧਰਦੇ ਨੇ,
ਕਿ ਫ਼ੋਟੋ ਵੇਖ ਕੇ ਪਾਣੀ ਦੀ ਸਾਡਾ ਦਿਲ ਮਚਲ ਜਾਂਦੈ।

ਕਦੇ ਮੀਂਹ ਤੋਂ ਬਚਾਉਂਦੇ ਹਾਂ, ਕਦੀ ਅੱਗ ਤੋਂ ਬਚਾਉਂਦੇ ਹਾਂ,
ਮਗਰ ਆਖ਼ਿਰ 'ਚ ਫਿਰ ਵੀ ਸ਼ਹਿਰ ਫ਼ਸਲਾਂ ਨੂੰ ਨਿਗਲ ਜਾਂਦੈ।

ਅਸੀਂ ਮਨਜ਼ੂਰ ਕਰ ਲੈਂਦੇ ਹਾਂ ਕੁਝ ਕੁ ਤਾਰਿਆਂ ਦੀ ਲੋਅ,
ਤੇ ਇਸ ਚੱਕਰਵਿਊ ਵਿਚ ਹੀ ਕਿਤੇ ਸੂਰਜ ਉੱਧਲ ਜਾਂਦੈ।

•

2

ਸਮਝ ਕੇ ਇਕ ਹਾਦਸਾ ਹੀ ਭੁੱਲ ਜਾਹ, ਐਵੇਂ ਨਾ ਰੋ।
ਜਾਂ ਤਾਂ ਨਾਂ ਦੱਸ ਤੋੜ ਚੜ੍ਹਦਾ ਹੈ ਉਮਰ ਭਰ ਸਾਕ ਜੋ।

ਗੱਲ ਤਾਂ ਨਿੱਕੀ ਜਿਹੀ ਸੀ ਪਰ ਵਿਚਾਰੀ ਨਾ ਗਈ,
ਹੌਲੀ-ਹੌਲੀ ਵਕਤ ਪਾ ਕੇ ਹੋ ਗਈ ਸੰਗੀਨ ਜੋ।

ਤੇਰੇ ਮਗਰੋਂ ਦਿਲ ਦੀ ਧੜਕਣ ਹੀ ਨਹੀਂ ਹੁਣ ਤਕ ਰੁਕੀ,
ਓਸ ਦਿਨ ਤੋਂ ਜ਼ਿੰਦਗੀ ਦਾ ਭਾਰ ਪਰ ਹੁੰਦਾ ਨਾ ਢੋ।

ਇਕ ਹੀ ਹੰਝੂ ਬੜਾ ਹੈ ਸਾਰਾ ਚਿਹਰਾ ਧੋਣ ਨੂੰ,
ਇੱਕ ਹੀ ਦਰਦਾਂ ਦਾ ਦਰਿਆ ਸਕਦਾ ਏ ਸਭ ਕੁਝ ਡੁਬੋ।

ਉਮਰ ਇਕ ਐਸਾ ਕੜਾਹਾ ਹੈ ਕਿ ਜਿਸ ਵਿਚ ਪਿਘਲ ਕੇ,
ਹੌਲੀ-ਹੌਲੀ ਜ਼ਿੰਦਗੀ ਦੇ ਰੰਗ ਸਭ ਜਾਂਦੇ ਨੇ ਚੋਂ।

ਮੈਂ ਹਜ਼ਾਰਾਂ ਵਾਰ ਮੁੜ ਮੁੜ ਕੇ ਪਿਛਾਂਹ ਨੂੰ ਵੇਖਦਾ,
ਜ਼ਿੰਦਗੀ ਜੇ ਰਾਹ 'ਚ ਮੇਰੇ ਇਕ ਦਫ਼ਾ ਜਾਂਦੀ ਖਲੋ।

ਸਰਦਲਾਂ 'ਤੇ ਹੁਣ ਤਾਂ ਖਾਲੀ ਦੀਪ ਰੱਖਣੇ ਪੈਣਗੇ,
ਹੋ ਗਈ ਹੈ ਘਰ ਦੀਆਂ ਨੀਹਾਂ 'ਚ ਸਾਰੀ ਦਫ਼ਨ ਲੋ।

ਇਸ ਤਰ੍ਹਾਂ ਲਗਦਾ ਉਹ ਜਿੱਦਾਂ ਹਰ ਕਦਮ 'ਤੇ ਨਾਲ ਹੈ,
ਦਿਸਦੇ ਨੇ ਤੁਰਦੇ ਬਰਾਬਰ ਹੁਣ ਵੀ ਉਸ ਦੇ ਪੈਰ ਦੋ।

•

3

ਟੁੱਟਿਆਂ ਖੰਭਾਂ ਨੂੰ ਕੋਸਣ ਤੋਂ ਬਿਨ੍ਹਾਂ ਵੀ,
ਉਹ ਮੇਰੀ ਪਰਵਾਜ਼ 'ਤੇ ਕਈ ਦੋਸ਼ ਲਾਵੇ।
ਉਸ ਦੇ ਅੰਬਰ ਨੂੰ ਸਲਾਹ ਹੈ ਇੱਕ ਮੇਰੀ,
ਹੋ ਸਕੇ ਤਾਂ ਆਪਣੀ ਸੀਮਾ ਵਧਾਵੇ।

ਫ਼ਿਕਰ ਨੀਲੀ ਛੱਤ ਦਾ ਉਸ ਨੂੰ ਨਹੀਂ ਹੈ,
ਥਿਰਕਦੀ ਧਰਤੀ ਦਾ ਕਿਉਂ ਝੋਰਾ ਕਰੇ ਉਹ,
ਸਿਰ 'ਤੇ ਅੰਬਰ ਡੋਲਦਾ ਸੰਭਾਲੇ ਜਾਂ ਫਿਰ,
ਘਰ ਦੀਆਂ ਨਿੱਤ ਖੁਰਦੀਆਂ ਨੀਹਾਂ ਬਚਾਵੇ।

ਸੁੱਕਦੀ ਜਾਂਦੀ ਝੀਲ ਦੇ ਨਿੱਤ ਕੋਲ ਜਾਵਾਂ,
ਇਕ ਚੁਲ਼ੀ ਵੀ ਪਾਣੀ ਦੀ ਨਾ ਮੂੰਹ ਨੂੰ ਲਾਵਾਂ,
ਮੇਰੀ ਤੇਹ ਤਾਂ ਮਰ ਗਈ ਹੈ ਦੇਰ ਦੀ ਪਰ,
ਮਰਦੀਆਂ ਮੁਰਗ਼ਾਬੀਆਂ ਦੀ ਤੇਹ ਸਤਾਵੇ।

ਜਿੱਤ ਕੇ ਜਾਂ ਹਾਰ ਕੇ ਪਰਤੇ ਘਰਾਂ ਨੂੰ,
ਰੂਹ 'ਚ ਕੀ ਕੁਝ ਮਾਰ ਕੇ ਪਰਤੇ ਘਰਾਂ ਨੂੰ,
ਜੰਗ ਦੇ ਮੈਦਾਨ 'ਚੋਂ ਤਾਂ ਆ ਗਏ ਪਰ,
ਜੰਗ ਦਾ ਸਾਮਾਨ ਤੁਰਿਆ ਨਾਲ ਆਵੇ।

ਬਾਹਰ ਦੇ ਚਾਨਣ ’ਚ ਮੈਂ ਮਸਰੂਫ਼ ਹਾਂ ਪਰ,
ਘਰ ’ਚ ਬਲਦਾ ਦੀਪ ਮੇਰਾ ਰਸਤਾ ਵੇਖੇ,
ਕਿੱਦਾਂ ਦੀ ਇਹ ਕਸ਼ਮਕਸ਼ ਹੈ ਇਹ ਵੀ ਸੋਚਾਂ,
ਘਰ ਜਦੋਂ ਜਾਵਾਂ ਕਿਤੇ ਉਹ ਬੁਝ ਨਾ ਜਾਵੇ।

•

4

ਅਜੇ ਫੁੱਲ ਕੋਈ ਖ਼ੁਸ਼ਬੂ ਦੇ ਬਰਾਬਰ ਦਾ ਨਹੀ ਹੋਇਆ।
ਹਵਾ ਵਿਚ ਤਿੱਤਲੀਆਂ ਦਾ ਰਾਹ ਅਜੇ ਪੱਧਰਾ ਨਹੀਂ ਹੋਇਆ।

ਨਿਰਾਸ਼ਾ ਦੀ ਥਕਾਵਟ ਨਾਲ ਚੱਲਦੇ ਹੋ ਗਏ ਕੁੱਬੇ,
ਜਿਨ੍ਹਾਂ ਦੀ ਆਸ ਦਾ ਫੁੱਲ ਇਕ ਵੀ ਸੂਹਾ ਨਹੀਂ ਹੋਇਆ।

ਇਹ ਕਿਹੜੇ ਵਕਤ ਕਿਹੜਾ ਰਾਗ ਛੋਹਿਆ ਹੈ ........
ਸਗੋਂ ਚਕਰਾ ਗਿਆ ਸਿਰ, ਦਿਲ ਵੀ ਤਾਂ ਹਲਕਾ ਨਹੀਂ ਹੋਇਆ।

ਮੇਰੇ ਅਹਿਸਾਸ ਦੇ ਪਿੰਡੇ ’ਤੇ ਰੜਕਣ ਖ਼ੁਰਦੁਰੇ ਰਿਸ਼ਤੇ,
ਕਦੀ ਵੀ ਤੋੜਕੇ ਬੰਧਨ ਪਰ ਇਕ ਪਾਸਾ ਨਹੀਂ ਹੋਇਆ।

ਸਿਆਸਤ ਨੂੰ ਜ਼ਰੂਰਤ ਗੁੰਗਿਆਂ ਤੇ ਬੋਲ਼ਿਆਂ ਦੀ ਹੈ,
ਕਦੇ ਇਸ ਮੁਲਕ ਵਿਚ ਤਾਂ ਹੀ ਇਲਮ ਸਸਤਾ ਨਹੀਂ ਹੋਇਆ।

ਕਿਨਾਰੇ ਬਣਨ ਦਾ ਜੇ ਦਰਦ ਹੈ ਤਾਂ, ਮਾਣ ਵੀ ਤਾਂ ਹੈ,
ਕੋਈ ਵੀ ਹੋਂਦ ਸਾਡੀ ਬਿਨ ਨਦੀ, ਦਰਿਆ ਨਹੀਂ ਹੋਇਆ।

ਮੈਂ ਪਾਣੀ ਪੀਣ ਨੂੰ ਮੰਗਦਾ ਰਿਹਾ ਐਸੇ ਸਮੁੰਦਰ ਤੋਂ,
ਜੋ ਇਕ ਵਾਰੀ ਵੀ ਮੇਰੇ ਵਾਸਤੇ ਮਿੱਠਾ ਨਹੀਂ ਹੋਇਆ।

ਮਨੁੱਖਾ ਦਰਦ ਤਾਂ ਭਰਿਆ ਬਥੇਰਾ ਹਰ ਗ਼ਜ਼ਲ ਵਿਚ ਪਰ
ਅਜੇ ਇਕ ਵੀ ਸਮੇਂ ਦੇ ਹਾਣ ਦਾ ਮਿਸਰਾ ਨਹੀਂ ਹੋਇਆ।

•

# ਅਨੂ ਬਾਲਾ ਦੀਆਂ ਚਾਰ ਗ਼ਜ਼ਲਾਂ

1

ਬਣੀ ਬਾਲਣ, ਕੋਈ ਵੀ ਸ਼ਾਖ਼ ਉਸਦੀ ਸਾਜ਼ ਨਾ ਹੋਈ
ਬੜਾ ਹੀ ਚੀਖ਼ਯਾ ਰੁੱਖ ਪਰ ਕੋਈ ਆਵਾਜ਼ ਨਾ ਹੋਈ

ਹੈ ਜਿੰਨਾ ਹੌਸਲਾ ਸੀਨੇ ਚ, ਓਨਾ ਆਸਮ੍ਹਾਂ ਮਿਲਦਾ
ਕਦੇ ਔਕਾਤ ਤੋਂ ਉੱਚੀ ਕੋਈ ਪਰਵਾਜ਼ ਨਾ ਹੋਈ

ਉਦੋਂ ਤੀਕਰ ਸਲਾਮਤ ਨੇ ਤੇਰੇ ਸੁਫ਼ਨੇ ਦੀਆਂ ਚਿੜੀਆਂ,
ਨੀ ਕੁੜੀਏ, ਅੱਖ ਜਦ ਤੱਕ ਜ਼ਾਲਮਾਂ ਦੀ ਬਾਜ਼ ਨਾ ਹੋਈ

ਮੇਰਾ ਹੋਣਾ ਸਰਾਪਿਤ ਕਰ ਗਿਆ ਬਾਬਲ ਦੀ ਗ਼ੁਰਬਤ ਨੂੰ
ਮੇਰੇ ਸਦਗੁਣ, ਮੇਰੀ ਵਿੱਦਿਆ ਉਨ੍ਹਾਂ ਲਈ ਦਾਜ ਨਾ ਹੋਈ

ਰਿਹਾ ਅਹਿਸਾਸ ਦੀ ਮਿੱਟੀ ਤੇ ਬੱਸ ਕੱਚਾ ਜੇਹਾ ਲਿਖਿਆ
ਮੁਹੱਬਤ ਵਰਕ ’ਤੇ ਗੂੜ੍ਹਾ ਜਿਹਾ ਅਲਫਾਜ਼ ਨਾ ਹੋਈ

ਰਹੀ ਮੈਂ ਮਾਣਦੀ ਆਪਣੀ ਨਮੀ ਜਿੰਨੀ ਕੁ ਸੀ ਛਿਟ ਭਰ
ਮੇਰੀ ਮਿੱਟੀ ਕਿਸੀ ਬਾਰਿਸ਼ ਦੀ ਪਰ ਮੁਹਤਾਜ ਨਾ ਹੋਈ

•

2

ਥਲਾਂ ਦਾ ਇਸ਼ਕ ਚਲਦੇ ਪਾਣੀਆਂ ਦੇ ਨਾਲ ਚਲਦਾ ਹੈ
ਬਿਨ੍ਹਾਂ ਕਾਰਨ ਕੋਈ ਦਰਿਆ ਕਦੋਂ ਰਸਤਾ ਬਦਲਦਾ ਹੈ

ਉਹਦੇ ਚਾਨਣ ਦੇ ਕਣ ਕਣ ਨੂੰ ਤਾਂ ਸੀਨੇ ਸਾਂਭਦੇ ਸਾਡੇ
ਤੇਰੇ ਸਾਗਰ ’ਚ ਤਾਂ ਸੂਰਜ ਦਾ ਬਸ ਆਕਾਰ ਢਲਦਾ ਹੈ

ਤੇਰੇ ਆਖੇ ਮੈਂ ਕਿਉਂ ਸਾਰੀ ਦੀ ਸਾਰੀ ਭਾਫ਼ ਹੋ ਜਾਵਾਂ
ਮੇਰੀ ਮਿੱਟੀ ਦੀ ਤਹਿ ਹੇਠ੍ਹਾਂ ਵੀ ਇੱਕ ਸੰਸਾਰ ਪਲਦਾ ਹੈ

ਅਖੀਰਾਂ ਤੀਕ ਆਪਣੇ ਅਸਲ ਖ਼ਾਤਰ ਤੜਫਦਾ ਰਹਿੰਦਾ
ਉਮਰ ਭਰ ਆਦਮੀ ਆਪਣੇ ਮੁਖੌਟੇ ਹੀ ਬਦਲਦਾ ਹੈ

ਮੇਰੀ ਦੁਬਿੱਧਾ ਨੂੰ ਇਸ ਦਾ ਕੋਈ ਪਹਿਲੂ ਨਜ਼ਰ ਨੀ ਆਉਂਦਾ
ਮੇਰੇ ਮਨ ਦੀ ਸਤਹ 'ਤੇ ਰੋਜ਼ ਇਕ ਸਿੱਕਾ ਉਛਲਦਾ ਹੈ

ਇਹਨ੍ਹਾਂ ਜੰਗਲ੍ਹਾਂ 'ਚ ਨਿਸਦਿਨ ਹਿਰਨੀਆਂ ਦੀਆਂ ਸੁਣਦੀਆਂ ਚੀਕਾਂ
ਨਾ ਸੀਨਾ ਪਾਟਦਾ ਧਰਤੀ ਦਾ ਨਾ ਅੰਬਰ ਪਿਘਲਦਾ ਹੈ

•

## 3

ਨਮੀ ਅਪਣੀ ਤੇ ਜੇ ਕਰਦੀ ਭਰੋਸਾ
ਤ੍ਹਾਂ ਇਉਂ ਬੰਜਰ ਨਾ ਬੀਆਬਾਨ ਹੁੰਦੀ
ਹਨੇਰੀ ਛੂਹ ਵੀ ਨਾ ਸਕਦੀ ਜੜ੍ਹਾਂ ਨੂੰ
ਜੇ ਇਸ ਮਿੱਟੀ 'ਚ ਥੋੜੀ ਜਾਨ ਹੁੰਦੀ

ਜੇ ਲਗਦਾ ਤੀਰ ਨਾ ਤਾਂ ਕਿੰਜ ਵਿਛਦਾ
ਮੇਰੇ ਦਿਲ ਦਾ ਸੁੱਹਪਣ ਕਾਗਜ਼ਾਂ ਤੇ
ਜਦੋਂ ਵੀ ਫੁਟਦੀਆਂ ਮੇਰੇ ਚੋਂ ਸੂਲ਼ਾਂ
ਮੈਂ ਫੁੱਲਾਂ ਦੇ ਦਰੀਂ ਪਰਵਾਨ ਹੁੰਦੀ

ਮੈਂ ਅਪਣੇ ਦਿਲ ਦਾ ਸ਼ੀਸ਼ਾ ਦੇਖਦੀ ਹਾਂ
ਤੇਰੇ ਕਾਫ਼ਰ ਖ਼ੁਦਾ ਨੂੰ ਛੇਕਦੀ ਹਾਂ
ਕਿ ਰੂਹ ਦੀ ਫੁਲਝੜੀ 'ਚੋਂ ਰੰਗ ਫੜਦੀ
ਮੈਂ ਬਸ ਅਪਣੇ 'ਚ ਅੰਤਰ ਧਿਆਨ ਹੁੰਦੀ

ਮੈਂ ਤਿੱਖੀ ਤੇਗ਼ ਹਾਂ ਡਰ ਐ ਜ਼ਮਾਨੇ
ਮੇਰੇ ਤੀਰਾਂ ਦੇ ਨਾ ਉਕਦੇ ਨਿਸ਼ਾਨੇ
ਲਹੂ ਡੁਲ੍ਹਦਾ ਹੈ ਤੇ ਯੁੱਗ ਪਲਟਦੇ ਨੇ
ਜਦੋਂ ਕੋਈ ਪੰਖੜੀ ਕਿਰਪਾਨ ਹੁੰਦੀ

ਮੇਰੀ ਕਿਸਮਤ ਨਹੀਂ ਮਾਲਕ ਬਦਲਦੇ
ਮੇਰੇ ਸੀਨੇ ਚ ਧੁਖਦੇ ਬਿਰਖ ਫਲਦੇ
ਮੈਂ ਟੁਕੜੀ ਧਰਤ ਦੀ ਹਾਂ ਬਾਬਲਾ ਵੇ
ਕਿਤੇ ਵਿਕਦੀ ਕੀਤੇ ਮੈਂ ਦਾਨ ਹੁੰਦੀ

•

4

ਕਵਿਤਾ ਦੇ ਵਾਂਗ ਸੁੱਚਾ ਦਿਲ ਵੀ ਬਣਾ ਰਹੀ ਹਾਂ
ਲਿਖਦੀ ਮੈਂ ਲਫਜ਼ ਅੱਜਕਲ ਖੁਦ ਨੂੰ ਮਿਟਾ ਰਹੀ ਹਾਂ

ਮਿੱਟੀ 'ਚ ਮਗਨ ਹੋ ਕੇ, ਅਗਨੀ 'ਚ ਅਗਨ ਹੋ ਕੇ
ਆਵੇ 'ਚ ਜ਼ਿੰਦਗੀ ਦਾ ਭਾਂਡਾ ਪਕਾ ਰਹੀ ਹਾਂ

ਹਰ ਸਬਕ ਵਿਚ ਉਹ ਮੈਨੂੰ ਪਿੰਜਰਾ ਪੜ੍ਹਾ ਰਹੇ ਨੇ
ਫੱਟੀ 'ਤੇ ਪਰ ਮੈਂ ਉਡਦਾ ਪੰਛੀ ਬਣਾ ਰਹੀ ਹਾਂ

ਮੇਰੇ ਮਨ ਦੀ ਇਹ ਫ਼ਕੀਰੀ, ਇਹ ਸੋਜ਼ ਸੁਖ਼ਨ ਤੇਰੇ
ਕੱਖਾਂ ਦੀ ਝੌਂਪੜੀ ਵਿਚ ਤਾਰੇ ਚੜ੍ਹਾ ਰਹੀ ਹਾਂ

ਸੋਚਾਂ 'ਚ ਆ ਗਿਆ ਇਕ ਸ਼ਿਕਰਾ ਤਾਂ ਡਰ ਗਈ ਮੈਂ
ਡਾਲੀ ਤੇ ਬੈਠੀਆਂ ਸਭ ਚਿੜੀਆਂ ਉਡਾ ਰਹੀ ਹਾਂ

ਪੱਤਝੜ ਦੇ ਰੁੱਖ ਵਾਂਗੂ ਸੱਖਣੀ ਹਰੇਕ ਡਾਲੀ
ਪੌਣਾਂ ਦੇ ਵਾਂਗ ਫਿਰ ਵੀ ਸੀਟੀ ਵਜਾ ਰਹੀ ਹਾਂ

•

5ਆਬ ਇਕ ਪ੍ਰਕਾਸ਼ਨ ਹੀ ਨਹੀਂ ਸਗੋਂ ਸਾਹਿਤ, ਚਿੰਤਨ ਅਤੇ ਸਭਿਆਚਾਰ ਦੇ ਖੇਤਰ ਵਿਚ ਇਕ ਲਹਿਰ ਹੈ। ਹੁਣ ਤਕ ਅਸੀਂ ਲਗਭਗ ਸਾਢੇ ਤਿੰਨ ਦੇ ਕਰੀਬ ਟਾਈਟਲ ਛਾਪ ਚੁੱਕੇ ਹਾਂ। ਇਨ੍ਹਾਂ ਵਿਚ ਸਾਹਿਤ ਚਿੰਤਨ ਅਤੇ ਰਾਜਨੀਤੀ ਨਾਲ ਸੰਬੰਧਤ ਪੁਸਤਕਾਂ ਵੀ ਸ਼ਾਮਲ ਹਨ। ਅਸੀਂ ਇਹ ਸੋਚਦੇ ਹਾਂ ਕਿ ਪ੍ਰਕਾਸ਼ਨ ਸਿਰਫ਼ ਇਕ ਕਿੱਤਾ ਨਹੀਂ ਸਗੋਂ ਲੋਕਾਂ ਨੂੰ ਉੱਤਮ ਸਾਹਿਤ ਅਤੇ ਅਗਾਂਹਵਧੂ ਰਾਜਨੀਤੀ ਅਤੇ ਚਿੰਤਨ ਦੇ ਫੈਲਾਅ ਦਾ ਮਾਧਿਅਮ ਵੀ ਹੈ। ਅਸੀਂ ਇਸ ਵਿਚਾਰ ਨੂੰ ਧਿਆਨ ਵਿਚ ਰੱਖ ਕੇ ਪ੍ਰਕਾਸ਼ਨ ਦੇ ਕੰਮ ਵਿਚ ਉੱਤਰੇ ਹਾਂ। ਹੁਣ ਤਕ ਅਗਾਂਹਵਧੂ ਲੇਖਕਾਂ ਅਤੇ ਸੁਹਿਰਦ ਸਿਰਜਣਕਾਰਾਂ ਵੱਲੋਂ ਭਾਰੂ ਹੁੰਗਾਰਾ ਮਿਲਿਆ ਹੈ। ਇਸੇ ਹੁੰਗਾਰੇ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਪ੍ਰਕਾਸ਼ਨ ਨਾਲ ਸੰਬੰਧਿਤ ਕੁਝ ਪ੍ਰਤਿਮਾਨ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਸੁਹਿਰਦ ਲੇਖਕ ਤੇ ਪਾਠਕ ਇਸ ਨੂੰ ਭਰਪੂਰ ਹੁੰਗਾਰਾ ਦੇਣਗੇ।

**ਕੇਸਰ ਸਿੰਘ**
**ਸੰਚਾਲਕ 5ਆਬ ਪ੍ਰਕਾਸ਼ਨ**
**1,2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜੀ.ਟੀ. ਰੋਡ ਜਲੰਧਰ**
**ਮੋਬਾਇਲ: 98140-87063**

## ਪੁਸਤਕ ਪੜਚੋਲ

**'ਇੱਕ ਟੋਟਾ ਜਨਮ ਭੂਮੀ'** (ਨਾਵਲ)
**ਲੇਖਕ: ਹਰਜੀਤ ਕੌਰ ਵਿਰਕ**
**ਸੰਗਮ ਪਬਲੀਕੇਸ਼ਨ, ਸਮਾਣਾ**, 2020
**ਪੰਨੇ** 160, **ਕੀਮਤ** 250

ਹਰਜੀਤ ਕੌਰ ਵਿਰਕ ਦੀ ਇਕ ਕਾਵਿ-ਪੁਸਤਕ ਤੋਂ ਇਲਾਵਾ ਇਹ ਤੀਸਰਾ ਨਾਵਲ ਹੈ। ਪਰ ਤਿੰਨ ਨਾਵਲ ਰਚ ਲੈਣ ਦੇ ਬਾਵਜੂਦ ਉਹ ਪੰਜਾਬੀ ਸਾਹਿਤ ਖੇਤਰ ਵਿਚ ਨਵਾਂ ਨਾਂ ਹੈ। ਹਥਲਾ ਨਾਵਲ 'ਇਕ ਟੋਟਾ ਜਨਮ ਭੂਮੀ' ਵਿਦੇਸ਼ਾਂ ਵਿਚ ਪੜ੍ਹਨ/ਸੈਟਲਡ ਹੋਣ ਲਈ ਆਏ ਵਿਦਿਆਰਥੀਆਂ ਦੇ ਸੰਘਰਸ਼ ਨੂੰ ਪੇਸ਼ ਕਰਦਾ ਹੈ। ਇਸ ਵਿਸ਼ੇ ਤੋਂ ਇਲਾਵਾ ਉਥੋਂ ਦੇ ਪੰਜਾਬੀਆਂ ਦਾ ਬੇਗਾਨੀ ਧਰਤੀ 'ਤੇ ਪੈਰ ਜਮਾਉਣ ਲਈ ਸੰਘਰਸ਼ ਤੇ ਉਨ੍ਹਾਂ ਦੇ ਵਿਦਿਆਰਥੀਆਂ ਪ੍ਰਤੀ ਵਿਹਾਰ ਨੂੰ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਿਛਲੇ ਸਮਿਆਂ ਵਿਚ ਪੰਜਾਬ ਤੇ ਗੁਆਂਢੀ ਸੂਬੇ ਹਰਿਆਣਾ ਵਿਚ ਵਾਪਰੀਆਂ ਘਟਨਾਵਾਂ ਨੂੰ ਵੀ ਨਾਵਲ ਦਾ ਹਿੱਸਾ ਬਣਾਉਣ ਦਾ ਯਤਨ ਕੀਤਾ ਗਿਆ ਹੈ, ਪਰ ਉਹ ਘਟਨਾਵਾਂ ਨਾਵਲ ਦੇ ਕੇਂਦਰੀ ਵਿਸ਼ੇ ਨੂੰ ਪੁਖਤਾ ਕਰਨ ਤੇ ਬਹੁ-ਪੱਖੀ ਬਣਾਉਣ ਦੀ ਥਾਂ ਨਾਵਲ ਦੇ ਕੇਂਦਰੀ ਵਿਸ਼ੇ ਨੂੰ ਪੇਤਲਾ ਕਰਨ ਦਾ ਸਬੱਬ ਬਣੀਆਂ ਹਨ। ਇਸ ਕਰਕੇ ਨਾਵਲ ਵਿਚੋਂ ਕੋਈ ਬੱਝਵਾਂ ਪ੍ਰਭਾਵ ਪੈਦਾ ਨਹੀਂ ਹੋ ਸਕਿਆ। ਦੂਸਰੇ ਇਸ ਨਾਵਲ ਵਿਚ ਸੰਚਾਰ ਦੀ ਵੀ ਬਹੁਤ ਵੱਡੀ ਸਮੱਸਿਆ ਹੈ। ਨਾਵਲ ਵਿਚ ਬੀਤ ਗਏ ਸਿੱਖ ਰਾਜ ਦਾ ਹੇਰਵਾ ਵਾਰ-ਵਾਰ ਇਕ ਮੋਟਿਫ਼ ਦੇ ਰੂਪ ਵਿਚ ਹਾਜ਼ਰ ਰਹਿੰਦਾ ਹੈ ਪਰ ਇਹ ਮੋਟਿਫ਼ ਨਾਵਲ ਨੂੰ ਕੋਈ ਗਤੀ ਜਾਂ ਵਿਸਥਾਰ ਨਹੀਂ ਦੇਂਦਾ। ਸਥਾਨਕ ਵੇਰਵਿਆਂ ਦੇ ਬਾਵਜੂਦ ਇਹ ਨਾਵਲ ਲੇਖਕ ਦੀ ਕਿਸੇ ਸੁਚੇਤ ਰਚਨਾ-ਦ੍ਰਿਸ਼ਟੀ ਦੀ ਅਣਹੋਂਦ ਕਾਰਣ, ਕੋਈ ਬੱਝਵਾਂ ਪ੍ਰਭਾਵ ਸਿਰਜਣ ਵਿਚ ਅਸਫ਼ਲ ਰਹਿੰਦਾ ਹੈ ਤੇ ਕਿਤਾਬਾਂ ਦੀ ਭੀੜ ਵਿਚ ਗੁੰਮ-ਗੁਆਚ ਜਾਣ ਦਾ ਅਧਿਕਾਰ ਬਣ ਜਾਂਦਾ ਹੈ।

**ਸਿਲਸਿਲੇ** (ਕਹਾਣੀ-ਸੰਗ੍ਰਹਿ)
**ਕਿਰਪਾਲ ਕਜ਼ਾਕ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ,**
**ਪੰਨੇ** 126, **ਕੀਮਤ** 200

ਕਿਰਪਾਲ ਕਜ਼ਾਕ ਪੰਜਾਬੀ ਸਾਹਿਤ ਵਿਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਸਨੇ ਪੰਜਾਬੀ ਵਿਚ ਕਹਾਣੀ-ਸੰਗ੍ਰਹਿ, ਨਾਵਲ, ਨਾਟਕ, ਰੇਖਾ-ਚਿੱਤਰ ਰਚੇ ਹਨ ਅਤੇ ਇਸ ਤੋਂ ਇਲਾਵਾ ਲੋਕਧਾਰਾ ਤੇ ਸਭਿਆਚਾਰ ਦੇ ਖੇਤਰ ਵਿਚ ਉਸਦਾ ਤੇ ਉਸ ਦੁਆਰਾ ਕੀਤਾ ਗਿਆ ਕੰਮ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਪਿਛਲੇ ਸਾਲ ਦਾ ਭਾਰਤੀ ਸਾਹਿਤ ਅਕਾਦਮੀ ਦਾ ਸਨਮਾਨ ਵੀ ਉਸ ਦੇ ਕਹਾਣੀ ਸੰਗ੍ਰਹਿ 'ਅੰਤਹੀਣ' ਨੂੰ ਮਿਲ ਚੁੱਕਾ ਹੈ। ਹਥਲੇ ਕਹਾਣੀ-ਸੰਗ੍ਰਹਿ ਵਿਚ ਉਸ ਦੀਆਂ ਛੇ ਕਹਾਣੀਆਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਵਿਭਿੰਨ ਸਮਾਜ, ਸਰੋਕਾਰਾਂ ਨੂੰ ਕਹਾਣੀਆਂ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਗਿਆ ਹੈ। ਪਰ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੀ ਵਿਲੱਖਣਤਾ ਪਾਤਰ ਆਪਣੇ ਸੁਭਾਅ

ਕਰਕੇ ਦੁਨਿਆਵੀ ਰੀਤ ਦੇ ਅਨੁਸਾਰ ਬਣਨ ਤੋਂ ਅਸਮਰੱਥ ਹਨ ਤੇ ਇਸੇ ਕਰਕੇ ਵਿਯੋਗੇ ਜਾਂਦੇ ਹਨ। ਵਿਯੋਗੇ ਜਾਣ ਦੇ ਬਾਵਜੂਦ ਉਹ ਆਪਣੀ ਵਿਲੱਖਣਤਾ 'ਤੇ ਪਹਿਰਾ ਦੇਂਦੇ ਹਨ। 'ਇੱਛਾਧਾਰੀ' ਦਾ ਬੀਲਾ, 'ਕੀੜਿਆਂ ਦਾ ਭੌਣ' ਦਾ ਵੀਰੂ, 'ਰਣਖੇਤਰ' ਦਾ ਭੀਰੂ, 'ਫਰਿਸ਼ਤੇ' ਦਾ ਰਵੀ, 'ਸਦਗਤੀ' ਦੀ ਅੱਕੋ, 'ਤਲਾਕ' ਦੀ ਮਾਲਤੀ। ਇਹ ਸਾਰੇ ਹੀ ਪਾਤਰ ਪਾਠਕ ਲਈ ਸਿਰੜ ਤੇ ਸੰਘਰਸ਼ ਦਾ ਪ੍ਰਤੀਕ ਬਣਕੇ ਪੇਸ਼ ਹੁੰਦੇ ਤੇ ਪ੍ਰੇਰਣਾ ਵੀ।

**ਮਿਲ ਗਿਆ ਨੈੱਕਲੈਸ (ਕਹਾਣੀ-ਸੰਗ੍ਰਹਿ)**
**ਕੁਲਜੀਤ ਮਾਨ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ,**
**ਪੰਨੇ 175, ਕੀਮਤ 250**

ਕੁਲਜੀਤ ਮਾਨ ਜਾਣਿਆ-ਪਛਾਣਿਆ ਪ੍ਰਵਾਸੀ ਪੰਜਾਬੀ ਲੇਖਕ ਹੈ, ਜਿਸਨੇ ਕਹਾਣੀ ਤੋਂ ਇਲਾਵਾ ਹੋਰ ਸਾਹਿਤਕ ਵਿਧਾਵਾਂ ਵਿਚ ਰਚਨਾ ਕਰਕੇ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਸਾਰਥਕ ਹਾਜ਼ਰੀ ਲਵਾਈ ਹੈ। ਹਥਲੇ ਕਹਾਣੀ-ਸੰਗ੍ਰਹਿ ਵਿਚ ਸੰਖੇਪ ਭੂਮਿਕਾ ਤੋਂ ਇਲਾਵਾ ਸੱਤ ਕਹਾਣੀਆਂ ਦਰਜ ਹਨ। ਅਜੋਕਾ ਪਰਵਾਸੀ ਪੰਜਾਬੀ ਸਾਹਿਤ, ਪਰਵਾਸ ਨਾਲ ਜੁੜੇ ਵਰਤਾਰਿਆਂ ਤੋਂ ਬਹੁਤ ਅੱਗੇ ਵਧ ਚੁੱਕਾ ਹੋਣ ਦੇ ਬਾਵਜੂਦ, ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਸਭਿਆਚਾਰ ਤੇ ਪੰਜਾਬ ਨਾਲ ਜੁੜੇ ਸਰੋਕਾਰਾਂ ਨਾਲ ਜੁੜਿਆ ਹੋਇਆ ਹੋਣ ਕਰਕੇ, ਇਸ ਵਿਚ ਕਿਸੇ ਨਾ ਕਿਸੇ ਰੂਪ ਵਿਚ ਉਦਰੇਵੇਂ ਦੀ ਸੁਰ ਬਰਕਰਾਰ ਹੈ। ਕੁਲਜੀਤ ਮਾਨ ਦੇ ਇਸ ਸੰਗ੍ਰਹਿ ਵਿਚ ਬੇਸ਼ਕ ਪੰਜਾਬ ਬਾਰੇ ਜ਼ਿਕਰ ਹੈ ਪਰ ਉਹ ਕਹਾਣੀਆਂ ਦੇ ਪ੍ਰਸੰਗ ਵਿਚ ਹੀ ਆਉਂਦਾ ਹੈ। ਸੰਗ੍ਰਹਿ ਵਿਚਲੀਆਂ ਵਧੇਰੇ ਕਹਾਣੀਆਂ ਪਰਿਵਾਰਕ ਰਿਸ਼ਤਿਆਂ ਵਿਚਲੇ ਤਣਾਓ ਦੇ ਪ੍ਰਗਟਾਵੇ ਨਾਲ ਸੰਬੰਧਿਤ ਹਨ। ਕੁਝ ਕਹਾਣੀਆਂ ਵਿਚ ਪੁਰਾਣੀ ਤੇ ਨਵੀਂ ਪੀੜ੍ਹੀ ਦੇ ਆਪਸੀ ਟਕਰਾਓ ਤੇ ਤਣਾਓ ਵੀ ਪੇਸ਼ ਹੋਏ ਹਨ। ਹੁਣ ਦੀ ਪਰਵਾਸੀ ਕਹਾਣੀ ਵਿਚ ਪੇਸ਼ ਪਾਤਰ ਦੂਸਰੇ ਸਭਿਆਚਾਰਾਂ ਦੇ ਪਾਤਰਾਂ ਨਾਲ ਵਧੇਰੇ ਸਹਿਜਤਾ ਤੇ ਆਤਮ-ਵਿਸ਼ਵਾਸ ਨਾਲ ਵਿਚਰਦੇ ਹਨ। ਇਹ ਸਹਿਜਤਾ ਕੁਲਜੀਤ ਮਾਨ ਦੀਆਂ ਕਹਾਣੀਆਂ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਸਮੁੱਚੇ ਰੂਪ ਵਿਚ ਇਹ ਪੜ੍ਹਨਯੋਗ ਕਹਾਣੀ-ਸੰਗ੍ਰਹਿ ਹੈ।

**ਪੜਤਾਲ (ਨਾਵਲ)**
**ਪਰਮਜੀਤ ਸਿੰਘ ਜੱਜ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ,**
**ਪੰਨੇ 132, ਕੀਮਤ 200**

ਪਰਮਜੀਤ ਸਿੰਘ ਜੱਜ ਮੂਲ ਰੂਪ ਵਿਚ ਸਮਾਜ ਵਿਗਿਆਨੀ ਹੈ। ਪਿਛਲੇ ਕੁਝ ਸਾਲਾਂ ਤੋਂ ਉਸਨੇ ਪੰਜਾਬੀ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ ਅਤੇ ਹੁਣ ਤੱਕ ਛੇ ਨਾਵਲਾਂ ਤੋਂ ਇਲਾਵਾ ਉਸਨੇ ਸਭਿਆਚਾਰ, ਸਮਾਜ ਵਿਗਿਆਨ ਤੇ ਪਰਵਾਸ ਦੇ ਮਸਲਿਆਂ ਬਾਰੇ ਗੰਭੀਰ ਖੋਜ ਕਾਰਜ ਕੀਤਾ ਹੈ। ਉਸ ਦੇ ਨਾਵਲਾਂ ਵਿਚ ਵੀ ਪਿੰਡ ਦੇ ਸਭਿਆਚਾਰ ਦੇ ਬਦਲਦੇ ਵਰਤਾਰਿਆਂ ਨੂੰ ਸਮਝਣ ਤੇ ਪੇਸ਼ ਕਰਨ ਦਾ ਰੁਝਾਨ ਨਜ਼ਰ ਆਉਂਦਾ ਹੈ। 'ਪੜਤਾਲ' ਉਸਦਾ ਨਵਾਂ ਨਾਵਲ ਹੈ, ਜਿਸ ਵਿਚ ਪਿੰਡ ਵਿਚ ਹੋਏ ਕਤਲ ਨੂੰ ਵਿਸ਼ਾ ਬਣਾ ਕੇ ਪਿੰਡ ਦੀ ਸਭਿਆਚਾਰ, ਆਰਥਿਕ ਤੇ ਰਾਜਨੀਤਿਕ ਬਣਤਰ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਨਾਵਲ

ਆਜ਼ਾਦੀ ਤੋਂ ਬਾਅਦ ਦੀਆਂ ਤਬਦੀਲੀਆਂ ਨੂੰ ਪਿੰਡ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ। ਸਭ ਤੋਂ ਵੱਧ ਤਬਦੀਲੀਆਂ ਆਜ਼ਾਦੀ ਤੋਂ ਬਾਅਦ, ਅਬਾਦੀ ਦੇ ਤਬਾਦਲੇ ਨਾਲ ਵਾਪਰਦੀਆਂ ਤੇ ਪਿੰਡ ਦਾ ਸਮਾਜਕ ਤਾਣਾ-ਬਾਣਾ ਨਵੇਂ ਰੂਪ ਅਖ਼ਤਿਆਰ ਕਰਦਾ ਹੈ। ਅਮਰੀਕ ਸਿੰਘ ਆਪਣੇ ਮਾਰਖੋਰੇ ਸੁਭਾਅ ਕਰਕੇ ਸਾਰੇ ਪਿੰਡ ਦੀ ਨਫ਼ਰਤ ਦਾ ਪਾਤਰ ਹੈ। ਉਸ ਦੇ ਕਤਲ ਦੀ ਵਾਰਦਾਤ ਨਾਲ ਪਿੰਡ ਸੁਖ ਦਾ ਸਾਹ ਲੈਂਦਾ ਹੈ। ਸਮੁੱਚਾ ਨਾਵਲ ਪੁਲੀਸ ਦੁਆਰਾ ਇਸ ਕਤਲ ਦਾ ਪੁਲੀਸ ਦੁਆਰਾ ਤਫਤੀਸ਼ ਦੁਆਲੇ ਉਸਾਰਿਆ ਗਿਆ ਹੈ। ਤਫ਼ਤੀਸੀ ਪੁਲੀਸ ਅਫ਼ਸਰ, ਪੁਲੀਸ ਦੇ ਸਥਾਪਿਤ ਬਿੰਬ ਦੇ ਉਲਟ ਸੁਭਾਅ ਵਾਲਾ ਹੈ। ਪਿੰਡ ਦਾ ਸਮੁੱਚਾ ਯਥਾਰਥ ਤੇ ਸਮਾਜਕ ਆਰਥਿਕ ਬਣਤਰ ਉਸਦੇ ਨਜ਼ਰੀਏ ਤੇ ਸੁਭਾਅ ਰਾਹੀਂ ਪੇਸ਼ ਤੇ ਪ੍ਰਭਾਵਿਤ ਹੁੰਦੀ ਹੈ। ਇਸੇ ਕਰਕੇ ਇਹ ਨਾਵਲ ਪ੍ਰਤੀਨਿਧ ਯਥਾਰਥ ਬਣਨ ਤੋਂ ਖੁੰਝ ਜਾਂਦਾ ਹੈ।

ਦੂਸਰੇ, ਇਸ ਨਾਵਲ ਦਾ ਨਾਂ 'ਪੜਤਾਲ' ਵੀ ਢੁਕਵਾਂ ਪ੍ਰਤੀਤ ਨਹੀਂ ਹੁੰਦਾ। ਪੁਲੀਸ ਕਿਸੇ ਵੀ ਵਾਰਦਾਤ ਦੀ ਛਾਣਬੀਣ ਨੂੰ ਤਫ਼ਤੀਸ ਦਾ ਨਾਂ ਦੇਂਦੀ ਹੈ, ਪਰ ਇਸੇ ਹੀ ਨਾਂ ਹੇਠ ਪਹਿਲਾਂ ਜੋ ਇਕ ਨਾਵਲ ਪੰਜਾਬੀ ਵਿਚ ਛਪ ਚੁੱਕਾ ਹੋਣ ਕਰਕੇ, ਲੇਖਕ ਨੇ ਇਸ ਦਾ ਨਾਂ 'ਪੜਤਾਲ' ਰੱਖਿਆ ਹੈ, ਪਰ ਇਸ ਸਿਰਲੇਖ ਤਫ਼ਤੀਸ ਦੇ ਮੁਕਾਬਲੇ ਅਰਥ ਵਿਸਥਾਰ ਵਿਚ ਊਣਾ ਹੈ। ਸਮੁੱਚੇ ਰੂਪ ਵਿਚ ਇਹ ਨਾਵਲ ਪਿੰਡ ਦੀ ਜ਼ਿੰਦਗੀ ਨੂੰ ਇਕਹਿਰੇ ਰੂਪ ਵਿਚ ਪੇਸ਼ ਕਰਨ ਵਾਲੀ ਰਚਨਾ ਹੈ।

**ਬਾਂਦਰ ਨਾਲ ਬਹਿਸ ਕੌਣ ਕਰੇ: ਆਲੋਚਨਾਤਮਿਕ ਸੰਵਾਦ**
**ਸੰਪਾਦਕ: ਰਤਨ ਸਿੰਘ ਢਿੱਲੋਂ**
**ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ,**
**ਪੰਨੇ 152, ਕੀਮਤ 100**

ਇਹ ਸੰਪਾਦਿਤ ਪੁਸਤਕ ਸੁਖਵਿੰਦਰ ਦੀ 18ਵੀਂ ਕਾਵਿ ਪੁਸਤਕ 'ਬਾਂਦਰ ਨਾਲ ਬਹਿਸ ਕੌਣ ਕਰੇ' ਬਾਰੇ ਲਿਖੇ ਗਏ 19 ਲੇਖਾਂ ਦਾ ਸੰਗ੍ਰਹਿ ਹੈ। ਸੁਖਿੰਦਰ ਵਿਦੇਸ਼ ਵਿਚ ਰਹਿ ਰਿਹਾ ਹੈ, ਇਸ ਕਰਕੇ ਉਸ ਨੂੰ ਪਰਵਾਸੀ ਲੇਖਕ ਮੰਨ ਕੇ ਉਸ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਪਰ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਹਿੰਦੁਸਤਾਨ ਦੇ ਅਜੋਕੇ ਹਾਲਾਤ 'ਤੇ ਹੀ ਕੇਂਦ੍ਰਿਤ ਹਨ। ਮੈਂ ਇਹ ਕਾਵਿ ਪੁਸਤਕ ਨਹੀਂ ਪੜ੍ਹੀ ਪਰ ਲੇਖਾਂ ਵਿਚ ਜੋ ਟੂਕਾਂ ਵਰਤੀਆਂ ਗਈਆਂ ਹਨ ਉਨ੍ਹਾਂ ਵਿਚਲੀ ਕਾਵਿਕਤਾ ਨਿਰਾਸ਼ ਕਰਨ ਵਾਲੀ ਹੈ। ਉਸ ਤੋਂ ਵੀ ਵਧੇਰੇ ਨਿਰਾਸ਼ਤਾ ਲੇਖਾਂ ਨੂੰ ਪੜ੍ਹ ਕੇ ਹੁੰਦੀ ਹੈ, ਕਿਉਂਕਿ ਇਨ੍ਹਾਂ ਨੂੰ ਆਲੋਚਨਾਤਮਿਕ ਲੇਖ ਨਹੀਂ, ਰਿਵਿਊ ਕਹਿਣਾ ਵਧੇਰੇ ਉਚਿਤ ਹੈ। ਕੁਝ ਇਕ ਲੇਖ ਅਜਿਹੇ ਜ਼ਰੂਰ ਹਨ ਜਿਨ੍ਹਾਂ ਵਿਚ ਪੰਜਾਬੀ ਕਾਵਿ-ਪਰੰਪਰਾ ਦੇ ਪ੍ਰਸੰਗ ਵਿਚ ਇਸ ਪੁਸਤਕ ਨੂੰ ਰੱਖ ਕੇ ਵਾਚਿਆ ਗਿਆ ਹੈ। ਸਮੁੱਚੇ ਰੂਪ ਵਿਚ ਇਹ ਇਕ ਸਾਧਾਰਨ ਕਾਵਿ-ਪੁਸਤਕ ਬਾਰੇ ਬਹੁਤ ਹੀ ਸਾਧਾਰਨ ਆਲੋਚਨਾਤਮਕ ਪੁਸਤਕ ਹੈ।

**ਇਸ਼ਕ ਮਲੰਗੀ (ਕਹਾਣੀ-ਸੰਗ੍ਰਹਿ)**
**ਖ਼ਾਲਿਦ ਹੁਸੈਨ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ,**
**ਪੰਨੇ 176, ਕੀਮਤ 250**

ਖ਼ਾਲਿਦ ਹੁਸੈਨ ਜੰਮੂ-ਕਸ਼ਮੀਰ ਦੀ ਇਕ ਜਾਣੀ-ਪਛਾਣੀ ਸਾਹਿਤਕ ਸਖਸ਼ੀਅਤ ਹੈ,

ਜਿਸ ਨੂੰ ਸਮੁੱਚੇ ਪੰਜਾਬੀ ਸਾਹਿਤ ਜਗਤ ਵਿਚ ਵੀ ਉਹੀ ਪ੍ਰਵਾਨਗੀ ਹੈ। ਉਹ ਪਿਛਲੇ ਪੰਜ ਦਹਾਕਿਆਂ ਤੋਂ ਨਿਰੰਤਰ ਸਾਹਿਤ ਸਾਧਨਾ ਕਰਦਾ ਆ ਰਿਹਾ ਹੈ। ਉਸਦੇ ਹਥਲੇ ਕਹਾਣੀ-ਸੰਗ੍ਰਹਿ ਵਿਚ ਉਸ ਦੀਆਂ 22 ਕਹਾਣੀਆਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਦੇਸ਼ ਵੰਡ ਦੀ ਇਤਿਹਾਸਕ ਘਟਨਾ ਨਾਲ ਸੰਬੰਧਿਤ ਹਨ। ਦੇਸ਼ ਵੰਡ ਹਿੰਦੁਸਤਾਨ ਦੇ ਇਤਿਹਾਸ ਦਾ ਅਜੇਹਾ ਜ਼ਖ਼ਮ ਹੈ, ਜੋ ਸੱਤ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ 'ਤੇ ਲੋਕ ਮਨਾਂ ਵਿਚੋਂ ਮਨਫ਼ੀ ਨਹੀਂ ਹੋ ਰਿਹਾ, ਨਿਰੰਤਰ ਜਿਊਂਦਾ-ਜਾਗਦਾ ਤੇ ਨਾਸੂਰ ਬਣਕੇ ਰਿਸਦਾ ਆ ਰਿਹਾ ਹੈ। ਲੇਖਕ ਆਪਣੀਆਂ ਕਹਾਣੀਆਂ ਵਿਚ ਇਕ ਗ਼ੈਰ-ਕੁਦਰਤੀ ਵੰਡ ਦੇ ਕਾਰਨਾਂ ਦੀ ਪੁਣ-ਛਾਣ ਕਰਨ ਦੀ ਥਾਂ ਇਸਦੇ ਇਨਸਾਨੀ ਰਿਸ਼ਤਿਆਂ ਉਪਰ ਪਏ ਮਾਰੂ ਪ੍ਰਭਾਵਾਂ ਦੇ ਅਸਰ ਨੂੰ ਪੇਸ਼ ਕਰਦਾ ਹੈ। ਦੂਸਰੇ, ਜੰਮੂ-ਕਸ਼ਮੀਰ ਵਿਚਲੀ ਦਹਿਸ਼ਤਗਰਦੀ ਤੇ ਉਥੋਂ ਦੇ ਲੋਕਾਂ ਦੀ ਬੇਗਾਨਗੀ ਵਾਲੀ ਮਾਨਸਿਕਤਾ ਨੂੰ ਇਕ ਕੇਂਦਰੀ ਵਿਸ਼ੇ ਵਜੋਂ ਪੇਸ਼ ਕਰਦਾ ਹੈ। ਤੀਸਰੇ, ਅਜੋਕਾ ਸੰਕੀਰਣਤਾ ਵਾਲਾ ਵਾਤਾਵਰਣ ਇਸ ਬੇਗਾਨਗੀ ਨੂੰ ਘੱਟ ਕਰਨ ਦੀ ਥਾਂ ਹੋਰ ਵਧਾਉਣ ਵਿਚ ਸਹਾਈ ਹੋ ਰਿਹਾ ਹੈ। ਇਹ ਕਹਾਣੀ-ਸੰਗ੍ਰਹਿ ਉਪਰੋਕਤ ਪ੍ਰਸੰਗਾਂ ਵਿਚ ਮਾਨਵੀ ਰਿਸ਼ਤਿਆਂ ਦੀਆਂ ਤ੍ਰਾਸਦੀਆਂ ਦਾ ਦਸਤਾਵੇਜ਼ ਹੈ।

**ਅਵਤਾਰ ਸਿੰਘ ਬਿਲਿੰਗ ਦੇ ਨਾਵਲ: ਸੰਵਾਦ ਅਤੇ ਸਮੀਖਿਆ (ਆਲੋਚਨਾ)**

**ਪਰਗਟ ਸਿੰਘ ਬਰਾੜ**

**ਤਾਲਿਫ਼ ਪ੍ਰਕਾਸ਼ਨ, ਬਰਨਾਲਾ,**

**ਪੰਨੇ 127, ਕੀਮਤ 130**

ਪਰਗਟ ਸਿੰਘ ਦੀ ਇਹ ਪਹਿਲੀ ਆਲੋਚਨਾ ਪੁਸਤਕ ਹੈ ਜਿਸ ਵਿਚ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਦੇ ਸਮੁੱਚੇ ਨਾਵਲਾਂ ਬਾਰੇ ਚਰਚਾ ਕੀਤੀ ਗਈ ਹੈ। ਸਮੁੱਚੀ ਪੁਸਤਕ ਨੂੰ 10 ਅਧਿਆਵਾਂ ਵਿਚ ਸਮੇਟਿਆ ਗਿਆ ਹੈ। ਪਹਿਲਾ ਅਧਿਆਇ ਉਸਦੀਆਂ ਕਹਾਣੀਆਂ ਦੀ ਤੇ ਨਾਵਲਾਂ ਦੀ ਸੰਖੇਪ ਜਾਣ-ਪਛਾਣ ਨਾਲ ਸੰਬੰਧਿਤ ਹੈ। ਉਸ ਤੋਂ ਬਾਅਦ ਉਸਦੇ ਅੱਠ ਨਾਵਲਾਂ ਨੂੰ ਵੱਖ-ਵੱਖ ਅਧਿਆਇ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਖੀਰ ਵਿਚ ਲੇਖਕ ਨਾਲ ਇਕ ਮੁਲਾਕਾਤ ਤੋਂ ਇਲਾਵਾ ਡਾ. ਮਹਿਲ ਸਿੰਘ ਤੇ ਡਾ. ਪਰਦੀਪ ਕੌੜਾ ਦੀਆਂ ਲਿਖੀਆਂ ਭੂਮਿਕਾਵਾਂ ਦੀ ਪੁਸਤਕ ਦਾ ਹਿੱਸਾ ਹਨ। ਪਹਿਲੀ ਪੁਸਤਕ ਹੋਣ ਦੇ ਬਾਵਜੂਦ ਆਲੋਚਕ ਨੇ ਬਿਲਿੰਗ ਦੇ ਨਾਵਲਾਂ ਦੇ ਵਿਭਿੰਨ ਪਾਸਾਰਾਂ ਨੂੰ ਬਾਖ਼ੂਬੀ ਸਮਝਿਆ ਤੇ ਪੇਸ਼ ਕੀਤਾ ਹੈ। ਜੇਕਰ ਵਿਦਵਾਨ ਆਲੋਚਕ ਨਾਵਲਾਂ ਨੂੰ ਸਿਰਲੇਖਵਾਰ ਅਧਿਐਨ ਕਰਨ ਦੀ ਥਾਂ ਵਿਸ਼ਿਆਂ ਵਿਚ ਵੰਡ ਕੇ ਅਧਿਐਨ ਕਰਦਾ ਤਾਂ ਬਹੁਤ ਸਾਰੇ ਦੁਹਰਾਵਾਂ ਤੋਂ ਬਚਿਆ ਜਾ ਸਕਦਾ ਸੀ, ਕਿਉਂਕਿ ਨਾਵਲਾਂ ਦੇ ਵਿਸ਼ੇ ਪੇਂਡੂ ਜੀਵਨ ਨਾਲ ਸਬੰਧਿਤ ਹੋਣ ਕਰਕੇ ਹਰ ਪਾਠ ਦੇ ਅਧਿਐਨ ਵਿਚ ਬਹੁਤ ਕੁਝ ਸਾਂਝਾ ਵੀ ਹੁੰਦਾ ਹੈ। ਦੂਸਰੇ, ਪੁਸਤਕ ਦਾ ਪਹਿਲਾ ਅਧਿਆਇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਕੁਝ ਦੇਰ ਪਹਿਲਾਂ ਹੀ ਲਿਖ ਲਿਆ ਗਿਆ ਸੀ। ਉਸ ਵਿਚ ਕਹਾਣੀਆਂ ਤੇ ਨਾਵਲਾਂ ਦੀ ਸੰਖੇਪ ਜਾਣ-ਪਛਾਣ ਹੈ ਪਰ ਨਵੇਂ ਨਾਵਲ 'ਰਿਜ਼ਕ' ਦਾ ਜ਼ਿਕਰ ਨਹੀਂ, ਜਦਕਿ ਪੁਸਤਕ ਵਿਚ ਉਸ ਬਾਰੇ ਪੂਰਾ ਇਕ ਚੈਪਟਰ ਹੈ। ਅਜਿਹੀਆਂ ਲਾਪ੍ਰਵਾਹੀਆਂ ਗੰਭੀਰ ਅਧਿਐਨ ਦਾ ਅਕਸ ਵਿਗਾੜਦੀਆਂ ਹਨ।

**-ਪ੍ਰੋ. ਕੁਲਵੰਤ ਸਿੰਘ ਸੰਧੂ**

## ਪਾਠਕ ਪ੍ਰਤੀਕਿਰਿਆ

ਮੇਰੀ ਨਜ਼ਰ ਵਿੱਚ ਪ੍ਰਵਚਨ ਅਪ੍ਰੈਲ-ਜੂਨ ਅੰਕ

'ਪ੍ਰਵਚਨ' ਮੈਗਜ਼ੀਨ ਦਾ ਅਪ੍ਰੈਲ-ਜੂਨ ਅੰਕ ਸਾਡੇ ਹੱਥਾਂ ਵਿੱਚ ਹੈ। ਡਾਕਟਰ ਰਜਨੀਸ਼ ਬਹਾਦਰ ਸਿੰਘ ਨੇ ਇਸ ਦੀ ਸੰਪਾਦਕੀ ਵਿੱਚ ਪ੍ਰਾਰੰਭਿਕ ਮਨੁੱਖ ਦੇ ਕੁਦਰਤ ਨਾਲ ਸੰਘਰਸ਼ਾਂ, ਸਮਾਜਿਕ ਵਿਕਾਸ, ਫਲਸਫੇ, ਵਿਚਾਰ, ਸਾਹਿਤ ਦੀ ਸਿਰਜਣਕਾਰੀ , ਮਾਨਵੀ ਜੀਵਨ ਮੁੱਲਾਂ ਦੇ ਪੜਾ-ਦਰ-ਪੜਾ ਵਿਕਾਸ ਦੀ ਚਰਚਾ ਕਰਦਿਆਂ ਅੱਜ ਤੱਕ ਦੇ ਸਮਾਜਿਕ ਸਰੋਕਾਰਾਂ ਨਾਲ ਰਾਬਤਾ ਅਤੇ ਮਨੁੱਖੀ ਸਮਾਜ ਵਲੋਂ ਹਰ ਵਰਤਾਰੇ ਬਾਰੇ ਉਸ ਦੇ ਪ੍ਰਤੀਕਰਮ ਦਾ ਬੌਧਿਕਤਾ ਪ੍ਰਧਾਨ ਉਲੇਖ ਕੀਤਾ ਹੈ। ਖਾਸ ਕਰਕੇ ਸੱਤਾ ਵੱਲੋਂ ਜਿਵੇਂ ਹਰ ਤਰ੍ਹਾਂ ਦੀ ਵਿਰੋਧੀ ਸੁਰ ਨੂੰ ਪੈਰਾਂ ਹੇਠ ਲਿਤਾੜ ਕੇ ਕੇਵਲ ਭਗਵੀਂ ਡੁਗਡੁਗੀ ਵਜਾ ਕੇ 370 ਧਾਰਾ ਖਤਮ ਕਰਕੇ ਅਤੇ 311, NCR ਅਤੇ NPR ਜਿਹੇ ਬਦਨਾਮ ਕਾਨੂੰਨ ਲਾਗੂ ਕਰਕੇ ਇਕ ਮੁਲਕ, ਇਕ ਭਾਸ਼ਾ, ਇਕ ਸਭਿਆਚਾਰ, ਇਕ ਕਾਨੂੰਨ (ਮਨੂ ਸਿਮਰਤੀ) ਲਾਗੂ ਕਰਨ ਦੇ ਖਦਸ਼ੇ ਅਤੇ ਖਤਰੇ ਵੱਲ ਉਂਗਲ ਉਠਾ ਕੇ, ਸਾਡੀ ਲੇਖਕਾਂ, ਬੁਧੀਜੀਵੀਆਂ ਦੀ ਬੌਧਿਕ ਕੰਗਾਲੀ ਵੱਲ ਵੀ ਧਿਆਨ ਦਿਵਾਇਆ ਹੈ। ਚੌਥੀ ਪੀੜ੍ਹੀ ਦੇ ਗਿਣਤੀ ਦੇ ਲੇਖਕ ਇਨ੍ਹਾਂ ਬਦਇੰਤਜ਼ਾਮੀਆਂ ਅਤੇ ਕਟੱੜਪੰਥੀ ਧਾਰਮਿਕਤਾ ਅਤੇ ਸਰਕਾਰੀ ਆਪ ਹੁਦਰੀਆਂ ਤੋਂ ਚਿੰਤਤ ਹਨ ਜੋ ਆਪਣੀਆਂ ਲਿਖਤਾਂ ਰਾਹੀਂ ਇਸ ਦਾ ਪ੍ਰਗਟਾਵਾ ਵੀ ਕਰਦੇ ਹਨ, ਪਰ ਬਹੁਤੇ ਸਾਹਿਤ ਵਿੱਚ ਇਹ ਸੁਰ ਗੁੰਮ ਹੈ। ਖਾਸ ਕਰਕੇ ਨਵੀਂ ਕਵਿਤਾ ਕਹਾਣੀ ਇੱਧਰ ਉੱਧਰ ਭਟਕਦੀ ਸਮਾਜਿਕ ਰਾਜਨੀਤਕ ਸਰੋਕਾਰਾਂ ਤੋ ਅਣਭਿੱਜ ਅਤੇ ਵਿਅਕਤੀ ਕੇਂਦਰਿਤ ਹੋ ਕੇ ਰਹਿ ਗਈ ਹੈ ਜੋ ਜ਼ਿਆਦਾਤਰ ਫੇਸਬੁੱਕ ਉਪਰ ਦਿਖਾਈ ਦਿੰਦੀ ਹੈ। ਬਹੁਤਾ ਕੁੱਝ ਬੇਕਾਰ ਕਿਸਮ ਦਾ ਲਿਖਿਆ ਜਾ ਰਿਹਾ ਹੈ, ਭਾਵ ਸਮਾਂ ਅਤੇ ਮੌਜੂਦਾ ਹਾਲਾਤ ਉਸ ਵਿੱਚੋਂ ਮਨਫੀ ਹਨ।


ਆਲੋਚਨਾ ਨਾਲ ਸਬੰਧਤ ਡਾ. ਪਰਮਜੀਤ ਕੌਰ ਸਿੱਧੂ ਦਾ ਭਾਈ ਵੀਰ ਸਿੰਘ ਦੇ ਨਾਵਲਾਂ ਬਾਰੇ, ਦਰਸ਼ਨ ਧੀਰ ਦੇ ਨਾਵਲ ਅਜਮਾਇਸ਼ ਦੀ ਬਿਰਤਾਂਤਕਾਰੀ, ਬਲਬੀਰ ਪਰਵਾਨਾ ਦੀ ਸਾਹਿਤਕਾਰੀ ਉੱਪਰ ਨਵਜੋਤ ਕੌਰ ਦੇ ਲੇਖ ਗੌਲਣਯੋਗ ਹਨ। ਸੁਪ੍ਰਸਿੱਧ ਨਾਵਲਕਾਰ ਮਨਮੋਹਨ ਬਾਵਾ ਰਚਿਤ ਕਹਾਣੀ 'ਊਧਮ ਸਿੰਘ ਦੀ ਜੱਸੀ' ਅਤੇ ਬਹੁਤੀਆਂ ਥਾਵਾਂ ਤੇ ਡਰ ਅਧੀਨ ਨਾ ਛਾਪੀ ਗਈ ਭਗਵੇਂਕਰਨ ਦੀਆਂ ਲੀਰਾਂ ਉਧੇੜਦੀ ਅਤਰਜੀਤ ਦੀ ਕਹਾਣੀ 'ਸਾਡੇ ਹਿੱਸੇ ਦਾ ਹਿੰਦੁਸਤਾਨ' ਸ਼ਾਮਲ ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀ ਮੁਲਵਾਨ ਸਮੱਗਰੀ ਨਾਲ ਸਜਿਆ ਇਹ ਅੰਕ ਪੜ੍ਹਿਆ ਜਾਣਾ ਚਾਹੀਦਾ ਹੈ ।

**-ਅਤਰਜੀਤ**

ਡਾ. ਸਾਹਿਬ ਪ੍ਰਵਚਨ ਪਹੁੰਚ ਗਿਆ ਹੈ...ਨਾਵਲ ਬਾਰੇ ਕੁਲਵੰਤ ਹੁਰਾਂ ਚੰਗਾ ਲਿਖਿਆ।

**-ਭਗਵੰਤ ਰਸੂਲਪੁਰੀ**

ਸੰਪਾਦਕ ਸਾਹਿਬ, ਅੰਕ 79 ਮੇਰੇ ਸਾਹਮਣੇ ਹੈ। ਤਿੰਨੇ ਆਲੋਚਨਾ ਦੇ ਲੇਖ ਵਧੀਆ ਹਨ। ਕਹਾਣੀਆਂ ਵੀ ਪੜ੍ਹਨਯੋਗ ਹਨ। ਕਵਿਤਾਵਾਂ ਵਾਲਾ ਭਾਗ ਅਤੇ ਰਿਵੀਊ ਬਹੁਤ ਵਧੀਆ ਹਨ। ਨਵੇਂ ਕਵੀਆਂ ਦੀਆਂ ਕਵਿਤਾਵਾਂ ਧਿਆਨ ਖਿੱਚਦੀਆਂ ਹਨ। ਸੰਪਾਦਕੀ ਵਿਚਲੇ ਨੁਕਤੇ ਮਹੱਤਵਪੂਰਨ ਹਨ। -ਗੁਰਮੇਲ ਸਿੰਘ ਮੁਹਾਲੀ




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਣ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ। ਡਾ. ਰਜਨੀਸ਼ ਬਹਾਦਰ ਦੀ ਇਹ ਪੁਸਤਕ ਪੰਜਾਬੀ ਨਾਵਲ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ।

**-ਡਾ. ਸੁਰਜੀਤ**

**ਪ੍ਰਕਾਸ਼ਕ:** ਚੇਤਨਾ ਪ੍ਰਕਾਸ਼ਨ, ਲੁਧਿਆਣਾ
**ਪੰਨੇ**, 208 **ਕੀਮਤ:** 325 **ਰੁਪਏ**